# ਯੋਜਨਾ

**ਸਾਲ 34 • ਅੰਕ 8 • ਅਗਸਤ 2017 • ਕੁੱਲ ਪੰਨੇ 56**



ਮੁੱਖ ਸੰਪਾਦਕ

**ਦੀਪਿਕਾ ਕੱਛਲ**

ਸੰਪਾਦਕ

**ਗਗਨਦੀਪ ਕੌਰ ਦੇਵਗਨ**

**ਸੰਪਾਦਕੀ ਦਫ਼ਤਰ**

ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ,
ਸੀ.ਜੀ.ਓ. ਕੰਪਲੈਕਸ ਲੋਧੀ ਰੋਡ, ਨਵੀਂ ਦਿੱਲੀ-110003
ਫ਼ੋਨ : 011-224365922
ਈਮੇਲ : yojanapunjabi@yahoo.com
ਵੈੱਬਸਾਈਟ : www.yojana.gov.in
www.publicationsdivision.nic.in
https//www.facebook.com/pages/yojana-journal

ਸੰਯੁਕਤ ਨਿਦੇਸ਼ਕ (ਉਤਪਾਦਨ)

**ਵੀ.ਕੇ. ਮੀਨਾ**

ਬਿਜ਼ਨਸ ਮੈਨੇਜਰ

**ਸੂਰੀਆਕਾਂਤ ਸ਼ਰਮਾ**

ਫ਼ੋਨ: 011-24367260 ਫੈਕਸ : 011-24365609
(ਸਰਕੂਲੇਸ਼ਨ ਤੇ ਵਿਗਿਆਪਨ)

**ਜਰਨਲ ਯੂਨਿਟ**

ਪ੍ਰਕਾਸ਼ਨ ਵਿਭਾਗ, ਸੂਚਨਾ ਤੇ ਪ੍ਰਸਾਰਨ ਮੰਤਰਾਲਾ,
ਕਮਰਾ ਨੰ. 48-53, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,
ਲੋਧੀ ਰੋਡ, ਨਵੀਂ ਦਿੱਲੀ-110003
ਈਮੇਲ : *pdjucir@gmail.com*

ਕਵਰ : **ਜੀ.ਪੀ.ਧੋਪੇ**


## ਇਸ ਅੰਕ ਵਿਚ


- ਸੰਪਾਦਕੀ – 4
- ਜੀ ਐੱਸ ਟੀ ਨਿਜ਼ਾਮ : ਮੇਕ ਇਨ ਇੰਡੀਆ ਨੂੰ ਵੱਡਾ ਹੁਲਾਰਾ – ਅਰੁਨ ਗੋਇਲ 5
- ਇਕ ਦੇਸ਼ ਇਕ ਕਰ ਦੇ ਮੂਲ ਮੰਤਰ ਉਤੇ ਅਮਲ – ਟੀ ਐੱਨ ਅਸ਼ੋਕ 9
- ਜੀ ਐੱਸ ਟੀ : ਨਵੇਂ ਯੁੱਗ ਦੀ ਸ਼ੁਰੂਆਤ – ਉਪੇਂਦਰ ਗੁਪਤਾ 14
- ਮਜ਼ਬੂਤ ਆਈ ਟੀ ਰੀੜ੍ਹ ਦੀ ਹੱਡੀ ਵਿਕਸਤ ਕਰਨਾ – ਪ੍ਰਕਾਸ਼ ਕੁਮਾਰ 17
- ਜੀ ਐੱਸ ਟੀ ਅਤੇ ਖਪਤਕਾਰਾਂ ਲਈ ਇਸ ਦਾ ਅਰਥ – ਸੂਰਜ ਜੈਸਵਾਲ 20
- ਵਸਤੂ ਤੇ ਸੇਵਾ ਕਰ ਅਤੇ ਵਪਾਰ ਕਰਨ ਦੀ ਸੌਖ ਉਤੇ ਇਸ ਦਾ ਪ੍ਰਭਾਵ – ਦਾਨਿਸ਼ ਏ ਹਾਸ਼ਿਮ – ਵਰਸ਼ਾ ਕੁਮਾਰੀ 24
- ਮੁਨਾਫਾਖੋਰੀ, ਜੀ ਐੱਸ ਟੀ ਲਾਗੂ ਕਰਨ ਵਿੱਚ ਚੁਨੌਤੀ – ਗਿਰੀਸ਼ ਚੰਦਰ ਪ੍ਰਸਾਦ 29
- ਵਸਤੂ ਅਤੇ ਸੇਵਾ ਕਰ : ਇਕ ਸੰਭਾਵਿਤ ਬਦਲਾਅ ਦਾ ਪ੍ਰਤੀਕ – ਦੇਵਰਾਜਾ ਰੈੱਡੀ 31
- ਫ਼ੈਡਰਲ ਮਾਲੀ ਸੰਬੰਧਾਂ ਵਿੱਚ ਸੰਤੁਲਨ – ਜੈਯੰਤਾ ਰਾਏ ਚੌਧਰੀ 35
- ਥੋੜ੍ਹੀਆਂ ਮੁਸ਼ਕਿਲਾਂ ਅਤੇ ਵਧੇਰੇ ਮੁਨਾਫ਼ਾ – ਰਿਸ਼ਭ ਕ੍ਰਿਸ਼ਨ ਸਕਸੇਨਾ 39
- ਜੀ ਐੱਸ ਟੀ ਅਨੇਕਾਂ ਮਸਲਿਆਂ ਦਾ ਇਕ ਹੱਲ – ਹਸਮੁਖ ਅਡੀਆ 42
- ਲਚੀਲੇ ਰੁਖ ਨਾਲ ਬਣੀ ਗੱਲ – ਪਾਇਲ ਸਕਸੇਨਾ 44
- ਜੀ ਐੱਸ ਟੀ : ਵਿਕਾਸ ਕਰਨ ਵਾਲਾ ਪ੍ਰਮੁੱਖ ਸਾਧਨ – ਪ੍ਰਕਾਸ਼ ਚਾਵਲਾ 50
- ਕੰਪੋਜ਼ੀਸ਼ਨ ਯੋਜਨਾ – 52
- ਕੀ ਤੁਸੀਂ ਜਾਣਦੇ ਹੋ? – 53



**_ਯੋਜਨਾ_ ਪੰਜਾਬੀ ਸਮੇਤ ਅਸਮੀਆ ਬਾਂਗਲਾ, ਅੰਗਰੇਜ਼ੀ, ਗੁਜਰਾਤੀ, ਕੰਨੜ, ਮਲਿਆਲਮ, ਮਰਾਠੀ, ਓਡੀਆ, ਤੇਲਗੂ ਤੇ ਉਰਦੂ ਭਾਸ਼ਾਵਾਂ ਵਿਚ ਵੀ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਪੱਤ੍ਰਿਕਾ ਮੰਗਾਉਣ ਵਾਸਤੇ, ਨਵੀਂ ਮੈਂਬਰਸ਼ਿਪ, ਨਵਿਆਉਣ, ਪੁਰਾਣੇ ਅੰਕਾਂ ਦੀ ਪ੍ਰਾਪਤੀ ਤੇ ਏਜੰਸੀ ਆਦਿ ਲਈ ਮਨੀਆਰਡਰ/ਡੀਮਾਂਡ ਡ੍ਰਾਫਟ/ਪੋਸਟਲ ਆਰਡਰ 'ADG(i/c), Publications Division' ਦੇ ਨਾਂ 'ਤੇ ਬਣਵਾ ਕੇ ਹੇਠ ਲਿਖੇ ਪਤੇ 'ਤੇ ਭੇਜੋ। ਬਿਜ਼ਨਿਸ ਮੈਨੇਜਰ (ਸਰਕੂਲੇਸ਼ਨ ਤੇ ਵਿਗਿਆਪਨ) ਪ੍ਰਕਾਸ਼ਨ ਵਿਭਾਗ, ਕਮਰਾ ਨੰ: 48-53, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ-110003, ਫ਼ੋਨ-24367453, ਤਾਰ: ਸੂਚਨਾਪ੍ਰਕਾਸ਼ਨ**

ਮੈਂਬਰ ਬਣਨ ਤੇ ਪੱਤ੍ਰਿਕਾ ਮੰਗਵਾਉਣ ਲਈ ਤੁਸੀ ਸਾਡੇ ਹੇਠਲੇ ਵਿੱਕਰੀ ਕੇਂਦਰਾਂ ਨਾਲ ਵੀ ਸੰਪਰਕ ਕਰ ਸਕਦੇ ਹੋ : • ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਨਵੀਂ ਦਿੱਲੀ -110003 (ਫ਼ੋਨ. 24365610) • ਹਾਲ ਨੰ. 196, ਪੁਰਾਣਾ ਸਕੱਤਰੇਤ, ਦਿੱਲੀ - 110054 (ਫ਼ੋਨ.23890205) • 701, ਬੀ-ਵਿੰਗ, ਕੇਂਦਰੀ ਸਦਨ, ਬੇਲਾਪੁਰ, ਨਵੀਂ ਮੁੰਬਈ-400614 (ਫ਼ੋਨ. 27570686 • 8 ਐਸਪਲੇਨੇਡ ਈਸਟ, ਕੋਲਕਾਤਾ - 700069 (ਫ਼ੋਨ. 22488030) • ਏ ਵਿੰਗ, ਰਾਜਾਜੀ ਭਵਨ, ਬੇਸੇਂਟ ਨਗਰ, ਚੇਨੱਈ - 600090 (ਫ਼ੋਨ. 24917673) • ਪ੍ਰੈੱਸ ਰੋਡ, ਨੇੜੇ ਗੌਰਮਿੰਟ ਪ੍ਰੈੱਸ, ਤਿਰੂਅਨੰਤਪੁਰਮ 695001 (ਫ਼ੋਨ. 2330650) • ਕਮਰਾ ਨੰ. 204, ਦੂਜੀ ਮੰਜ਼ਿਲ, ਸੀ.ਜੀ.ਓ. ਟਾਵਰ, ਕਵਾਦੀਗੁਡਾ, ਹੈਦਰਾਬਾਦ - 500080 (ਫ਼ੋਨ.24605383) • ਪਹਿਲੀ ਮੰਜ਼ਿਲ, 'ਐਫ' ਵਿੰਗ, ਕੇਂਦਰੀ ਸਦਨ, ਕੋਰਾਮੰਗਲਾ, ਬੰਗਲੁਰੂ - 560034 (ਫ਼ੋਨ. 25537244 • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪਥ, ਪਟਨਾ - 800004 (ਫ਼ੋਨ.2683407) • ਹਾਲ ਨੰ. 1, ਦੂਜੀ ਮੰਜ਼ਲ, ਕੇਂਦਰੀ ਭਵਨ, ਸੈਕਟਰ ਐੱਚ, ਅਲੀਗੰਜ, ਲਖਨਊ - 226024 (ਫ਼ੋਨ.2225455 • ਅੰਬਿਕਾ ਕੰਪਲੈਕਸ, ਪਹਿਲੀ ਮੰਜ਼ਿਲ, ਪਾਲਦੀ, ਅਹਿਮਦਾਬਾਦ - 380007 (ਫ਼ੋਨ. 26588669) • ਪੇਂਸ਼ਨ ਪਾਰਾ ਰੋਡ, ਹਾਊਸ ਨੰ:-4, ਪੀ ਓ, ਸਿਲਪੁਕਰੀ, ਗੁਵਾਹਟੀ - 781003 (ਫ਼ੋਨ. 2665090)

**ਚੰਦਾ ਦਰਾਂ : 1 ਸਾਲ ਰੁ.230, 2 ਸਾਲ ਰੁ.430, 3 ਸਾਲ ਰੁ.610 – _ਯੋਜਨਾ_ ਵਿਚ ਪ੍ਰਕਾਸ਼ਿਤ ਨਿਬੰਧਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਆਪਣੇ ਹਨ। ਜ਼ਰੂਰੀ ਨਹੀਂ ਕਿ ਉਹ ਲੇਖਕ ਭਾਰਤ ਸਰਕਾਰ ਦੇ ਜਿਨ੍ਹਾਂ ਮੰਤਰਾਲਿਆਂ, ਵਿਭਾਗਾਂ ਤੇ ਸੰਗਠਨਾਂ ਨਾਲ ਸੰਬੰਧਿਤ ਹਨ, ਉਨ੍ਹਾਂ ਦਾ ਵੀ ਇਹੀ ਦ੍ਰਿਸ਼ਟੀਕੋਨ ਹੋਵੇ। ਪੱਤ੍ਰਿਕਾ ਵਿਚ ਪ੍ਰਕਾਸ਼ਿਤ ਵਿਗਿਆਪਨਾਂ ਦੇ ਵਿਸ਼ਾ ਵਸਤੂ ਵਾਸਤੇ ਯੋਜਨਾ ਜਵਾਬਦੇਹ ਨਹੀਂ ਹੈ।**

## ਸੰਪਾਦਕੀ

# ਟਿਕਾਣਾ ਟੈਕਸ ਵੱਲ

ਕਿ 2017 ਭਾਰਤ ਦੇ ਇਤਿਹਾਸ ਵਿੱਚ ਇਕ ਬਹੁਤ ਹੀ ਅਹਿਮ ਸਾਲ ਗਿਣਿਆ ਜਾਵੇਗਾ ਕਿਉਂਕਿ ਇਸ ਸਾਲ 1 ਜੁਲਾਈ, 2017 ਤੋਂ ਵਸਤਾਂ ਅਤੇ ਸੇਵਾਵਾਂ ਕਰ ਇਕ ਸਚਾਈ ਬਣ ਰਿਹਾ ਹੈ। ਨਵੇਂ ਢਾਂਚੇ ਨੂੰ ਭਾਰਤ ਦੇ ਕਰ ਲਾਉਣ ਦੇ ਇਤਿਹਾਸ ਵਿੱਚ ਸਭ ਤੋਂ ਕ੍ਰਾਂਤੀਕਾਰੀ ਕਰ ਸੁਧਾਰ ਗਿਣਿਆ ਜਾ ਰਿਹਾ ਹੈ।

ਇਕ ਦੇਸ਼ ਦੀਆਂ ਮਜ਼ਬੂਤ ਕਰ ਨੀਤੀਆਂ ਉਸ ਦੇ ਮਜ਼ਬੂਤ ਪ੍ਰਬੰਧਨ ਅਤੇ ਨਿਰੰਤਰ ਵਿਕਾਸ ਦਾ ਸੰਕੇਤ ਹਨ। ਇਹ ਤੱਥ ਇਤਿਹਾਸਕ ਤੱਥ ਤੋਂ ਵੀ ਸਪੱਸ਼ਟ ਨਜ਼ਰ ਆਉਂਦਾ ਹੈ। ਸਾਰੇ ਸਫਲ ਸ਼ਾਸਕ ਵਧੀਆ ਪ੍ਰਸ਼ਾਸਕ ਵਜੋਂ ਜਾਣੇ ਜਾਂਦੇ ਸਨ ਅਤੇ ਉਨ੍ਹਾਂ ਨੇ ਆਪਣੇ ਸ਼ਾਸਨ ਵਿੱਚ ਸ਼ਾਨਦਾਰ ਮਾਲੀਆ ਵਸੂਲੀ ਪ੍ਰਣਾਲੀ ਲਾਗੂ ਕੀਤੀ ਹੋਈ ਸੀ। ਉਹ ਭਾਵੇਂ ਮੌਰੀਆ ਸਨ, ਗੁਪਤਾ ਸਨ, ਅਲਤਮਸ਼ ਜਾਂ ਅਕਬਰ ਸੀ। ਉਨ੍ਹਾਂ ਦਾ ਨਾਂ ਸਿਰਫ ਉਨ੍ਹਾਂ ਦੀ ਸਿਆਸੀ ਸਰਵਉੱਚਤਾ ਕਾਰਨ ਹੀ ਮਸ਼ਹੂਰ ਨਹੀਂ ਸੀ, ਸਗੋਂ ਉਨ੍ਹਾਂ ਵਲੋਂ ਅਪਣਾਈਆਂ ਗਈਆਂ ਟੈਕਸ ਲਾਉਣ ਦੀਆਂ ਨੀਤੀਆਂ ਕਾਰਨ ਵੀ ਮਸ਼ਹੂਰ ਸੀ।

ਕਰ ਆਮਦਨ ਅਤੇ ਵਿਕਾਸ ਦਾ ਸਾਧਨ ਹੋਣ ਤੋਂ ਇਲਾਵਾ ਰਾਜ ਨੂੰ ਕਰਦਾਤਿਆਂ ਪ੍ਰਤਿ ਜਵਾਬਦੇਹ ਵੀ ਬਣਾਉਂਦਾ ਹੈ। ਪ੍ਰਭਾਵੀ ਕਰ ਲਾਉਣਾ ਇਹ ਯਕੀਨੀ ਬਣਾਉਂਦਾ ਹੈ ਕਿ ਜਨਤਕ ਪੈਸਾ ਲੰਬੇ ਸਮੇਂ ਤੱਕ ਸਮਾਜਿਕ ਟੀਚਿਆਂ ਦੀ ਹਮਾਇਤ ਕਰੇ ਅਤੇ ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰੇ। ਭਾਰਤੀ ਕਰ ਪ੍ਰਣਾਲੀ ਦਾ ਗੁੰਝਲਦਾਰ ਹੋਣਾ ਕਰ ਲਾਉਣ ਦੀ ਦੁਨੀਆਂ ਦੇ ਦਿਮਾਗ ਵਿੱਚ ਛਾਇਆ ਰਹਿੰਦਾ ਹੈ। ਕੇਂਦਰ, ਰਾਜਾਂ ਅਤੇ ਸਥਾਨਕ ਸੰਸਥਾਵਾਂ ਕੋਲ ਟੈਕਸ ਲਗਾਉਣ ਦਾ ਅਧਿਕਾਰ ਹੋਣ ਕਾਰਨ ਆਮ ਵਿਅਕਤੀ ਤੋਂ ਲੈ ਕੇ ਨਿਰਮਾਤਾ ਅਤੇ ਵਪਾਰੀ ਨੇ ਹਮੇਸ਼ਾ ਹੀ ਬਹੁਮੁਖੀ ਟੈਕਸਾਂ ਦਾ ਬੋਝ ਮਹਿਸੂਸ ਕੀਤਾ ਹੈ। ਇਨ੍ਹਾਂ ਸਾਰੇ ਸਾਲਾਂ ਵਿੱਚ ਟੈਕਸ ਵੱਖ-ਵੱਖ ਪੱਧਰਾਂ ਉਤੇ ਇਕੱਠੇ ਕੀਤੇ ਜਾਂਦੇ ਸਨ। ਇਹ ਵਸਤਾਂ ਤਿਆਰ ਹੋਣ ਦੇ ਸਥਾਨ ਤੋਂ ਲੈ ਕੇ ਉਸ ਦੇ ਅੰਤਿਮ ਪਹੁੰਚ ਟਿਕਾਣੇ ਤੱਕ ਵਸੂਲੇ ਜਾਂਦੇ ਸਨ। ਇਸ ਲਈ ਆਮ ਤੌਰ ਤੇ ਵਸਤਾਂ ਅਤੇ ਸੇਵਾਵਾਂ ਉੱਤੇ ਕਈ ਵਾਰੀ ਟੈਕਸ ਲਗਦਾ ਸੀ। ਉਹ ਵਸਤਾਂ ਜੋ ਕਿ ਇਕ ਰਾਜ ਤੋਂ ਬਾਹਰ ਜਾਂਦੀਆਂ ਸਨ, ਆਮ ਤੌਰ ਤੇ ਕਈ ਘੰਟਿਆਂ ਲਈ ਟੈਕਸ ਅਦਾ ਕਰਨ ਲਈ ਸਰਹੱਦਾਂ ਉਤੇ ਰੋਕ ਲਿਆ ਜਾਂਦਾ ਸੀ ਜਿਸ ਨਾਲ ਇਕ ਤਾਂ ਵਸਤਾਂ ਖਰਾਬ ਹੋ ਜਾਂਦੀਆਂ ਸਨ ਅਤੇ ਦੂਸਰਾ ਟ੍ਰਾਂਸਪੋਰਟੇਸ਼ਨ ਦੀ ਲਾਗਤ ਵਧਦੀ ਸੀ।

ਨਵੇਂ ਢਾਂਚੇ ਦਾ ਉਦੇਸ਼ ਦੇਸ਼ ਵਿੱਚ ਟੈਕਸ ਦ੍ਰਿਸ਼ ਵਿੱਚ ਤਬਦੀਲੀ ਕਰਨਾ ਅਤੇ ਉਸ ਨੂੰ ਦੇਸ਼ ਭਰ ਵਿੱਚ ਸਪਲਾਈ ਲਈ ਵਸਤਾਂ ਅਤੇ ਸੇਵਾਵਾਂ ਉੱਤੇ ਇਕ ਹੀ ਟੈਕਸ ਵਿੱਚ ਤਬਦੀਲੀ ਕਰਨਾ ਸੀ। ਜੀ ਐੱਸ ਟੀ ਵਸਤਾਂ ਤੇ ਸੇਵਾਵਾਂ ਉੱਤੇ ਇਕ ਅਜਿਹਾ ਟੈਕਸ ਹੈ ਜਿਸ ਨੂੰ 'ਟਿਕਾਣਾ ਟੈਕਸ' ਵਜੋਂ ਜਾਣਿਆ ਜਾਂਦਾ ਹੈ ਅਤੇ ਇਹ ਪਹੁੰਚ ਵਾਲੇ ਸਥਾਨ ਉੱਤੇ ਅਦਾ ਕੀਤਾ ਜਾਵੇਗਾ। ਉਦਾਹਰਣ ਵਜੋਂ ਕੱਪੜੇ ਉੱਤੇ ਟੈਕਸ ਉਸ ਜਗ੍ਹਾ 'ਤੇ ਵਸੂਲਿਆ ਜਾਵੇਗਾ ਜਿਥੇ ਕਿ ਕੱਪੜਾ ਵੇਚਿਆ ਜਾਵੇਗਾ। ਇਹ ਪਿਛਲੇ ਪ੍ਰਸ਼ਾਸਨ ਦੇ ਉਲਟ ਹੈ ਜਿਥੇ ਕਿ ਟੈਕਸਾਂ ਦੀ ਸ਼ੁਰੂਆਤ ਨਿਰਮਾਣ ਤੋਂ ਲੈ ਕੇ ਟ੍ਰਾਂਸਪੋਰਟੇਸ਼ਨ ਅਤੇ ਅੰਤ ਵਿੱਚ ਵਿਕਣ ਵਾਲੀ ਜਗ੍ਹਾ ਤੇ ਹੁੰਦੀ ਸੀ। ਇਸ ਦਾ ਮਤਲਬ ਇਹ ਹੈ ਕਿ ਬਹੁਤ ਸਾਰੀਆਂ ਵਸਤਾਂ ਉੱਤੇ ਕਈ ਵਾਰੀ ਕਰ ਲਗਦਾ ਸੀ ਅਤੇ ਖਪਤਕਾਰ ਨੂੰ ਉਨ੍ਹਾਂ ਸਾਰੇ ਕਰਾਂ ਦਾ ਪਤਾ ਹੀ ਨਹੀਂ ਹੁੰਦਾ ਸੀ, ਜੋ ਉਹ ਅਦਾ ਕਰਦਾ ਸੀ। ਇਕਹਿਰੀ ਕਰ ਪ੍ਰਣਾਲੀ ਨਾਲ ਇਸ ਤਰ੍ਹਾਂ ਖਪਤਕਾਰ ਨੂੰ ਲਾਭ ਪਹੁੰਚਾਇਆ ਕਿਉਂਕਿ ਉਸ ਨੂੰ ਬਹੁਤ ਵਾਰੀ ਟੈਕਸ ਅਦਾ ਨਹੀਂ ਕਰਨਾ ਪਵੇਗਾ ਅਤੇ ਕੀਮਤਾਂ ਵਿੱਚ ਕਮੀ ਆਵੇਗੀ। ਇਸ ਪਾਰਦਰਸ਼ੀ ਸਥਿਤੀ ਕਾਰਨ ਜੀ ਐੱਸ ਟੀ ਨੂੰ ਲਾਗੂ ਕਰਨਾ ਅਸਾਨ ਹੋਵੇਗਾ। ਇਸ ਨਾਲ 'ਮੇਕ ਇਨ ਇੰਡੀਆ' ਨੂੰ ਭਰਵਾਂ ਹੁੰਗਾਰਾ ਮਿਲੇਗਾ ਅਤੇ ਵਪਾਰ ਕਰਨਾ ਸੁਖਾਲਾ ਹੋਵੇਗਾ। ਭਾਰਤ ਵਲੋਂ ਵਿਸ਼ਵ ਆਰਥਿਕਤਾ ਵਿੱਚ ਅਹਿਮ ਭੂਮਿਕਾ ਨਿਭਾਉਣ ਦੀ ਆਸ ਕੀਤੀ ਜਾਂਦੀ ਹੈ ਇਸ ਲਈ ਜੀ ਐੱਸ ਟੀ ਵੀ ਇਕ ਸਥਿਤੀ ਬਦਲਣ ਵਾਲਾ ਸਿੱਧ ਹੋਵੇਗਾ ਕਿਉਂਕਿ ਇਸ ਨਾਲ ਭਾਰਤੀ ਉਤਪਾਦ ਦੇਸ਼ ਵਿੱਚ ਹੀ ਨਹੀਂ ਸਗੋਂ ਅੰਤਰਰਾਸ਼ਟਰੀ ਮੰਡੀਆਂ ਵਿੱਚ ਵੀ ਮੁਕਾਬਲੇਬਾਜ਼ੀ ਸਿੱਧ ਹੋਣਗੇ ਜਿਸ ਨਾਲ ਬਰਾਮਦਾਂ ਵਿੱਚ ਸਮੁੱਚੇ ਤੌਰ ਤੇ ਵਾਧਾ ਹੋਵੇਗਾ।

ਇਸ ਵਿਸ਼ਾਲ ਤਰ੍ਹਾਂ ਦੇ ਢਾਂਚੇ ਲਈ ਕਾਫੀ ਮਜ਼ਬੂਤ ਆਈ ਟੀ ਢਾਂਚਾ ਆਧਾਰ ਦੀ ਲੋੜ ਹੈ। ਵਸਤਾਂ ਅਤੇ ਸੇਵਾਵਾਂ ਟੈਕਸ ਨੈੱਟਵਰਕ (ਜੀ ਐੱਸ ਟੀ ਐੱਨ) ਇਸੇ ਉਦੇਸ਼ ਲਈ ਕਾਇਮ ਕੀਤਾ ਗਿਆ ਹੈ। ਇਸ ਵਲੋਂ ਇਸ ਵੱਡੇ ਸੁਧਾਰ ਨੂੰ ਆਪਣੇ ਮਜ਼ਬੂਤ ਢਾਂਚੇ ਰਾਹੀਂ ਸਫਲ ਬਣਾਇਆ ਜਾਵੇਗਾ। ਇਕ ਵਾਰੀ ਲਾਗੂ ਹੋ ਗਿਆ ਤਾਂ ਇਹ ਬੇਮਿਸਾਲ ਟੈਕਸ ਸੁਧਾਰ ਭਾਰਤੀ ਆਰਥਿਕਤਾ ਦੇ ਨਿਰੰਤਰ ਵਿਕਾਸ ਲਈ ਕਾਫੀ ਅਹਿਮ ਸਿੱਧ ਹੋਵੇਗਾ। ਇਹ ਇਕ ਸਾਂਝੀ ਰਾਸ਼ਟਰੀ ਮਾਰਕੀਟ ਕਾਇਮ ਕਰਨ ਵਿੱਚ ਮਦਦ ਕਰੇਗਾ ਤਾਂ ਕਿ "ਇਕ ਦੇਸ਼, ਇਕ ਕਰ, ਇਕ ਮਾਰਕੀਟ" ਦਾ ਸੁਪਨਾ ਸਾਕਾਰ ਹੋ ਸਕੇ।


**– ਮੁੱਖ ਸੰਪਾਦਕ**

# ਜੀ ਐੱਸ ਟੀ ਨਿਜ਼ਾਮ - ਮੇਕ ਇਨ ਇੰਡੀਆ ਨੂੰ ਵੱਡਾ ਹੁਲਾਰਾ

ਅਰੁਨ ਗੋਇਲ

ਭਾਰਤ ਦੀ ਸੰਸਦ ਦੇ ਕੇਂਦਰੀ ਹਾਲ ਵਿੱਚ 30 ਜੂਨ ਦੀ ਅੱਧੀ ਰਾਤ ਨੂੰ, ਭਾਰਤ ਦੇ ਰਾਸ਼ਟਰਪਤੀ ਸ਼੍ਰੀ ਪ੍ਰਣਬ ਮੁਖਰਜੀ ਦੀ ਹਾਜ਼ਰੀ ਵਿੱਚ, ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਵਲੋਂ ਵਸਤੂ ਤੇ ਸੇਵਾ ਕਰ ਦੀ ਸ਼ੁਰੂਆਤ ਕਰ ਦਿੱਤੀ ਗਈ। ਇਹ ਵਾਕਈ ਇਕ ਇਤਿਹਾਸਕ ਘੜੀ ਸੀ, ਇਕ ਮਿਸਾਲੀ ਬਦਲਾਅ ਕਿਉਂਕਿ ਭਾਰਤ ਨੇ ਇਕ ਦੇਸ਼ ਇਕ ਕਰ, ਇਕ ਬਾਜ਼ਾਰ ਵੱਲ ਕਦਮ ਵਧਾ ਲਏ ਸਨ। ਵਿਸ਼ਵ ਅਨੁਭਵ ਨੇ ਦਿਖਾਇਆ ਹੈ ਕਿ ਵਸਤੂ ਤੇ ਸੇਵਾ ਕਰ ਉਤੇ ਅਮਲ ਕਰਨ ਨਾਲ ਸਾਰੇ ਹਿਤਧਾਰਕਾਂ ਨੂੰ ਅਨੇਕ ਲਾਭ ਮਿਲਦੇ ਹਨ। ਭਾਰਤ ਦੇ ਵਸਤੂ ਤੇ ਸੇਵਾ ਕਰ ਨਿਜ਼ਾਮ ਵਿੱਚ, ਖਪਤਕਾਰਾਂ ਨੂੰ ਕਰਾਂ ਵਿੱਚ ਵਾਧਾ ਖਤਮ ਹੋਣ ਨਾਲ ਘੱਟ ਪੈਸੇ ਖਰਚ ਕਰਨੇ ਪੈਣਗੇ ਅਤੇ ਨਿਪੁੰਨਤਾ ਵਿੱਚ ਵਾਧਾ ਹੋਵੇਗਾ। ਵਪਾਰ ਅਤੇ ਸੱਨਅਤ ਨੂੰ ਵੀ ਲਾਭ ਪੁੱਜੇਗਾ ਕਿਉਂਕਿ ਦੇਸ਼ ਭਰ ਵਿੱਚ ਇਕਹਿਰਾ ਅਸਿੱਧਾ ਕਰ ਲਾਗੂ ਹੋ ਜਾਵੇਗਾ, ਇਨਪੁਟ ਟੈਕਸ ਕ੍ਰੈਡਿਟ ਦਾ ਪ੍ਰਵਾਹ ਨਿਰੰਤਰ ਹੋ ਜਾਵੇਗਾ, ਅੰਤਰ-ਰਾਜੀ ਹੱਦਾਂ ਉਤੇ ਕਰ ਸੰਬੰਧਿਤ ਨਾਕੇ ਚੁੱਕੇ ਜਾਣਗੇ ਮਾਲ ਅਸਬਾਬ ਦੀ ਲਾਗਤ ਘਟ ਜਾਵੇਗੀ, ਸਿਰੇ ਤੋਂ ਸਿਰੇ ਤੱਕ ਸੂਚਨਾ ਤਕਨੀਕ ਅਧਾਰਤ ਪ੍ਰਣਾਲੀ ਹੋਵੇਗੀ ਅਤੇ ਕਰ ਅਧਿਕਾਰੀਆਂ ਨਾਲ ਘੱਟ ਤੋਂ ਘੱਟ ਵਾਸਤਾ ਪਵੇਗਾ। ਕੱਚਾ ਮਾਲ ਪ੍ਰਾਪਤ ਕਰਨ, ਨਿਰਮਾਣ ਦੇ ਸਥਾਨ ਅਤੇ ਗੁਦਾਮ ਦੀਆਂ ਸਹੂਲਤਾਂ ਸੰਬੰਧੀ ਨਿਰਮਾਣਕਾਰ ਜ਼ਿਆਦਾ ਤਰਕਸੰਗਤ ਫੈਸਲੇ ਲੈ ਸਕਣਗੇ। ਕੇਂਦਰ ਅਤੇ ਰਾਜ ਸਰਕਾਰਾਂ ਦੀ ਕਰ ਪ੍ਰਾਪਤੀ ਵਿੱਚ ਵਾਧਾ ਹੋਵੇਗਾ ਅਤੇ ਕਰ ਇਕੱਤਰ ਕਰਨ ਦੀ ਲਾਗਤ ਵੀ ਕਾਫੀ ਘਟ ਜਾਵੇਗੀ। ਨਿਰਯਾਤ ਵੱਧ ਮੁਕਾਬਲੇਬਾਜ਼ੀ ਵਾਲਾ ਹੋ ਜਾਵੇਗਾ ਕਿਉਂਕਿ ਵਸਤਾਂ ਅਤੇ ਸੇਵਾਵਾਂ ਬਿਨਾਂ ਕਰ ਦੇ ਨਿਰਯਾਤ ਕੀਤੀਆਂ ਜਾ ਸਕਣਗੀਆਂ। 'ਮੇਕ ਇਨ ਇੰਡੀਆ' ਪ੍ਰੋਗਰਾਮ ਨੂੰ ਵਪਾਰ ਕਰਨ ਦੀ ਸੌਖ ਅਤੇ ਸਸਤੇ ਆਯਾਤ ਤੋਂ ਸੁਰੱਖਿਆ ਦੇ ਚਲਦਿਆਂ ਵੱਡਾ ਹੁਲਾਰਾ ਮਿਲੇਗਾ ਕਿਉਂਕਿ ਸਾਰੇ ਆਯਾਤ ਏਕੀਕ੍ਰਿਤ ਵਸਤੂ ਤੇ ਸੇਵਾ ਕਰ ਦੇ ਅਧੀਨ ਹੋਣਗੇ, ਇਸ ਦੇ ਨਾਲ-ਨਾਲ ਬੁਨਿਆਦੀ ਸੀਮਾ ਸ਼ੁਲਕ ਵੀ ਲਾਗੂ ਰਹੇਗਾ। ਦਰਮਿਆਨੇ ਅਤੇ ਲੰਮੇ ਸਮੇਂ ਵਿੱਚ ਇਹ ਸਾਰੇ ਲਾਭ ਭਾਰਤ ਦੇ ਕੁੱਲ ਘਰੇਲੂ ਉਤਪਾਦ ਵਿੱਚ ਵੱਡਾ ਵਾਧਾ ਕਰਨਗੇ।

**ਸੰਵਿਧਾਨਕ ਸੋਧ ਦੀ ਜ਼ਰੂਰਤ :** ਜਿਨ੍ਹਾਂ ਦੇਸ਼ਾਂ ਵਿੱਚ ਵਸਤੂ ਤੇ ਸੇਵਾ ਕਰ ਦੀ ਸ਼ੁਰੂਆਤ ਹੋਈ ਹੈ, ਕੁੱਝ ਅਪਵਾਦਾਂ ਨੂੰ ਛੱਡ ਕੇ, ਵਸਤੂ ਤੇ ਸੇਵਾ ਕਰ ਇਕਾਤਮਕ ਹੈ ਜੋ ਕੇਂਦਰ ਸਰਕਾਰ ਜਾਂ ਰਾਜ ਸਰਕਾਰਾਂ ਵਲੋਂ ਲਾਇਆ ਜਾਂਦਾ ਹੈ। ਭਾਰਤ ਵਿੱਚ ਵਸਤੂ ਤੇ ਸੇਵਾ ਕਰ ਦੀ ਸ਼ੁਰੂਆਤ ਕਰਨ ਲਈ ਸੰਵਿਧਾਨਕ ਸੋਧ ਦੀ ਲੋੜ ਸੀ ਕਿਉਂਕਿ ਸੰਵਿਧਾਨਕ ਸੋਧ ਤੋਂ ਪਹਿਲੋਂ ਕੇਂਦਰ ਅਤੇ ਰਾਜਾਂ ਵਿਚਾਲੇ ਵਿੱਤੀ ਸ਼ਕਤੀਆਂ ਸਪੱਸ਼ਟ ਤੌਰ ਤੇ ਕੇਂਦਰੀ ਸੂਚੀ ਅਤੇ ਰਾਜ ਸੂਚੀ ਵਿੱਚ ਵੰਡੀਆਂ ਹੋਈਆਂ ਸਨ। ਕੇਂਦਰ ਸਰਕਾਰ ਕੋਲ ਵਸਤੂਆਂ ਦੇ ਨਿਰਮਾਣ ਉਤੇ ਕਰ ਲਾਉਣ ਦੀਆਂ ਸ਼ਕਤੀਆਂ ਸਨ, (ਮਨੁੱਖੀ ਖਪਤ ਲਈ ਸ਼ਰਾਬ, ਅਫੀਮ ਅਤੇ ਨਸ਼ਿਆਂ ਆਦਿ ਨੂੰ ਛੱਡ ਕੇ) ਜਦ ਕਿ ਰਾਜਾਂ ਕੋਲ ਵਸਤੂਆਂ ਦੀ ਵਿਕਰੀ ਉਤੇ ਕਰ ਲਾਉਣ ਦੀ ਸ਼ਕਤੀ ਸੀ। ਅੰਤਰ-ਰਾਜੀ ਵਿਕਰੀ ਦੇ ਮਾਮਲੇ ਵਿੱਚ ਕੇਂਦਰ ਕੋਲ ਕਰ (ਕੇਂਦਰੀ ਵਿਕਰੀ ਕਰ) ਲਾਉਣ ਦੀ ਤਾਕਤ ਸੀ ਪਰ ਇਹ ਕਰ ਰਾਜਾਂ ਵਲੋਂ ਇਕੱਤਰ ਕਰਕੇ ਆਪਣੇ ਕੋਲ ਹੀ ਰੱਖਿਆ ਜਾਂਦਾ ਸੀ। ਜਿਥੋਂ ਤੱਕ ਸੇਵਾਵਾਂ ਦੀ ਗੱਲ ਹੈ, ਸਿਰਫ ਕੇਂਦਰ ਕੋਲ ਹੀ ਸੇਵਾ ਕਰ ਲਾਉਣ ਦੀਆਂ ਸ਼ਕਤੀਆਂ ਸਨ। ਕਿਉਂਕਿ ਸਰਕਾਰ ਦੇ ਦੋਵਾਂ ਪੱਧਰਾਂ ਨੂੰ ਸੰਵਿਧਾਨ ਵਿੱਚ ਦਰਜ ਸ਼ਕਤੀਆਂ ਦੀ ਵੰਡ ਅਨੁਸਾਰ ਵੱਖ-ਵੱਖ ਜ਼ਿੰਮੇਵਾਰੀਆਂ ਨਿਭਾਉਣੀਆਂ ਪੈਂਦੀਆਂ ਹਨ, ਇਸ ਲਈ ਰਾਜਾਂ ਅਤੇ ਕੇਂਦਰ ਦੋਵਾਂ ਨੂੰ ਹੀ ਸਰੋਤ ਜੁਟਾਉਣ ਦੀ ਲੋੜ ਪੈਂਦੀ ਸੀ। ਇਸ ਕਰਕੇ ਸੰਵਿਧਾਨ ਵਿੱਚ ਸੋਧ ਕਰਨ ਦੀ ਲੋੜ ਸੀ ਤਾਂ ਕਿ ਕੇਂਦਰ ਅਤੇ ਰਾਜਾਂ ਨੂੰ ਵਸਤੂ ਤੇ ਸੇਵਾ ਕਰ ਲਾਗੂ ਕਰਨ ਤੇ ਇਕੱਤਰ ਕਰਨ ਦੀਆਂ ਸ਼ਕਤੀਆਂ ਦਿੱਤੀਆਂ ਜਾ ਸਕਣ। ਭਾਰਤ ਵਿੱਚ ਸ਼ੁਰੂ ਕੀਤਾ ਗਿਆ ਦੋਹਰਾ ਜੀ ਐੱਸ ਟੀ, ਵਿੱਤੀ ਸੰਘਵਾਦ ਦੀਆਂ ਸੰਵਿਧਾਨਕ ਜ਼ਰੂਰਤਾਂ ਦੇ ਮੁਤਾਬਕ ਹੈ।




**ਭਾਰਤ ਵਿੱਚ ਜੀ ਐੱਸ ਟੀ ਸ਼ੁਰੂਆਤ ਕਰਨ ਤੱਕ ਦਾ ਸਫਰ :** ਜੀ ਐੱਸ ਟੀ 160 ਦੇਸ਼ਾਂ ਵਿੱਚ ਪਹਿਲਾਂ ਹੀ ਸ਼ੁਰੂ ਕੀਤਾ ਜਾ ਚੁੱਕਾ ਹੈ। 1954 ਵਿੱਚ ਜੀ ਐੱਸ ਟੀ ਲਾਗੂ ਕਰਨ ਵਾਲਾ ਫਰਾਂਸ ਪਹਿਲਾ ਦੇਸ਼ ਸੀ। ਜੀ ਐੱਸ ਟੀ ਦੇ ਆਰਥਿਕਤਾ ਨੂੰ ਅਨੇਕ ਫਾਇਦਿਆਂ ਦੇ ਮੱਦੇ ਨਜ਼ਰ, ਕਾਫੀ ਸਮੇਂ ਤੋਂ ਜੀ ਐੱਸ ਟੀ ਨੂੰ ਸ਼ੁਰੂ ਕਰਨਾ ਦੇਸ਼ ਦੇ ਰਾਜਨੀਤਕ ਏਜੰਡੇ ਉਤੇ ਸੀ। ਭਾਰਤ ਵਿੱਚ ਜੀ ਐੱਸ ਟੀ ਸ਼ੁਰੂ ਕਰਨ ਦਾ ਸਫਰ ਬਹੁਤ ਲੰਮਾ ਰਿਹਾ ਅਤੇ ਇਸ ਦੇ ਲਾਗੂ ਹੋਣ ਵਿੱਚ ਬਹੁਤ ਸਾਰੇ ਰਾਜਨੀਤਕ ਨੇਤਾਵਾਂ, ਆਰਥਿਕ ਚਿੰਤਕਾਂ ਅਤੇ ਕੇਂਦਰ ਤੇ ਰਾਜ ਸਰਕਾਰਾਂ ਦੇ ਬਹੁਤ ਸਾਰੇ ਅਫਸਰਾਂ ਦੇ ਸਾਂਝੇ ਯਤਨ ਸ਼ਾਮਲ ਹਨ। ਜੀ ਐੱਸ ਟੀ ਦਾ ਵਿਚਾਰ ਸੰਨ 2000 ਵਿੱਚ ਪ੍ਰਧਾਨ ਮੰਤਰੀ ਸ਼੍ਰੀ ਅਟੱਲ ਬਿਹਾਰੀ ਵਾਜਪਾਈ ਦੇ ਪ੍ਰਧਾਨ ਮੰਤਰੀ ਕਾਲ ਵਿੱਚ ਪਹਿਲੀ ਵਾਰ ਪੇਸ਼

ਕੀਤਾ ਗਿਆ। ਜੀ ਐੱਸ ਟੀ ਦਾ ਮਾਡਲ ਤਿਆਰ ਕਰਨ ਲਈ ਪੱਛਮੀ ਬੰਗਾਲ ਦੇ ਤਦੋਂਕੇ ਵਿੱਤ ਮੰਤਰੀ ਸ਼੍ਰੀ ਅਸੀਮ ਦਾਸ ਗੁਪਤਾ ਦੀ ਪ੍ਰਧਾਨਗੀ ਹੇਠ ਇਕ ਕਮੇਟੀ ਦਾ ਗਠਨ ਕੀਤਾ ਗਿਆ। 2003 ਵਿੱਚ ਵਾਜਪਾਈ ਸਰਕਾਰ ਵਲੋਂ ਸ਼੍ਰੀ ਵਿਜੇ ਕੇਲਕਰ ਦੀ ਅਗਵਾਈ ਹੇਠ ਇਕ ਹੋਰ ਟਾਸਕ ਫੋਰਸ ਦੀ ਸਥਾਪਨਾ ਕੀਤੀ ਗਈ ਜਿਸ ਦੇ ਜਿੰਮੇ ਕਰ ਸੁਧਾਰਾਂ ਬਾਰੇ ਸਿਫਾਰਸ਼ਾਂ ਕਰਨ ਦਾ ਕੰਮ ਲਾਇਆ ਗਿਆ। 28 ਫ਼ਰਵਰੀ, 2006 ਨੂੰ ਉਦੋਂ ਦੇ ਕੇਂਦਰੀ ਵਿੱਤ ਮੰਤਰੀ ਨੇ 2006-07 ਦੇ ਬਜਟ ਵਿੱਚ ਪ੍ਰਸਤਾਵਿਤ ਕੀਤਾ ਕਿ ਜੀ ਐੱਸ ਟੀ 1 ਅਪ੍ਰੈਲ, 2010 ਤੋਂ ਲਾਗੂ ਕੀਤਾ ਜਾਵੇਗਾ। ਰਾਜਾਂ ਦੇ ਵਿੱਤ ਮੰਤਰੀਆਂ ਦੀ ਅਧਿਕਾਰ ਪ੍ਰਾਪਤ ਕਮੇਟੀ, ਜਿਸ ਨੇ ਰਾਜ ਵੈਟ ਦੀ ਰੂਪ ਰੇਖਾ ਤਿਆਰ ਕੀਤੀ ਸੀ, ਨੂੰ ਜੀ ਐੱਸ ਟੀ ਦੇ ਢਾਂਚੇ ਬਾਰੇ ਖਾਕਾ ਤਿਆਰ ਕਰਨ ਦੀ ਬੇਨਤੀ ਕੀਤੀ ਗਈ। ਰਾਜਾਂ ਅਤੇ ਕੇਂਦਰ ਦੀ ਪ੍ਰਤਿਨਿਧਤਾ ਵਾਲੇ ਅਫ਼ਸਰਾਂ ਦੇ ਸਾਂਝੇ ਕਾਰਜ ਸਮੂਹ ਸਥਾਪਤ ਕੀਤੇ ਗਏ ਤਾਂ ਕਿ ਜੀ ਐੱਸ ਟੀ ਦੇ ਵੱਖ-ਵੱਖ ਪੱਖਾਂ ਦੀ ਪੜਚੋਲ ਕੀਤੀ ਜਾ ਸਕੇ ਅਤੇ ਛੋਟਾਂ ਅਤੇ ਸੀਮਾ, ਸੇਵਾਵਾਂ ਤੇ ਕਰ ਅਤੇ ਅੰਤਰ-ਰਾਜੀ ਪੂਰਤੀਆਂ ਤੇ ਲੱਗਣ ਵਾਲੇ ਕਰਾਂ ਦੀ ਦਰ ਬਾਰੇ ਰਿਪੋਰਟਾਂ ਤਿਆਰ ਕੀਤੀਆਂ ਜਾ ਸਕਣ। ਡੂੰਘੀ ਵਿਚਾਰ ਚਰਚਾ ਦੇ ਅਧਾਰ ਉਤੇ, ਅਧਿਕਾਰ ਪ੍ਰਾਪਤ ਕਮੇਟੀ ਵਲੋਂ ਨਵੰਬਰ, 2009 ਵਿੱਚ ਪਹਿਲਾ ਚਰਚਾ ਪਰਚਾ ਜਾਰੀ ਕੀਤਾ ਗਿਆ। ਇਸ ਪਰਚੇ ਵਿੱਚ ਪ੍ਰਸਤਾਵਿਤ ਜੀ ਐੱਸ ਟੀ ਦੀਆਂ ਵਿਸ਼ੇਸ਼ਤਾਈਆਂ ਦਰਜ ਕੀਤੀਆਂ ਗਈਆਂ ਜੋ ਮੌਜੂਦਾ ਜੀ ਐੱਸ ਟੀ ਨਿਜ਼ਾਮ ਦਾ ਅਧਾਰ ਬਣਿਆ।

ਕਿਉਂਕਿ ਜੀ ਐੱਸ ਟੀ ਦੀ ਸ਼ੁਰੂਆਤ ਲਈ ਸੰਵਿਧਾਨਕ ਸੋਧ ਲੋੜੀਂਦੀ ਸੀ, ਇਸ ਕਰਕੇ ਲੰਮੇ ਸਮੇਂ ਤੱਕ ਰਾਜਨੀਤਕ ਸਹਿਮਤੀ ਨਾ ਬਣਾਈ ਜਾ ਸਕੀ। ਭਾਰਤ ਵਿੱਚ ਜੀ ਐੱਸ ਟੀ ਲਾਗੂ ਕਰਨ ਦੇ ਯਤਨਾਂ ਵਿੱਚ ਮੌਜੂਦਾ ਸਰਕਾਰ ਬਣਨ ਤੋਂ ਬਾਅਦ ਤੇਜ਼ੀ ਆਈ। ਸੰਵਿਧਾਨਕ (122ਵੀਂ ਸੋਧ) ਬਿੱਲ, 2014 ਲੋਕ ਸਭਾ ਵਿੱਚ 19 ਦਸੰਬਰ, 2014 ਨੂੰ ਪੇਸ਼ ਕੀਤਾ ਗਿਆ ਜਿਸ ਨੂੰ ਮਈ, 2015 ਵਿੱਚ ਲੋਕ ਸਭਾ ਵਲੋਂ ਪਾਸ ਕਰ ਦਿੱਤਾ ਗਿਆ। ਫਿਰ ਇਹ ਬਿੱਲ ਰਾਜ ਸਭਾ ਵਿੱਚ ਪੇਸ਼ ਕੀਤਾ ਗਿਆ ਜਿਸ ਨੂੰ 14 ਮਈ, 2015 ਨੂੰ ਰਾਜ ਸਭਾ ਅਤੇ ਲੋਕ ਸਭਾ ਦੀ ਸਾਂਝੀ ਸਿਲੈਕਟ ਕਮੇਟੀ ਕੋਲ ਭੇਜ ਦਿੱਤਾ ਗਿਆ। ਕਮੇਟੀ ਨੇ 22 ਜੁਲਾਈ, 2015 ਨੂੰ ਆਪਣੀ ਰਿਪੋਰਟ ਸੌਂਪ ਦਿੱਤੀ। ਇਸ ਤੋਂ ਬਾਅਦ ਕੰਮ ਵਿੱਚ ਕਾਫੀ ਤੇਜ਼ੀ ਆਈ। ਸਹਿਮਤੀ ਦੇ ਅਧਾਰ ਉਤੇ, ਸੋਧਿਆ ਹੋਇਆ ਸੰਵਿਧਾਨਕ ਸੋਧ ਬਿੱਲ 1 ਅਗਸਤ, 2016 ਨੂੰ ਪੇਸ਼ ਕੀਤਾ ਗਿਆ। ਇਹ ਬਿੱਲ ਰਾਜ ਸਭ ਵਲੋਂ 3 ਅਗਸਤ, 2016 ਅਤੇ ਲੋਕ ਸਭਾ ਵਲੋਂ 8 ਅਗਸਤ, 2016 ਨੂੰ ਪਾਸ ਕਰ ਦਿੱਤਾ ਗਿਆ। ਲੋੜੀਂਦੇ ਰਾਜ ਵਿਧਾਨਕਾਰਾਂ ਵਲੋਂ ਇਸ ਦੀ ਪ੍ਰੋੜਤਾ ਕਰਨ ਅਤੇ ਰਾਸ਼ਟਰਪਤੀ ਦੀ ਮਨਜ਼ੂਰੀ ਮਿਲਣ ਨਾਲ ਸੰਵਿਧਾਨਕ ਸੋਧ ਨੂੰ ਸੰਵਿਧਾਨ (101ਵੀਂ ਸੋਧ) ਐਕਟ, 2016 ਵਜੋਂ 8 ਸਤੰਬਰ 2016 ਨੂੰ ਨੋਟੀਫਾਈ ਕਰ ਦਿੱਤਾ ਗਿਆ। ਸੰਵਿਧਾਨਕ ਸੋਧ ਪਾਸ ਹੋਣ ਨਾਲ ਭਾਰਤ ਵਿੱਚ ਵਸਤੂ ਤੇ ਸੇਵਾ ਕਰ ਦੀ ਸ਼ੁਰੂਆਤ ਦਾ ਰਸਤਾ ਪੱਧਰਾ ਹੋ ਗਿਆ।

ਸੰਵਿਧਾਨ (101ਵੀਂ ਸੋਧ) ਐਕਟ, 2016: ਸੰਵਿਧਾਨ ਸੋਧ ਨਾਲ ਕੇਂਦਰ ਅਤੇ ਰਾਜ ਸਰਕਾਰਾਂ ਨੂੰ, ਵਸਤੂ ਤੇ ਸੇਵਾ ਕਰ ਲਾਉਣ ਅਤੇ ਇਕੱਤਰ ਕਰਨ ਦੀਆਂ ਸ਼ਕਤੀਆਂ ਪ੍ਰਾਪਤ ਹੋ ਗਈਆਂ। ਜੀ ਐੱਸ ਟੀ ਦੀ ਵਿਆਖਿਆ ਵਸਤੂਆਂ ਜਾਂ ਸੇਵਾਵਾਂ ਜਾਂ ਦੋਵਾਂ ਦੀ ਪੂਰਤੀ ਉਤੇ ਲੱਗਣ ਵਾਲੇ ਕਰ ਦੇ ਰੂਪ ਵਿੱਚ ਕੀਤੀ ਗਈ ਹੈ। ਮਨੁੱਖੀ ਖਪਤ ਲਈ ਸ਼ਰਾਬ ਨੂੰ ਜੀ ਐੱਸ ਟੀ ਦੀ ਪਰਿਭਾਸ਼ਾ ਦੁਆਰਾ ਜੀ ਐੱਸ ਟੀ ਦੇ ਦਾਇਰੇ ਤੋਂ ਬਾਹਰ ਰੱਖਿਆ ਗਿਆ ਹੈ। ਦੂਜੇ ਪਾਸੇ, ਪੰਜ ਪੈਟਰੋਲੀਅਮ ਉਤਪਾਦਾਂ, ਜਿਵੇਂ ਕੱਚਾ ਪੈਟਰੋਲੀਅਮ ਤੇਲ, ਮੋਟਰ ਸਪਿਰਿਟ (ਪੈਟਰੋਲ), ਹਾਈ ਸਪੀਡ ਡੀਜ਼ਲ, ਕੁਦਰਤੀ ਗੈਸ ਅਤੇ ਹਵਾਈ ਜਹਾਜ਼ਾਂ ਦੇ ਟਰਬਾਈਨ ਤੇਲ ਨੂੰ ਆਰਜ਼ੀ ਤੌਰ ਤੇ ਜੀ ਐੱਸ ਟੀ ਤੋਂ ਬਾਹਰ ਰੱਖਿਆ ਗਿਆ ਹੈ। ਜੀ ਐੱਸ ਟੀ ਕੌਂਸਲ ਇਹ ਫੈਸਲਾ ਕਰੇਗੀ ਕਿ ਕਿਸ ਤਾਰੀਖ ਤੋਂ ਇਨ੍ਹਾਂ ਉਤਪਾਦਾਂ ਨੂੰ ਜੀ ਐੱਸ ਟੀ ਵਿੱਚ ਸ਼ਾਮਲ ਕੀਤਾ ਜਾਵੇ। ਵਸਤੂਆਂ ਤੇ ਸੇਵਾਵਾਂ ਦੀ ਅੰਤਰ-ਰਾਜੀ ਪੂਰਤੀ ਦੇ ਮਾਮਲੇ ਵਿੱਚ ਏਕੀਕ੍ਰਿਤ ਜੀ ਐੱਸ ਟੀ (ਆਈ ਜੀ ਐੱਸ ਟੀ) ਕੇਂਦਰ ਵਲੋਂ ਲਾਇਆ ਅਤੇ ਉਗਰਾਹਿਆ ਜਾਵੇਗਾ। ਇਹ ਯਕੀਨੀ ਬਣਾਏਗਾ ਕਿ ਜੀ ਐੱਸ ਟੀ ਸਹੀ ਅਰਥਾਂ ਵਿੱਚ ਇਕ ਮੰਜ਼ਿਲ ਅਧਾਰਤ ਖਪਤ ਕਰ ਹੈ, ਅਤੇ ਇਨਪੁੱਟ ਟੈਕਸ ਕ੍ਰੈਡਿਟ ਦਾ ਪਰਵਾਹ ਉਦੋਂ ਵੀ ਜਾਰੀ ਰਹੇਗਾ ਜਦੋਂ ਵਸਤਾਂ ਇਕ ਰਾਜ ਤੋਂ ਦੂਜੇ ਵਿੱਚ ਜਾ ਰਹੀਆਂ ਹੋਣਗੀਆਂ।

**ਜੀ ਐੱਸ ਟੀ ਕੌਂਸਲ** : ਸੰਵਿਧਾਨਕ ਸੋਧ ਦੀ ਇਕ ਖ਼ਾਸ ਵਿਸ਼ੇਸ਼ਤਾ ਜੀ ਐੱਸ ਟੀ ਕੌਂਸਲ ਦੀ ਸਥਾਪਨਾ ਦਾ ਪ੍ਰਾਵਧਾਨ ਹੈ। ਇਸ ਕੌਂਸਲ ਵਿੱਚ ਕੇਂਦਰੀ ਵਿੱਤ ਮੰਤਰੀ (ਕੌਂਸਲ ਦੇ ਚੇਅਰਮੈਨ), ਕੇਂਦਰੀ ਰਾਜ ਮੰਤਰੀ (ਮਾਲੀਆ) ਅਤੇ 29 ਰਾਜਾਂ ਤੇ 2 ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਵਿੱਤ/ਕਰ ਮੰਤਰੀ ਸ਼ਾਮਲ ਹਨ (ਦਿੱਲੀ ਅਤੇ ਪੁੱਡੂਚੇਰੀ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀ ਆਪਣੀ ਵਿਧਾਨ ਸਭਾ ਹੈ) ਜੀ ਐੱਸ ਟੀ ਕੌਂਸਲ ਦਾ ਮਾਰਗ ਦਰਸ਼ਕ ਸਿਧਾਂਤ ਕੇਂਦਰ ਅਤੇ ਰਾਜਾਂ ਅਤੇ ਰਾਜਾਂ ਦਰਮਿਆਨ ਵੀ ਜੀ ਐੱਸ ਟੀ ਦੇ ਵੱਖ-ਵੱਖ ਪੱਖਾਂ ਬਾਰੇ ਇਕਸੁਰਤਾ ਯਕੀਨੀ ਬਣਾਉਣਾ ਹੈ

## ਜੀ ਐੱਸ ਟੀ ਪਰਿਸ਼ਦ : ਸੰਵਿਧਾਨ

- **ਚੇਰਪਰਸਨ : ਕੇਂਦਰੀ ਵਿੱਤ ਮੰਤਰੀ**
- **ਵਾਸੀਸ ਚੇਅਰਪਰਸਨ: ਰਾਜ ਸਰਕਾਰਾਂ ਦੇ ਮੰਤਰੀਆਂ ਵਿੱਚੋਂ ਚੁਣੇ ਹੋਏ।**
- **ਮੈਂਬਰ : ਕੇਂਦਰੀ ਵਿੱਤ ਰਾਜ ਮੰਤਰੀ ਅਤੇ ਸਾਰੇ ਰਾਜਾਂ ਦੇ ਵਿੱਤ/ਕਰ ਲਾਉਣ ਵਾਲੇ ਮੰਤਰੀ**
- **ਗਣਪੂਰਤੀ (ਕੋਰਮ) : ਕੁੱਲ ਮੈਂਬਰਾਂ ਦਾ 50 ਪ੍ਰਤਿਸ਼ਤ**
- **ਹਿੱਸਾ : ਰਾਜ ਦਾ ਹਿੱਸਾ ਦੋ ਤਿਹਾਈ, ਕੇਂਦਰ ਦਾ ਹਿੱਸਾ ਇਕ ਤਿਹਾਈ**
- **ਫੈਸਲਾ : 75 ਪ੍ਰਤਿਸ਼ਤ ਬਹੁਮਤ ਨਾਲ**
- **ਪਰਿਸ਼ਦ ਜੀ ਐੱਸ ਟੀ ਸੰਬੰਧੀ ਸਾਰੇ ਮੁੱਦਿਆਂ ਸੰਬੰਧੀ ਨਿਯਮ, ਦਰ ਆਦਿ ਉਤੇ ਫੈਸਲਾ ਕਰੇਗੀ।**

ਜਿਸ ਦਾ ਉਦੇਸ਼ ਭਾਰਤ ਵਿੱਚ ਵਸਤਾਂ ਅਤੇ ਸੇਵਾਵਾਂ ਲਈ ਇਕਸੁਰਤਾ ਵਾਲਾ ਰਾਸ਼ਟਰੀ ਬਾਜ਼ਾਰ ਵਿਕਸਤ ਕਰਨਾ ਹੈ। ਕੌਂਸਲ ਦਾ ਜ਼ਿੰਮਾ ਹੇਠ ਲਿਖੇ ਬਿੰਦੂਆਂ ਉਤੇ ਕੇਂਦਰ ਅਤੇ ਰਾਜਾਂ ਨੂੰ ਸਿਫਾਰਸ਼ਾਂ ਕਰਨਾ ਹੈ :

- ਕੇਂਦਰ, ਰਾਜਾਂ ਅਤੇ ਸਥਾਨਕ ਸਰਕਾਰਾਂ ਵਲੋਂ ਲਾਏ ਗਏ ਉਹ ਕਰ, ਸੈਸ ਅਤੇ ਸਰਚਾਰਜ ਜੋ ਜੀ ਐੱਸ ਟੀ ਵਿੱਚ ਜਜ਼ਬ ਕੀਤੇ ਜਾ ਸਕਦੇ ਹਨ।
- ਉਹ ਵਸਤਾਂ ਅਤੇ ਸੇਵਾਵਾਂ ਜਿਨ੍ਹਾਂ ਉਤੇ ਜੀ ਐੱਸ ਟੀ ਲਾਇਆ ਜਾ ਸਕਦਾ ਹੈ ਜਾਂ ਛੋਟ ਦਿੱਤੀ ਜਾ ਸਕਦੀ ਹੈ।
- ਉਹ ਤਾਰੀਖ ਤੈਅ ਕਰਨੀ ਜਿਸ ਦਿਨ ਕੱਚੇ ਪੈਟਰੋਲੀਅਮ, ਹਾਈ ਸਪੀਡ ਡੀਜ਼ਲ, ਮੋਟਰ ਸਪਿਰਿਟ (ਆਮ ਭਾਸ਼ਾ ਵਿੱਚ ਪੈਟਰੋਲ), ਕੁਦਰਤੀ ਗੈਸ ਅਤੇ ਹਵਾਈ ਜਹਾਜ਼ਾਂ ਦੇ ਟਰਬਾਈਨ ਈਧਣ ਉਤੇ ਜੀ ਐੱਸ ਟੀ ਲਾਗੂ ਕੀਤਾ ਜਾ ਸਕੇ।
- ਮਾਡਲ ਜੀ ਐੱਸ ਟੀ ਕਾਨੂੰਨ, ਉਗਰਾਹੀ ਦੇ ਸਿਧਾਂਤ, ਆਈ ਜੀ ਐੱਸ ਟੀ ਦੀ ਵੰਡ ਅਤੇ ਉਹ ਸਿਧਾਂਤ ਜੋ ਪੂਰਤੀ ਵਾਲੇ ਸਥਾਨ ਉਤੇ ਲਾਗੂ ਹੋਣਗੇ।
- ਕਾਰੋਬਾਰ ਦੀ ਉਹ ਸੀਮਾ ਜਿਸ ਤੋਂ ਹੇਠਾਂ ਵਸਤੂਆਂ ਤੇ ਸੇਵਾਵਾਂ ਨੂੰ ਜੀ ਐੱਸ ਟੀ ਤੋਂ ਛੋਟ ਹੋਵੇਗੀ।
- ਦਰਾਂ, ਜਿਸ ਵਿੱਚ ਬੁਨਿਆਦੀ ਦਰਾਂ ਅਤੇ ਜੀ ਐੱਸ ਟੀ ਦੇ ਸਮੂਹ।
- ਇਕ ਖ਼ਾਸ ਸਮੇਂ ਲਈ ਕੋਈ ਖ਼ਾਸ ਦਰ ਜਾਂ ਦਰਾਂ ਜਿਸ ਨਾਲ ਕਿਸੇ ਕੁਦਰਤੀ ਆਫ਼ਤ ਜਾਂ ਨੁਕਸਾਨ ਸਮੇਂ ਵਾਧੂ ਸਰੋਤ ਜੁਟਾਏ ਜਾ ਸਕਦੇ ਹਨ।
- ਉੱਤਰ ਪੂਰਬ ਦੇ ਰਾਜਾਂ, ਜੰਮੂ ਤੇ ਕਸ਼ਮੀਰ, ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਲਈ ਵਿਸ਼ੇਸ਼ ਪ੍ਰਾਵਧਾਨ
- ਜੀ ਐੱਸ ਟੀ ਨਾਲ ਸੰਬੰਧਿਤ ਹੋਰ ਕੋਈ ਵੀ ਮਸਲਾ ਜਿਸ ਬਾਰੇ ਕੌਂਸਲ ਫੈਸਲਾ ਲੈ ਸਕੇ।

ਸੰਵਿਧਾਨਕ ਸੋਧ ਵਿੱਚ ਇਹ ਦਰਜ ਹੈ ਕਿ ਜੀ ਐੱਸ ਟੀ ਕੌਂਸਲ ਦਾ ਹਰੇਕ ਫੈਸਲਾ ਇਕ ਬੈਠਕ ਵਿੱਚ ਬਹੁਸੰਮਤੀ ਵਲੋਂ ਲਿਆ ਜਾਵੇਗਾ ਜਿਸ ਵਿੱਚ ਵੋਟਿੰਗ ਕਰਨ ਵਾਲੇ ਮੈਂਬਰਾਂ ਦੀ ਕੁੱਲ ਸੰਖਿਆ ਦੇ ਘੱਟੋ-ਘੱਟ ਤਿੰਨ ਚੁਥਾਈ ਮੈਂਬਰ ਹਾਜ਼ਰ ਹੋਣ। ਕੁੱਲ ਪੈਣ ਵਾਲੀਆਂ ਵੋਟਾਂ ਵਿੱਚ ਕੇਂਦਰ ਸਰਕਾਰ ਦੇ ਵੋਟ ਦੀ ਤਾਕਤ 1/3 ਹੋਵੇਗੀ ਅਤੇ ਸਾਰੇ ਰਾਜਾਂ ਦੀਆਂ ਵੋਟਾਂ ਦੀ ਤਾਕਤ, ਬੈਠਕ ਵਿੱਚ ਪਈਆਂ ਕੁੱਲ ਵੋਟਾਂ ਦੀ 2/3 ਹੋਵੇਗੀ। ਜੀ ਐੱਸ ਟੀ ਕੌਂਸਲ ਦੀ ਬੈਠਕ ਵਿੱਚ ਕੁੱਲ ਮੈਂਬਰਾਂ ਵਿੱਚੋਂ ਅੱਧੇ ਮੈਂਬਰ ਮੌਜੂਦ ਹੋਣ ਨਾਲ ਕੋਰਮ ਪੂਰਾ ਮੰਨਿਆ ਜਾਵੇਗਾ। ਵੋਟਾਂ ਦੀ ਤਾਕਤ ਇਸ ਪ੍ਰਕਾਰ ਨਿਰਧਾਰਤ ਕੀਤੀ ਗਈ ਹੈ ਕਿ ਨਾ ਤਾਂ ਕੇਂਦਰ ਅਤੇ ਨਾ ਹੀ ਰਾਜ ਇਕਪਾਸੜ ਤੌਰ ਤੇ ਕੋਈ ਫੈਸਲਾ ਲੈ ਸਕਣਗੇ। ਕਿਉਂਕਿ ਕੇਂਦਰ ਦੀਆਂ ਵੋਟਾਂ ਦੀ ਤਾਕਤ ਸਿਰਫ 33 ਪ੍ਰਤਿਸ਼ਤ ਹੈ, ਇਸ ਵਾਸਤੇ ਕੌਂਸਲ ਵਲੋਂ ਲਏ ਜਾਣ ਵਾਲੇ ਕਿਸੇ ਵੀ ਫੈਸਲੇ ਲਈ ਬਹੁ-ਗਿਣਤੀ ਰਾਜਾਂ ਦੀ ਹਮਾਇਤ ਜ਼ਰੂਰੀ ਹੋਵੇਗੀ। ਪਰ ਹੁਣ ਤੱਕ ਕੌਂਸਲ ਦੇ ਸਾਰੇ ਫੈਸਲੇ ਸਰਬਸੰਮਤੀ ਨਾਲ ਹੀ ਲਏ ਗਏ ਹਨ ਅਤੇ ਵੋਟਾਂ ਪਵਾਉਣ ਦਾ ਮੌਕਾ ਪੈਦਾ ਹੀ ਨਹੀਂ ਹੋਇਆ।

**ਜੀ ਐੱਸ ਟੀ ਕੌਂਸਲ ਦੀ ਕਾਰਜ ਪ੍ਰਣਾਲੀ :** 1 ਜੁਲਾਈ, 2017 ਨੂੰ ਜੀ ਐੱਸ ਟੀ ਦੀ ਸ਼ੁਰੂਆਤ ਤੋਂ ਪਹਿਲਾਂ ਆਪਣੀਆਂ 18 ਮੀਟਿੰਗਾਂ ਵਿੱਚ ਜੀ ਐੱਸ ਟੀ ਕੌਂਸਲ ਨੇ ਵੱਖ-ਵੱਖ ਮੁੱਦਿਆਂ ਉਤੇ ਸਹਿਮਤੀ ਬਣਾਉਣ ਲਈ ਸ਼ਾਨਦਾਰ ਕੰਮ ਕੀਤਾ ਜੋ ਇਕ ਸਮੇਂ ਅਸੰਭਵ ਜਿਹੇ ਜਾਪਦੇ ਸਨ। ਕੌਂਸਲ ਕੇਂਦਰੀ ਜੀ ਐੱਸ ਟੀ, ਰਾਜ ਜੀ ਐੱਸ ਟੀ, ਕੇਂਦਰ ਸ਼ਾਸਿਤ ਪ੍ਰਦੇਸ਼ ਜੀ ਐੱਸ ਟੀ, ਏਕੀਕ੍ਰਿਤ ਜੀ ਐੱਸ ਟੀ, ਰਾਜਾਂ ਨੂੰ ਮੁਆਵਜ਼ਾ ਅਤੇ ਜੀ ਐੱਸ ਟੀ ਨਾਲ ਸੰਬੰਧਿਤ ਕਾਨੂੰਨਾਂ ਦੇ ਖਰੜੇ ਕੁੱਝ ਹੀ ਬੈਠਕਾਂ ਦੌਰਾਨ ਸਿਫਾਰਸ਼ ਕਰਨ ਵਿੱਚ ਸਫਲ ਰਹੀ। ਅੰਤਰ ਅਧਿਕਾਰਾਂ ਅਤੇ ਕਰ ਦਾਤਿਆਂ ਦੀ ਰਾਜ ਅਤੇ ਕੇਂਦਰ ਦਰਮਿਆਨ ਪ੍ਰਸ਼ਾਸਨਿਕ ਵੰਡ ਦੇ ਔਖੇ ਮੁੱਦੇ ਲੈਣ-ਦੇਣ ਦੀ ਸੱਚੀ ਭਾਵਨਾ ਨਾਲ ਹੱਲ ਕਰ ਲਏ ਗਏ। ਵੱਖ-ਵੱਖ ਰਾਜਾਂ ਵਿੱਚ ਵਸਤਾਂ ਉਤੇ ਲੱਗਣ ਵਾਲੇ ਵੈਟ ਦੀਆਂ ਵੱਖੋ-ਵੱਖ ਦਰਾਂ ਦੇ ਬਾਵਜੂਦ ਸਾਰੀਆਂ ਵਸਤਾਂ ਅਤੇ ਸੇਵਾਵਾਂ ਨੂੰ ਸੁਚਾਰੂ ਰੂਪ ਵਿੱਚ ਵੱਖ-ਵੱਖ ਸਲੈਬਾਂ ਵਿੱਚ ਰੱਖ ਦਿੱਤਾ ਗਿਆ ਹੈ। ਨਵੀਂ ਬਣੀ ਸੰਵਿਧਾਨਕ ਸਭਾ, ਜੀ ਐੱਸ ਟੀ ਕੌਂਸਲ ਸਹਿਕਾਰੀ ਸੰਘਵਾਦ ਦੇ ਇਕ ਨਵੇਂ ਮਾਡਲ ਵਜੋਂ ਉੱਭਰ ਕੇ ਸਾਹਮਣੇ ਆਈ ਹੈ, ਜਿਥੇ ਕੇਂਦਰ ਅਤੇ ਰਾਜ ਆਪਣੀ ਪ੍ਰਭੂਸੱਤਾ ਸਾਂਝੀ ਕਰਨ ਅਤੇ ਇਕ ਦੂਜੇ ਨੂੰ ਵਿੱਤੀ ਜ਼ਮੀਨ ਦੇਣ ਲਈ ਰਜ਼ਾਮੰਦ ਹਨ। ਕੌਂਸਲ ਵਲੋਂ ਸਹਿਮਤੀ ਨਾਲ ਵਿੱਤੀ ਅਤੇ ਕਰ ਸੰਬੰਧਿਤ ਅਣਕਿਆਸੇ ਫੈਸਲੇ ਲਏ ਗਏ ਹਨ। ਇਸ ਨੂੰ ਕੇਂਦਰ ਅਤੇ ਰਾਜਾਂ ਦਰਮਿਆਨ ਸਹਿਯੋਗ ਦੇ ਦੂਸਰੇ ਖੇਤਰਾਂ ਵਿੱਚ ਲਾਗੂ ਕੀਤੀ ਜਾ ਸਕਣ ਵਾਲੀ ਇਕ ਉਦਾਹਰਣ ਦੇ ਤੌਰ ਤੇ ਵੀ ਵੇਖਿਆ ਜਾ ਰਿਹਾ ਹੈ।

**ਜੀ ਐੱਸ ਟੀ ਪਰਿਸ਼ਦ : ਫੈਸਲੇ**

- ਜੀ ਐੱਸ ਟੀ ਤੋਂ ਛੋਟ ਲਈ ਸੀਮਾ 20 ਲੱਖ ਰੁਪਏ ਹੋਵੇਗੀ ( ਵਿਸ਼ੇਸ਼ ਰਾਜਾਂ ਵਿੱਚ 10 ਲੱਖ ਰੁਪਏ)
- ਸਮੇਕਿਤ ਛੋਟ ਸੀਮਾ 50 ਲੱਖ ਰੁਪਏ ਹੈ ਜਿਸ ਵਿੱਚ :

| ਸ਼੍ਰੇਣੀ | ਕਰ ਦਰਾਂ |
|---|---|
| ਵਪਾਰੀ | 1 ਪ੍ਰਤਿਸ਼ਤ |
| ਨਿਰਮਾਤਾ | 2 ਪ੍ਰਤਿਸ਼ਤ |
| ਰੇਸਤਰਾਂ | 5 ਪ੍ਰਤਿਸ਼ਤ |

- ਸਰਕਾਰ ਮੌਜੂਦਾ ਖੇਤਰ ਅਧਾਰਿਤ ਛੋਟ ਯੋਜਨਾਵਾਂ ਨੂੰ ਪ੍ਰਤਿਪੂਰਤੀ ਯੋਜਨਾ ਵਿੱਚ ਬਦਲ ਸਕਦੀ ਹੈ
- ਚਾਰ ਕਰ ਦਰਾਂ : 5, 12, 18 ਅਤੇ 28 ਪ੍ਰਤਿਸ਼ਤ
- ਕੁਝ ਵਸਤੂਆਂ ਅਤੇ ਸੇਵਾਵਾਂ ਜੀ ਐੱਸ ਟੀ ਤੋਂ ਮੁਕਤ
- ਕੀਮਤੀ ਧਾਤਾਂ ਲਈ ਵਖਰੀਆਂ ਦਰਾਂ

**ਰਾਜਾਂ ਨੂੰ ਮੁਆਵਜ਼ਾ :** ਕਿਉਂਕਿ ਜੀ ਐੱਸ ਟੀ ਇਕ ਮੰਜ਼ਿਲ ਅਧਾਰਤ ਕਰ ਹੈ, ਕੁੱਝ ਰਾਜਾਂ ਨੂੰ ਇਹ ਡਰ ਸੀ, ਖ਼ਾਸ ਕਰਕੇ ਨਿਰਮਾਣ ਕਰਨ ਵਾਲੇ ਰਾਜਾਂ ਨੂੰ ਕਿ ਜੀ ਐੱਸ ਟੀ ਲਾਗੂ ਹੋਣ ਨਾਲ ਉਨ੍ਹਾਂ ਨੂੰ ਮਾਲੀ ਨੁਕਸਾਨ ਹੋਵੇਗਾ। ਇਸ ਲਈ ਸੰਵਿਧਾਨਕ (101ਵੀਂ ਸੋਧ) ਐਕਟ, 2016 ਰਾਹੀਂ ਰਾਜਾਂ ਨੂੰ ਮਾਲੀ ਨੁਕਸਾਨ ਹੋਣ ਦੀ ਹਾਲਤ ਵਿੱਚ ਮੁਆਵਜ਼ੇ ਦਾ ਪ੍ਰਾਵਧਾਨ ਕੀਤਾ ਗਿਆ ਹੈ ਜੋ ਜੀ ਐੱਸ ਟੀ ਲਾਗੂ ਕਰਨ ਨਾਲ ਹੋ ਸਕਦਾ ਹੈ। ਇਹ ਮੁਆਵਜ਼ਾ ਪੰਜ ਸਾਲ ਲਈ ਦਿੱਤਾ ਜਾਵੇਗਾ। ਜੀ ਐੱਸ ਟੀ ਕੌਂਸਲ ਦੀਆਂ ਸਿਫਾਰਸ਼ਾਂ ਦੇ ਅਧਾਰ ਉਤੇ, ਵਸਤੂ ਤੇ ਸੇਵਾ ਕਰ (ਰਾਜਾਂ ਨੂੰ ਮੁਆਵਜ਼ਾ) ਐਕਟ 2017 ਲਾਗੂ ਕੀਤਾ ਗਿਆ। ਮੁਆਵਜ਼ਾ ਐਕਟ ਵਿੱਚ 2015-16 ਦੇ ਮਾਲੀਏ ਨੂੰ ਅਧਾਰ ਵਰ੍ਹਾ ਨਿਰਧਾਰਤ ਕੀਤਾ ਗਿਆ ਹੈ ਅਤੇ ਅੱਗੋਂ ਸਧਾਰਨ 14 ਪ੍ਰਤਿਸ਼ਤ ਸਲਾਨਾ ਵਾਧਾ ਦਰ ਦਾ ਪ੍ਰਾਵਧਾਨ ਕੀਤਾ ਗਿਆ ਹੈ। ਇਹ ਐਕਟ ਸੈੱਸ ਲਾਉਣ ਦੀ ਇਜਾਜ਼ਤ ਦਿੰਦਾ ਹੈ ਜਿਸ ਦਾ ਇਸਤੇਮਾਲ ਮਾਲੀਏ ਦਾ ਨੁਕਸਾਨ ਹੋਣ ਦੀ ਹਾਲਤ ਵਿੱਚ ਰਾਜਾਂ ਨੂੰ ਮੁਆਵਜ਼ਾ ਦੇਣ ਲਈ ਕੀਤਾ ਜਾਵੇਗਾ। ਇਹ ਸੈੱਸ ਵਿਲਾਸਤਾ ਵਾਲੀਆਂ ਵਸਤਾਂ ਤੇ ਸਿਨ ਵਾਲੀਆਂ ਵਸਤਾਂ 'ਤੇ ਲਾਇਆ ਜਾਵੇਗਾ।

**ਕਰ ਦੀਆਂ ਦਰਾਂ ਦਾ ਫੈਸਲਾ ਕਰਨਾ :** ਕਰ ਦੀਆਂ ਸਲੈਬ ਬਾਰੇ ਫੈਸਲਾ ਲੈਣ ਵੇਲੇ ਜੀ ਐੱਸ ਟੀ ਕੌਂਸਲ ਨੂੰ ਤਿੰਨ ਉਦੇਸ਼ਾਂ ਨੂੰ ਸੰਤੁਲਿਤ ਕਰਨ ਦਾ ਡਾਢਾ ਔਖਾ ਕਾਰਜ ਕਰਨਾ ਪਿਆ। ਸਭ ਤੋਂ ਪਹਿਲਾਂ ਇਹ ਯਕੀਨੀ ਬਣਾਉਣਾ ਸੀ ਕਿ ਗਰੀਬ ਅਤੇ ਸਮਾਜ ਦੇ ਪਛੜੇ ਵਰਗਾਂ ਦੇ ਹਿਤ ਸੁਰੱਖਿਅਤ ਕੀਤੇ ਜਾਣ ਅਤੇ ਵੱਡੀ/ਜਨਤਕ ਖਪਤ ਵਾਲੀਆਂ ਵਸਤਾਂ ਅਤੇ ਜ਼ਰੂਰੀ ਵਸਤਾਂ ਦੀ ਕੀਮਤ ਵਾਜਬ ਰਹੇ। ਦੂਜਾ, ਇਹ ਪੱਕਾ ਕਰਨਾ ਸੀ ਰਾਜਾਂ ਅਤੇ ਕੇਂਦਰ ਦੇ ਕੁੱਲ ਮਾਲੀਏ ਨੂੰ ਸੁਰੱਖਿਅਤ ਕੀਤਾ ਜਾਵੇ। ਤੀਜਾ ਇਹ ਵੇਖਣਾ ਸੀ ਕਿ ਵਸਤਾਂ ਤੇ ਸੇਵਾਵਾਂ ਉਤੇ ਕਰ ਮੌਜੂਦਾ ਦਰ ਨਾਲੋਂ ਬਹੁਤ ਜ਼ਿਆਦਾ ਵੱਧ ਜਾਂ ਘੱਟ ਨਾ ਜਾਵੇ। ਇਨ੍ਹਾਂ ਸਾਰੇ ਪੱਖਾਂ ਨੂੰ ਧਿਆਨ ਵਿੱਚ ਰੱਖਦਿਆਂ ਅਤੇ ਲੰਮੀ ਵਿਚਾਰ ਚਰਚਾ ਤੋਂ ਬਾਅਦ ਕੌਂਸਲ ਵਲੋਂ ਸਾਵਧਾਨੀ ਨਾਲ ਚਾਰ ਕਰ ਦਰਾਂ ਬਾਰੇ ਫੈਸਲਾ ਕੀਤਾ ਗਿਆ - 5 ਪ੍ਰਤਿਸ਼ਤ, 12, ਪ੍ਰਤਿਸ਼ਤ, 18 ਪ੍ਰਤਿਸ਼ਤ ਅਤੇ 28 ਪ੍ਰਤਿਸ਼ਤ ਸਲੈਬ। ਇਸ ਦੇ ਨਾਲ ਹੀ ਇਕ ਛੋਟ ਵਾਲਾ ਵਰਗ ਵੀ ਰੱਖਿਆ ਗਿਆ।

**ਦਰਮਿਆਨੇ ਅਤੇ ਛੋਟੇ ਉੱਦਮਾਂ ਦੀ ਸਹਾਇਤਾ ਕਰਨਾ :** ਜੀ ਐੱਸ ਟੀ ਨਿਜ਼ਾਮ ਵਿੱਚ ਛੋਟੇ ਅਤੇ ਦਰਮਿਆਨੇ ਉੱਦਮਾਂ ਦੇ ਤੌਖ਼ਲਿਆਂ ਦਾ ਹੱਲ ਕਰਨ ਲਈ ਕਈ ਪ੍ਰਾਵਧਾਨ ਹਨ। ਕਾਨੂੰਨ ਛੋਟ ਦੀ ਇਕ ਸੀਮਾ ਨਿਰਧਾਤ ਕਰਦਾ ਹੈ ਜਿਸ ਤਹਿਤ ਸਾਲ ਵਿੱਚ 20 ਲੱਖ ਤੋਂ ਘੱਟ (ਵਿਸ਼ੇਸ਼ ਵਰਗ ਵਾਲੇ ਰਾਜਾਂ ਲਈ 10 ਲੱਖ) ਤੋਂ ਘੱਟ ਕਾਰੋਬਾਰ ਕਰਨ ਵਾਲੇ ਵਪਾਰੀਆਂ ਨੂੰ ਜੀ ਐੱਸ ਟੀ ਲਈ ਪੰਜੀਕਰਨ ਕਰਨਾ ਜ਼ਰੂਰੀ ਨਹੀਂ ਹੋਵੇਗਾ। ਅਜਿਹੇ ਛੋਟੇ ਉੱਦਮਾਂ ਨੂੰ ਜੀ ਐੱਸ ਟੀ ਅਦਾ ਕਰਨ ਤੋਂ ਛੋਟ ਹੋਵੇਗੀ। ਇਸ ਦੇ ਨਾਲ ਹੀ ਇਕ ਕੰਪੋਜ਼ੀਸ਼ਨ ਸਕੀਮ ਵੀ ਹੈ ਜਿਸ ਤਹਿਤ ਇਕ ਯੋਗ ਪੰਜੀਕ੍ਰਿਤ ਵਿਅਕਤੀ, ਜਿਸਦਾ ਕੁੱਲ ਸਲਾਨਾ ਕਾਰੋਬਾਰ ਪਿਛਲੇ ਵਿੱਤ ਵਰ੍ਹੇ ਵਿੱਚ 75 ਲੱਖ ਤੋਂ ਜ਼ਿਆਦਾ ਨਹੀਂ ਸੀ, ਉਹ ਤਿਮਾਹੀ ਅਧਾਰ ਤੇ ਸੰਖੇਪ ਰਿਟਰਨਾਂ ਦਾਖਲ ਕਰ ਸਕਦਾ ਹੈ। ਵਸਤਾਂ ਦਾ ਕਾਰੋਬਾਰ ਕਰਨ ਵਾਲੇ ਕਰ ਦਾਤਾ (ਵਪਾਰੀ ਅਤੇ ਨਿਰਮਾਤਾ ਦੋਵੇਂ) ਤੇ ਰੈਸਤਰਾਂ ਖੇਤਰ ਕੰਪੋਜੀਸ਼ਨ ਸਕੀਮ ਲੈ ਸਕਦੇ ਹਨ। ਕੰਪੋਜ਼ੀਸ਼ਨ ਸਕੀਮ ਤਹਿਤ, ਨਿਰਮਾਤਾ 1 ਪ੍ਰਤਿਸ਼ਤ ਦੀ ਦਰ ਨਾਲ, ਰੈਸਤਰਾਂ ਖੇਤਰ 2.5 ਪ੍ਰਤਿਸ਼ਤ ਦੀ ਦਰ ਨਾਲ ਅਤੇ ਵਪਾਰੀ 0.5 ਪ੍ਰਤਿਸ਼ਤ ਦੀ ਦਰ ਨਾਲ ਹਰੇਕ ਕਾਰੋਬਾਰ ਲਈ ਸੀ ਜੀ ਐੱਸ ਟੀ ਐਕਟ ਅਤੇ ਐੱਸ ਜੀ ਐੱਸ ਟੀ ਐਕਟ ਤਹਿਤ ਅਦਾਇਗੀ ਕਰਨਗੇ। ਪਰ, ਸੇਵਾ ਦੇਣ ਅਤੇ ਅੰਤਰ-ਰਾਜੀ ਪੂਰਤੀ ਕਰਨ ਵਾਲੇ ਕਰ ਜਾਂ ਈ-ਵਣਜ ਕਰਨ ਵਾਲਿਆਂ ਰਾਹੀਂ ਪੂਰਤੀ ਕਰਨ ਵਾਲੇ ਕੰਪੋਜ਼ੀਸ਼ਨ ਦੇ ਯੋਗ ਨਹੀਂ ਹਨ।

**ਕਰ ਚੋਰੀ ਅਤੇ ਭ੍ਰਿਸ਼ਟਾਚਾਰ ਨਾਲ ਨਜਿੱਠਣਾ :** ਭਾਰਤ ਦੀ ਜੀ ਐੱਸ ਟੀ ਪ੍ਰਣਾਲੀ ਵਿੱਚ ਚਲਾਨ ਦੇ ਮਿਲਾਨ ਕਰਨ ਦਾ ਤੰਤਰ ਹੋਵੇਗਾ। ਖਰੀਦੀਆਂ ਗਈਆਂ ਵਸਤਾਂ ਅਤੇ ਸੇਵਾਵਾਂ ਦਾ ਇਨਪੁਟ ਟੈਕਸ ਕ੍ਰੈਡਿਟ ਤਾਂ ਹੀ ਮਿਲੇਗਾ ਜੇ ਖਰੀਦਦਾਰ ਦੁਆਰਾ ਪ੍ਰਾਪਤ ਕਰ ਯੋਗ ਪੂਰਤੀਆਂ ਪੂਰਤੀਕਾਰ ਦੀਆਂ ਕਰ ਯੋਗ ਪੂਰਤੀਆਂ ਨਾਲ ਮੇਲ ਖਾਣਗੀਆਂ। ਵਸਤੂ ਤੇ ਸੇਵਾ ਕਰ ਨੈੱਟਵਰਕ ਜੋ ਸੂਚਨਾ ਤਕਨੀਕ ਦੀ ਰੀੜ੍ਹ ਦੀ ਹੱਡੀ ਹੈ, ਹਰ ਮਹੀਨੇ ਤਿੰਨ ਮਹੀਨੇ ਤੋਂ ਵੱਧ ਚਲਾਨ ਦੇ ਮਿਲਾਨ ਲਈ ਪੂਰੀ ਤਰ੍ਹਾਂ ਤਿਆਰ ਹੈ। ਇਹ ਸਵੈ ਨਿਯਮਨ ਵਾਲਾ ਤੰਤਰ ਹੋਵੇਗਾ। ਇਸ ਨਾਲ ਨਾ ਸਿਰਫ ਕਰਾਂ ਦੀ ਧੋਖਾਧੜੀ ਅਤੇ ਕਰ ਚੋਰੀ ਉਤੇ ਰੋਕ ਲੱਗੇਗੀ, ਸਗੋਂ ਰਸਮੀ ਆਰਥਿਕਤਾ ਵਿੱਚ ਹੋਰ ਵਪਾਰ ਵੀ ਸ਼ਾਮਲ ਹੋਣਗੇ। ਨਵੇਂ ਜੀ ਐੱਸ ਟੀ ਨਿਜ਼ਾਮ ਵਿੱਚ, ਕਰ ਦਾਤਾ ਇੰਟਰਨੈੱਟ ਦੇ ਇਕ ਹੀ ਪੋਰਟਲ ਉਤੇ ਪੰਜੀਕਰਨ, ਰਿਟਰਨ ਦਾਖਲ ਕਰਨ ਅਤੇ ਕਰਾਂ ਦੀ ਅਦਾਇਗੀ ਕਰ ਸਕਦਾ ਹੈ। ਕਿਸੇ ਵਿਲੱਖਣ ਮਾਮਲੇ ਵਿੱਚ ਵੀ, ਜੇ ਕਰਦਾਤਾ ਨੂੰ ਕਰ ਅਧਿਕਾਰੀਆਂ ਨਾਲ ਗੱਲਬਾਤ ਕਰਨੀ ਪੈਂਦੀ ਹੈ ਤਾਂ ਉਸ ਨੂੰ ਸਿਰਫ ਇਕ ਅਧਿਕਾਰੀ ਨਾਲ ਹੀ ਗੱਲਬਾਤ ਕਰਨੀ ਪਵੇਗੀ, ਜੋ ਜਾਂ ਤਾਂ ਕੇਂਦਰ ਸਰਕਾਰ ਤੋਂ ਹੋਵੇਗਾ ਜਾਂ ਰਾਜ ਸਰਕਾਰ ਤੋਂ, ਕਿਉਂਕਿ ਕੇਂਦਰ ਅਤੇ ਰਾਜ ਸਰਕਾਰਾਂ ਦੇ ਕਰ ਅਧਿਕਾਰੀਆਂ ਨੂੰ ਇਕ ਦੂਜੇ ਦੇ ਕਾਨੂੰਨ ਵਿੱਚ ਕਾਰਵਾਈ ਕਰਨ ਲਈ ਅੰਤਰ-ਅਧਿਕਾਰਤ ਕੀਤਾ ਜਾ ਰਿਹਾ ਹੈ। ਭ੍ਰਿਸ਼ਟਾਚਾਰ ਉਤੇ ਕਾਫੀ ਹੱਦ ਤੱਕ ਨਕੇਲ ਕੱਸੀ ਜਾ ਸਕੇਗੀ ਕਿਉਂਕਿ ਕਰ ਦੇਣ ਵਾਲਿਆਂ ਨੂੰ ਕਰ ਚੋਰੀ ਕਰਨਾ ਹੋਰ ਔਖਾ ਹੋ ਜਾਵੇਗਾ ਅਤੇ ਉਸ ਨੂੰ ਕਰ ਅਧਿਕਾਰੀਆਂ ਨਾਲ ਘੱਟ ਤੋਂ ਘੱਟ ਮਿਲਣਾ ਪਵੇਗਾ।

**ਸਿੱਟਾ :** 1 ਜੁਲਾਈ, 2017 ਤੋਂ ਭਾਰਤ ਵਿੱਚ ਜੀ ਐੱਸ ਟੀ ਦਾ ਆਗਾਜ਼ ਇਕ ਕ੍ਰਾਂਤੀਕਾਰੀ ਸੁਧਾਰ ਹੈ ਜੋ ਭਾਰਤ ਵਿੱਚ ਵਪਾਰ ਕਰਨ ਦੇ ਤਰੀਕੇ ਨੂੰ ਬਦਲ ਕੇ ਰੱਖ ਦੇਵੇਗਾ। ਸਾਰੇ ਹਿਤਧਾਰਕਾਂ ਵਲੋਂ ਇਸ ਸੁਧਾਰ ਦਾ ਸਵਾਗਤ ਕੀਤਾ ਗਿਆ ਹੈ। ਨਵਾਂ ਜੀ ਐੱਸ ਟੀ ਨਿਜ਼ਾਮ ਹੋਰ ਵੱਧ ਵਪਾਰਾਂ ਨੂੰ ਰਸਮੀ ਆਰਥਿਕਤਾ ਵਿੱਚ ਸ਼ਾਮਲ ਕਰੇਗਾ। ਏਨੇ ਵੱਡੇ ਪੱਧਰ ਦੇ ਕ੍ਰਾਂਤੀਕਾਰੀ ਬਦਲਾਵਾਂ ਨਾਲ ਕੁੱਝ ਪੀੜਾ ਹੋਣੀ ਸੁਭਾਵਿਕ ਹੈ। ਕੇਂਦਰ ਅਤੇ ਰਾਜ ਸਰਕਾਰਾਂ ਦਾ ਕਰ ਪ੍ਰਸ਼ਾਸਨ ਇਹ ਯਕੀਨੀ ਬਣਾਉਣ ਲਈ ਸਖਤ ਮਿਹਨਤ ਕਰ ਰਿਹਾ ਹੈ ਕਿ ਬਦਲਾਅ ਰੁਕਾਵਟ ਰਹਿਤ ਹੋਵੇ। ਇਸ ਪੀੜ ਦੇ ਲਾਭ ਭਾਰਤ ਦੀ ਆਰਥਿਕਤਾ ਲਈ ਬਹੁਤ ਜ਼ਿਆਦਾ ਅਤੇ ਚਿਰ ਸਥਾਈ ਹੋਣਗੇ।

*(ਲੇਖਕ ਵਸਤਾਂ ਅਤੇ ਸੇਵਾ ਕਰ (ਜੀ ਐਸ ਟੀ) ਕੌਂਸਲ ਵਿੱਚ ਵਧੀਕ ਸਕੱਤਰ ਹਨ। ਇਸ ਤੋਂ ਇਲਾਵਾ ਉਨ੍ਹਾਂ ਨੇ ਟੋਕਿਓ ਸਥਿਤ ਭਾਰਤੀ ਦੂਤਾਵਾਸ ਸਮੇਤ ਕਈ ਉੱਚ ਅਹੁਦਿਆਂ ਉਤੇ ਕੰਮ ਕੀਤਾ)*

*e-mail :arun59goyal@gmail.com*

*: arun.goyal@nic.in*

# ਇਕ ਦੇਸ਼ ਇਕ ਕਰ ਦੇ ਮੂਲ ਮੰਤਰ ਉਤੇ ਅਮਲ

ਟੀ.ਐੱਨ. ਅਸ਼ੋਕ

30 ਜੂਨ-1 ਜੁਲਾਈ ਦੀ ਅੱਧੀ ਰਾਤ ਨੂੰ ਇਤਿਹਾਸ ਸਿਰਜਿਆ ਗਿਆ। ਭਾਵੇਂ ਕਿ 2017 ਅਤੇ 1947 ਦੀ ਅੱਧੀ ਰਾਤ ਦੇ ਉਤਸ਼ਾਹ ਅਤੇ ਖ਼ੁਸ਼ੀ ਦਾ ਆਪਸ ਵਿੱਚ ਕੋਈ ਮੁਕਾਬਲਾ ਨਹੀਂ ਹੈ, ਪਰ ਸਥਿਤੀ, ਸੰਸਦ ਦਾ ਉੱਚੇ ਗੁੰਬਦਾਂ ਵਾਲਾ ਕੇਂਦਰੀ ਹਾਲ ਇਤਿਹਾਸ ਦੇ ਉਨ੍ਹਾਂ ਪਲਾਂ ਨੂੰ ਮੁੜ ਤੋਂ ਜੀਅ ਰਿਹਾ ਸੀ ਜਦੋਂ ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਉਸ ਪਵਿੱਤਰ ਥਾਂ ਉਤੇ ਹਾਜ਼ਰ ਸਨ। ਇਸ ਵਾਰ ਆਰਥਿਕ ਆਜ਼ਾਦੀ ਦੇ ਜਸ਼ਨ ਸਨ, ਉਦੋਂ ਰਾਜਨੀਤਕ ਮੁਕਤੀ ਦਾ ਉਤਸ਼ਾਹ ਸੀ।

ਭਾਰਤ ਸਰਕਾਰ ਵਲੋਂ "ਇਕ ਦੇਸ਼ ਇਕ ਕਰ" ਦੇ ਮੂਲ ਮੰਤਰ ਉਤੇ ਅਮਲ ਕਰਦਿਆਂ ਵਸਤੂ ਤੇ ਸੇਵਾ ਕਰ ਦੀ ਸ਼ੁਰੂਆਤ ਕਰ ਦਿੱਤੀ ਗਈ ਜੋ ਬਾਜ਼ਾਰ ਨੂੰ ਇਕ ਕਰ ਦੇਵੇਗਾ। ਇਸ ਨਾਲ ਦੇਸ਼ ਭਰ ਵਿੱਚ ਵਸਤਾਂ ਦੀ ਆਵਾਜਾਈ ਰੁਕਾਵਟ ਰਹਿਤ ਹੋ ਜਾਵੇਗੀ ਅਤੇ ਨਿਰਮਾਣਕਾਰਾਂ, ਉਤਪਾਦਕਾਂ ਅਤੇ ਨਿਵੇਸ਼ਕਾਂ ਦੀ ਜਾਨ ਸੌਖੀ ਹੋ ਜਾਵੇਗੀ।

ਭਾਵੇਂ ਕਿ ਵਸਤੂ ਤੇ ਸੇਵਾ ਕਰ ਭਾਰਤੀ ਕਰ ਪ੍ਰਣਾਲੀ ਨੂੰ ਵਿਸ਼ਵੀ ਮਿਆਰਾਂ ਅਤੇ ਨਿਯਮਾਂ, ਖ਼ਾਸ ਕਰਕੇ ਯੂਰਪ ਅਤੇ ਅਮਰੀਕਾ ਦੀਆਂ ਪ੍ਰਣਾਲੀਆਂ ਦੇ ਹਾਣ ਦੀ ਹੋਣ ਦੀ ਕੋਸ਼ਿਸ਼ ਕਰੇਗਾ, ਜੋ ਮੁੱਖ ਵਪਾਰਕ ਭਾਈਵਾਲ ਹਨ, ਪਰ ਇਸ ਨੇਚਾਰ ਪੜਾਵੀ ਕਰ ਪ੍ਰਣਾਲੀ ਦੇ ਮਾਮਲੇ ਵਿੱਚ ਸਮੂਹਿਕ ਨੁਕਸਾਨ ਵੀ ਪਹੁੰਚਾਇਆ ਹੈ ਜਿਸ ਨਾਲ ਕੁੱਝ ਉਤਪਾਦ ਮਹਿੰਗੇ ਹੋ ਜਾਣਗੇ ਅਤੇ ਕੁੱਝ ਸਸਤੇ, ਜਨਤਕ ਖਪਤ ਵਾਲੀਆਂ ਵਸਤੂਆਂ ਸਸਤੀਆਂ ਹੋ ਗਈਆਂ ਹਨ। ਵਿਲਾਸਤਾ ਵਾਲੀਆਂ ਚੀਜ਼ਾਂ ਮਹਿੰਗੀਆਂ ਹੋ ਗਈਆਂ ਹਨ। ਕੀਮਤਾਂ ਵਧ ਗਈਆਂ ਹਨ। ਨਵੀਂ ਕਰ ਪ੍ਰਣਾਲੀ ਰੋਜ਼ਾਨਾ ਵਰਤੋਂ ਦੇ ਉਤਪਾਦਾਂ ਉਤੇ ਘੱਟ ਕਰ ਦਰਾਂ ਅਤੇਕਦੇ-ਕਦਾਈ ਵਰਤੀਆਂ ਜਾਣ ਵਾਲੀਆਂ ਸੇਵਾਵਾਂ ਉਤੇ ਲਾਏ ਜਾਣ ਵਾਲੇ ਉੱਚ ਕਰ ਦੇ ਸੰਤੁਲਨ ਨੂੰ ਸਮਝਣ ਲਈ ਲੋਕਾਂ ਨੂੰ ਕੁੱਝ ਸਮਾਂ ਲੱਗੇਗਾ।

ਵਸਤੂ ਤੇ ਸੇਵਾ ਕਰ ਨੂੰ ਲਾਗੂ ਕਰਨ ਦਾ ਸਿਹਰਾ ਕਿਸੇ ਇਕ ਰਾਜਨੀਤਕ ਦਲ ਨੂੰ ਨਹੀਂ ਦਿੱਤਾ ਜਾ ਸਕਦਾ, ਭਾਵੇਂ ਕਿ ਇਸ ਦੇ ਅਮਲ ਦੇ ਤਰੀਕੇ ਸੰਬੰਧੀ ਉਨ੍ਹਾਂ ਵਿੱਚ ਮੱਤਭੇਦ ਸਨ। ਤਦਵਕਤੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਜੋ ਉਦੋਂ ਦੇ ਪ੍ਰਧਾਨ ਮੰਤਰੀ ਸ਼੍ਰੀ ਪੀ.ਵੀ. ਨਰਸਿਮਹਾ ਦੀ ਸਰਕਾਰ ਅਧੀਨ ਆਰਥਿਕ ਸੁਧਾਰਾਂ ਦੇ ਮੋਢੀ ਸਨ, ਦੀ ਸਰਕਾਰ ਨੂੰ ਵਸਤੂ ਤੇ ਸੇਵਾ ਕਰ ਬਾਰੇ ਵਿਚਾਰ ਚਰਚਾ ਅਰੰਭ ਕਰਨ ਦਾ ਸਿਹਰਾ ਦਿੱਤਾ ਜਾ ਸਕਦਾ ਹੈ। ਪਰ ਉਦੋਂ ਦੀ ਸਰਕਾਰ ਅਤੇ ਮੌਜੂਦਾ ਸਰਕਾਰ ਦੇ ਕੁੱਝ ਇਕ ਪ੍ਰਾਵਧਾਨਾਂ ਉਤੇ ਮੱਤਭੇਦ ਸਨ।

ਆਓ ਇਤਿਹਾਸ ਉਤੇ ਝਾਤ ਮਾਰੀਏ ਅਤੇ ਵੇਖੀਏ ਕਿ ਵਸਤੂ ਤੇ ਸੇਵਾ ਕਰ ਕਿਵੇਂ ਹੋਂਦ ਵਿੱਚ ਆਇਆ।

ਮੌਜੂਦਾ ਸਰਕਾਰ ਨੇ ਲੋਕ ਸਭਾ ਵਲੋਂ ਪਾਸ ਕੀਤੇ ਅਤੇ ਰਾਜ ਸਭਾ ਵਲੋਂ ਵਾਪਸ ਕੀਤੇ ਚਾਰ ਕਾਨੂੰਨਾਂ ਨੂੰ ਅਪਣਾ ਕੇ ਵਸਤੂ ਤੇ ਸੇਵਾ ਕਰ ਦੀ ਤਸਦੀਕ ਕਰ ਦਿੱਤੀ (ਰਾਜ ਸਭਾ ਧਨ ਬਿਲ ਨੂੰ ਅਪਣਾ ਨਹੀਂ ਸਕਦੀ, ਸਿਰਫ ਵਾਪਸ ਕਰ ਸਕਦੀ ਹੈ)।

ਨਵਾਂ ਕਰ, ਜੋ ਇਕਸਮਾਨ ਅਸਿੱਧਾ ਕਰ ਨਿਜ਼ਾਮ ਅਰੰਭ ਕਰਨ ਦਾ ਦਾਅਵਾ ਕਰਦਾ ਹੈ, ਇਸ ਨਾਲ ਮਹਿੰਗਾਈ ਦਰ ਨਹੀਂ ਵਧੇਗੀ, ਜਿਵੇਂ ਕਿ ਕੁੱਝ ਵਰਗਾਂ ਵਲੋਂ ਡਰ ਪ੍ਰਗਟਾਇਆ ਜਾ ਰਿਹਾ ਹੈ। ਇਹ ਖਜ਼ਾਨਾ ਮੰਤਰੀ ਦਾ ਕਹਿਣਾ ਹੈ। ਸਾਰੀਆਂ ਸਰਕਾਰਾਂ ਨੇ ਵਸਤੂ ਤੇ ਸੇਵਾ ਕਰ ਲਾਗੂ ਕਰਨ ਲਈ ਆਪਣਾ ਯੋਗਦਾਨ ਪਾਇਆ ਹੈ ਅਤੇ ਕਿਸੇ ਇਕ ਵਿਅਕਤੀ ਨੂੰ ਇਸ ਦਾ ਸਿਹਰਾ ਨਹੀਂ ਦਿੱਤਾ ਜਾ ਸਕਦਾ। ਵਿਰੋਧੀ ਪਾਰਟੀਆਂ




ਵਲੋਂ ਪੇਸ਼ ਕੀਤੀਆਂ ਗਈਆਂ ਬਹੁਤ ਸਾਰੀਆਂ ਸੋਧਾਂ ਨੂੰ ਨਕਾਰਨ ਉਪਰੰਤ ਰਾਜ ਸਭਾ ਵਲੋਂ ਇਹ ਬਿਲ 29 ਮਾਰਚ ਨੂੰ ਪਾਸ ਕਰ ਦਿੱਤੇ ਗਏ ਸਨ। ਅੱਧ ਮਈ ਵਿੱਚ ਸਰਕਾਰ ਨੇ ਨਿਯਮਾਂ ਅਤੇ ਦਰਾਂ ਨੂੰ ਮਨਜ਼ੂਰੀ ਦੇ ਦਿੱਤੀ।

ਵਸਤੂ ਤੇ ਸੇਵਾ ਕਰ ਉਤੇ ਅਮਲ ਕਰਨ ਲਈ ਸੰਸਦ ਵਲੋਂ; 1) ਕੇਂਦਰੀ ਵਸਤੂ ਤੇ ਸੇਵਾ ਕਰ ਬਿੱਲ, 2017; 2) ਏਕੀਕ੍ਰਿਤ ਵਸਤੂ ਤੇ ਸੇਵਾ ਕਰ ਬਿੱਲ, 2017; 3) ਵਸਤੂ ਤੇ ਸੇਵਾ ਕਰ (ਰਾਜਾਂ ਨੂੰ ਮੁਆਵਜ਼ਾ) ਬਿੱਲ 2017; ਅਤੇ 4) ਕੇਂਦਰ ਸ਼ਾਸਿਤ ਵਸਤੂ ਤੇ ਸੇਵਾ ਕਰ ਬਿੱਲ, 2017 ਪਾਸ ਕੀਤੇ ਗਏ।

ਵਸਤੂ ਤੇ ਸੇਵਾ ਕਰ ਮੁੱਖ ਤੌਰ ਤੇ ਕੇਂਦਰ ਅਤੇ ਰਾਜ ਸਰਕਾਰਾਂ ਵਲੋਂ ਲਾਏ ਜਾਂਦੇ ਕਰਾਂ ਦੀ ਥਾਂ ਲਵੇਗਾ। ਵਸਤੂ ਤੇ ਸੇਵਾ ਕਰ ਨੂੰ ਸੰਵਿਧਾਨਕ (ਇਕ ਸੌ ਇੱਕਵੀਂ ਸੋਧ) ਐਕਟ, 2016 ਰਾਹੀਂ, ਸੰਵਿਧਾਨ ਦਾ 122ਵਾਂ ਸੋਧ ਬਿੱਲ ਪਾਸ ਹੋਣ ਉਪਰੰਤ ਅਮਲ ਹੇਠ ਲਿਆਂਦਾ ਗਿਆ। ਵਸਤੂ ਤੇ ਸੇਵਾ ਕਰ ਜੀ.ਐੱਸ.ਟੀ. ਸਭਾ ਦੇ ਅਧੀਨ ਹੈ ਅਤੇ ਇਸ ਦੇ ਮੁੱਖੀ ਕੇਂਦਰੀ ਖ਼ਜ਼ਾਨਾ ਮੰਤਰੀ ਹਨ। ਵਸਤੂ ਤੇ ਸੇਵਾ ਕਰ ਅਧੀਨ, ਵਸਤਾਂ ਤੇ ਸੇਵਾਵਾਂ ਉਤੇ 0.25 ਪ੍ਰਤਿਸ਼ਤ, 5 ਪ੍ਰਤਿਸ਼ਤ, 12 ਪ੍ਰਤਿਸ਼ਤ, 18 ਪ੍ਰਤਿਸ਼ਤ, 28 ਪ੍ਰਤਸ਼ਤ ਦੀ ਦਰ ਨਾਲ ਕਰ ਲਾਇਆ ਜਾਵੇਗਾ। ਅਣਘੜੇ ਕੀਮਤੀ ਅਤੇ ਅਰਧ-ਕੀਮਤੀ ਪੱਥਰਾਂ ਉਤੇ 0.25 ਪ੍ਰਤਿਸ਼ਤ ਅਤੇ ਸੋਨੇ ਉਤੇ 3 ਪ੍ਰਤਿਸ਼ਤ ਦੀ ਦਰ ਨਾਲ ਟੈਕਸ ਲਾਇਆ ਜਾਵੇਗਾ।

ਜੇ ਅਸੀਂ ਇਤਿਹਾਸ ਦੀ ਗਹਿਰਾਈ ਵਿੱਚ ਜਾਈਏ ਤਾਂ ਪਤਾ ਲੱਗੇਗਾ ਕਿ 1986 ਵਿੱਚ ਉਸ ਸਮੇਂ ਦੇ ਪ੍ਰਧਾਨ ਮੰਤਰੀ ਵਿਸ਼ਵਨਾਥ ਪ੍ਰਤਾਪ ਸਿੰਘ ਵਲੋਂ ਸੋਧਿਆ ਹੋਇਆ ਮੁੱਲ ਵਾਧਾ ਟੈਕਸ (ਐੱਮ ਓ ਡੀ ਵੀ ਏ ਟੀ) ਸ਼ੁਰੂ ਕੀਤਾ ਗਿਆ ਸੀ। ਵਸਤੂ ਤੇ ਸੇਵਾ ਕਰ (ਜੀ.ਐੱਸ.ਟੀ.) ਵੱਖ-ਵੱਖ ਅਸਿੱਧੇ ਕਰਾਂ ਨੂੰ ਆਪਣੇ ਵਿੱਚ ਸ਼ਾਮਲ ਕਰ ਲਵੇਗਾ ਜਿਸ ਵਿੱਚ ਕੇਂਦਰੀ ਆਬਕਾਰੀ ਕਰ, ਸੇਵਾ ਕਰ, ਵਧੀਕ ਸੀਮਾ ਸ਼ੁਲਕ, ਸਰਚਾਰਜ, ਰਾਜ ਪੱਧਰੀ ਮੁੱਲ ਵਾਧਾ ਟੈਕਸ ਅਤੇ ਚੂੰਗੀ ਆਦਿ ਸ਼ਾਮਲ ਹਨ। ਦੂਜੇ ਕਰ, ਜੋ ਅੰਤਰਰਾਜੀ ਵਸਤਾਂ ਦੀ ਢੋਆ-ਢੁਆਈ ਉਤੇ ਲਾਏ ਜਾਂਦੇ ਹਨ, ਉਨ੍ਹਾਂ ਦੇ ਵੀ ਵਸਤੂ ਤੇ ਸੇਵਾ ਕਰ ਨਿਜ਼ਾਮ ਵਿੱਚ ਖਤਮ ਹੋ ਜਾਣ ਦੀ ਆਸ ਹੈ।




ਹੇਠਾਂ ਦਿੱਤੇ ਗਏ ਕਰ ਵਸਤੂ ਤੇ ਸੇਵਾ ਕਰ (ਜੀ ਐੱਸ ਟੀ) ਵਲੋਂ ਇਕੱਠੇ ਕਰ ਦਿੱਤੇ ਜਾਣਗੇ : ਕੇਂਦਰੀ ਆਬਕਾਰੀ ਸ਼ੁਲਕ, ਵਪਾਰਕ ਕਰ, ਮੁੱਲ ਵਾਧਾ ਕਰ (ਵੈਟ), ਖਾਣਾ ਕਰ, ਕੇਂਦਰੀ ਵਿਕਰੀ ਕਰ (ਸੀ ਐੱਸ ਟੀ), ਚੂੰਗੀ, ਮਨੋਰੰਜਨ ਕਰ, ਦਾਖਲਾ ਕਰ, ਖਰੀਦ ਕਰ, ਵਿਲਾਸਤਾ ਕਰ, ਇਸ਼ਤਿਹਾਰਬਾਜ਼ੀ ਕਰ ਆਦਿ।

ਵਸਤੂ ਤੇ ਸੇਵਾ ਕਰ ਸਾਰੇ ਲੈਣ ਦੇਣ ਉਤੇ ਲਾਇਆ ਜਾਵੇਗਾ ਜਿਵੇਂ : ਵੇਚ, ਤਬਦੀਲੀ, ਖਰੀਦ, ਵਟਾਂਦਰਾ, ਲੀਜ਼ ਜਾਂ ਵਸਤਾਂ ਉਤੇ ਸੇਵਾਵਾਂ ਦਾ ਆਯਾਤ ਤੇ ਨਿਰਯਾਤ। ਭਾਰਤ ਵਲੋਂ ਦੋਹਰਾ ਜੀ ਐੱਸ ਟੀ ਮਾਡਲ ਅਪਣਾਇਆ ਜਾਵੇਗਾ, ਜਿਸ ਦਾ ਮਤਲਬ ਹੈ ਕਿ ਕਰ ਪ੍ਰਬੰਧਨ ਕੇਂਦਰ ਅਤੇ ਰਾਜ ਸਰਕਾਰਾਂ ਦੋਵਾਂ ਵਲੋਂ ਕੀਤਾ ਜਾਵੇਗਾ। ਕਿਸੇ ਇਕ ਰਾਜ ਵਿੱਚ ਕੀਤੇ ਗਏ ਲੈਣ ਦੇਣ ਉਤੇ ਕੇਂਦਰੀ ਵਸਤੂ ਸੇਵਾ ਕਰ (ਸੀ ਜੀ ਐੱਸ ਟੀ) ਕੇਂਦਰ ਸਰਕਾਰ ਅਤੇ ਰਾਜ ਜੀ ਐੱਸ ਟੀ (ਐੱਸ ਜੀ ਐੱਸ ਟੀ) ਉਸ ਰਾਜ ਦੀ ਸਰਕਾਰ ਵਲੋਂ ਲਾਇਆ ਜਾਵੇਗਾ। ਅੰਤਰ-ਰਾਜੀ ਲੈਣ-ਦੇਣ ਅਤੇ ਆਯਾਤ ਕੀਤੀਆਂ ਵਸਤਾਂ ਜਾਂ ਸੇਵਾਵਾਂ ਲਈ, ਕੇਂਦਰ ਸਰਕਾਰ ਵਲੋਂ ਏਕੀਕ੍ਰਿਤ ਜੀ ਐੱਸ ਟੀ (ਆਈ ਜੀ ਐੱਸ ਟੀ) ਲਾਇਆ ਜਾਵੇਗਾ। ਵਸਤੂ ਤੇ ਸੇਵਾ ਕਰ ਖਪਤ ਅਧਾਰਤ ਕਰ ਹੈ, ਇਸ ਲਈ, ਕਰ ਉਸ ਰਾਜ ਨੂੰ ਅਦਾ ਕੀਤੇ ਜਾਂਦੇ ਹਨ ਜਿਥੇ ਵਸਤਾਂ ਤੇ ਸੇਵਾਵਾਂ ਦੀ ਖਪਤ ਕੀਤੀ ਜਾਂਦੀ ਹੈ ਨਾ ਕਿ ਉਤਪਾਦਨ ਕਰਨ ਵਾਲੇ ਰਾਜ ਨੂੰ। ਆਈ ਜੀ ਐੱਸ ਟੀ ਰਾਜ ਸਰਕਾਰਾਂ ਵਲੋਂ ਕਰਾਂ ਦੇ ਇਕੱਤਰੀਕਰਨ ਨੂੰ ਗੁੰਝਲਦਾਰ ਬਣਾ ਦਿੰਦਾ ਹੈ ਕਿਉਂਕਿ ਉਹ ਆਪਣੇ ਹੱਕੀ ਕਰਾਂ ਦੇ ਇਕੱਤਰੀਕਰਨ ਤੋਂ ਵਾਂਝੇ ਹੋ ਜਾਂਦੇ ਹਨ ਜੋ ਉਹ ਸਿੱਧੇ ਕੇਂਦਰ ਸਰਕਾਰ ਤੋਂ ਪ੍ਰਾਪਤ ਕਰ ਸਕਦੇ ਸਨ। ਪਿਛਲੀ ਪ੍ਰਣਾਲੀ ਅਧੀਨ ਇਕ ਰਾਜ ਨੂੰ ਕਰ ਮਾਲੀਆ ਇਕੱਤਰ ਕਰਨ ਲਈ ਸਿਰਫ ਇਕ ਸਰਕਾਰ ਨਾਲ ਹੀ ਸੰਪਰਕ ਕਰਨਾ ਪੈਂਦਾ ਸੀ।

ਜੀ ਐੱਸ ਟੀ ਕਾਰਨ ਰਾਜਾਂ ਦੇ ਮਾਲੀਏ ਨੂੰ ਨੁਕਸਾਨ ਤੋਂ ਬਚਾਉਣ ਦਾ ਪ੍ਰਸਤਾਵ ਦਿੱਤਾ ਗਿਆ ਹੈ, ਇਸ ਆਸ ਨਾਲ ਕਿ ਪੈਟਰੋਲ ਅਤੇ ਪੈਟਰੋਲੀਅਮ ਉਤਪਾਦਾਂ ਉਤੇ ਵੀ ਵਸਤੂ ਤੇ ਸੇਵਾ ਕਰ ਲਾਗੂ ਕੀਤਾ ਜਾਵੇਗਾ। ਜੀ ਐੱਸ ਟੀ ਲਾਗੂ ਹੋਣ ਦੀ ਤਾਰੀਖ ਤੋਂ ਲੈ ਕੇ ਪੰਜ ਸਾਲਾਂ ਦੇ ਸਮੇਂ ਤੱਕ ਰਾਜਾਂ ਨੂੰ ਮਾਲੀਏ ਦਾ ਨੁਕਸਾਨ ਹੋਣ ਦੀ ਸੂਰਤ ਵਿੱਚ ਕੇਂਦਰ ਸਰਕਾਰ ਵਲੋਂ ਇਸ ਦੀ ਭਰਪਾਈ ਕਰਨ ਦਾ ਯਕੀਨ ਦੁਆਇਆ ਗਿਆ ਹੈ। ਵਸਤੂ ਤੇ ਸੇਵਾ ਕਰ ਦਾ ਇਕ ਮੁੱਖ ਅਸਰ ਭਾਰਤ ਵਿੱਚ ਈਂਧਣ ਦੀਆਂ ਰੋਜ਼ਾਨਾ ਬਦਲਦੀਆਂ ਕੀਮਤਾਂ ਹਨ।

ਪ੍ਰਸਤਾਵਿਤ ਵਸਤੂ ਤੇ ਸੇਵਾ ਕਰ ਕਾਨੂੰਨ ਦਾ ਅਧਿਐਨ ਕਰਨ ਲਈ 21 ਮੈਂਬਰੀ ਸਿਲੈਕਟ ਕਮੇਟੀ ਦਾ ਗਠਨ ਕੀਤਾ ਗਿਆ ਸੀ। ਕੇਂਦਰੀ ਸ਼ਾਸਤ ਪ੍ਰਦੇਸ਼ਾਂ ਅਤੇ ਰਾਜਾਂ ਦੇ ਵਸਤੂ ਤੇ ਸੇਵਾ ਕਰ ਕਾਨੂੰਨ, ਜੰਮੂ ਅਤੇ ਕਸ਼ਮੀਰ ਨੂੰ ਛੱਡ ਕੇ, ਬਾਕੀ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਲੋਂ ਪਾਸ ਕਰ ਦਿੱਤਾ ਗਿਆ, ਜਿਸ ਨਾਲ ਇਹ ਕਰ 1 ਜੁਲਾਈ 2017 ਤੋਂ ਲਾਗੂ ਕਰਨ ਦਾ ਰਾਹ ਪੱਧਰਾ ਹੋ ਗਿਆ। ਪ੍ਰਤਿਭੂਤੀਆਂ ਦੀ ਵੇਚ ਅਤੇ ਖਰੀਦ ਉਤੇ ਵਸਤੂ ਤੇ ਸੇਵਾ ਕਰ ਨਹੀਂ ਲੱਗੇਗਾ। ਇਸ ਦਾ ਪ੍ਰਬੰਧਨ ਪ੍ਰਤਿਭੂਤੀ ਲੈਣ ਦੇਣ ਕਰ (ਐੱਸ ਟੀ ਟੀ) ਅਧੀਨ ਜਾਰੀ ਰਹੇਗਾ।

ਇਸ ਸਮਾਂਨਾਂਤਰ ਇਕ "ਵਸਤੂ ਤੇ ਸੇਵਾ ਕਰ" ਨੈੱਟਵਰਕ (ਜੀ ਐੱਸ ਟੀ ਐੱਨ), ਜੋ ਲਾਭ ਰਹਿਤ ਸੰਗਠਨ ਹੈ, ਦੀ ਸਥਪਨਾ ਕੀਤੀ ਗਈ ਹੈ ਤਾਂ ਕਿ ਸਾਰੀਆਂ ਸੰਬੰਧਿਤ ਧਿਰਾਂ ਲਈ ਇਕ ਮੰਚ ਦਾ ਨਿਰਮਾਣ ਕੀਤਾ ਜਾ ਸਕੇ : ਜਿਵੇਂ ਹਿਤਧਾਰਕ, ਸਰਕਾਰ, ਕਰ ਅਦਾ ਕਰਨ ਵਾਲੇ, ਤਾਂ ਕਿ ਇਕ ਮੰਚ ਉਤੇ ਭਾਈਵਾਲੀ ਹੋ ਸਕੇ। ਇਹ ਪੋਰਟਲ ਕੇਂਦਰ ਸਰਕਾਰ ਦੇ ਨਿਯੰਤ੍ਰਣ ਵਿੱਚ ਹੋਵੇਗਾ ਜੋ ਹਰੇਕ ਲੈਣ ਦੇਣ ਉਤੇ ਨਿਗਰਾਨੀ ਰੱਖੇਗੀ ਜਦ ਕਿ ਕਰ ਦੇਣ ਵਾਲਿਆਂ ਕੋਲ ਰਿਟਰਨ/ਕਰ ਦਾਖਲ ਕਰਨ ਅਤੇ ਰਿਕਾਰਡ ਰੱਖਣ ਦੀ ਇਕ ਵਿਸ਼ਾਲ ਸੇਵਾ ਹੋਵੇਗੀ। ਆਈ ਟੀ ਨੈੱਟਵਰਕ ਨਿੱਜੀ ਇਕਾਈਆਂ ਵਲੋਂ ਵਿਕਸਤ

ਕੀਤਾ ਜਾਵੇਗਾ ਜੋ ਕੇਂਦਰ ਸਰਕਾਰ ਨਾਲ ਤਾਲਮੇਲ ਕਰਨਗੀਆਂ ਅਤੇ ਇਸੇ ਮੁਤਾਬਕ ਆਪਣੀ ਹਿੱਸੇਦਾਰੀ ਪ੍ਰਾਪਤ ਕਰਨਗੀਆਂ। ਜੀ ਐੱਸ ਟੀ ਐੱਨ ਦੀ ਕੁੱਲ ਜ਼ਾਹਰਾ ਪੂੰਜੀ 10 ਕਰੋੜ ਰੁਪਏ (1.6 ਮਿਲੀਅਨ ਅਮਰੀਕੀ ਡਾਲਰ) ਹੈ ਜਿਸ ਵਿੱਚ ਕੇਂਦਰ ਸਰਕਾਰ ਦੀ ਹਿੱਸੇਦਾਰੀ 24.5 ਪ੍ਰਤਿਸ਼ਤ ਸ਼ੇਅਰਾਂ ਦੀ ਹੈ ਜਦ ਕਿ ਰਾਜਾਂ ਦੀਆਂ ਸਰਕਾਰਾਂ ਕੋਲ 24.5 ਪ੍ਰਤਿਸ਼ਤ ਸ਼ੇਅਰ ਹਨ। ਬਾਕੀ ਨਿੱਜੀ ਬੈਂਕਿੰਗ ਇਕਾਈਆਂ ਕੋਲ ਹਨ।

ਜੀ ਐੱਸ ਟੀ ਐਕਟ ਤਹਿਤ ਇਸ ਨੂੰ 2 ਸਤੰਬਰ 2017 ਤੱਕ ਅਮਲ ਹੇਠ ਲਿਆਉਣਾ ਜ਼ਰੂਰੀ ਹੈ। ਛੋਟ ਸਿਰਫ 12 ਸਤੰਬਰ, 2017 ਤੱਕ ਹੈ, ਜਿਸ ਤੋਂ ਬਾਅਦ ਸਾਰੇ ਪਹਿਲੇ ਕਰ ਸਮਾਪਤ ਹੋ ਜਾਣਗੇ। ਇਸੇ ਕਰਕੇ ਹੀ ਸਰਕਾਰ 1 ਜੁਲਾਈ, 2017 ਤੋਂ ਵਸਤੂ ਤੇ ਸੇਵਾ ਕਰ ਅਰੰਭ ਕਰਨਾ ਚਾਹੁੰਦੀ ਸੀ ਤਾਂ ਕਿ ਸਾਰੇ ਅਸਿੱਧੇ ਕਰਾਂ ਨੂੰ ਇਸ ਵਿੱਚ ਜਜ਼ਬ ਕਰਕੇ ਇਨ੍ਹਾਂ ਦੀ ਥਾਂ ਇਕ ਕਰ ਲਾਗੂ ਕੀਤਾ ਜਾ ਸਕੇ। ਦੇਸ਼ ਅਜਿਹੀ ਸਥਿਤੀ ਵਿੱਚ ਨਹੀਂ ਲਿਜਾਇਆ ਜਾ ਸਕਦਾ ਜਿਸ ਵਿੱਚ ਕੋਈ ਕਰ ਨਾ ਹੋਵੇ।

ਇਸੇ ਕਰਕੇ ਹੀ ਸਰਕਾਰ ਨੇ ਅੱਧੀ ਅੱਧੀ ਰਾਤ ਤੱਕ ਕੰਮ ਕੀਤਾ ਅਤੇ 1 ਜੁਲਾਈ 2017 ਨੂੰ, ਬਹੁਤ ਹੀ ਉਤਸ਼ਾਹੀ ਮਾਹੌਲ ਵਿੱਚ ਜੀ ਐੱਸ ਟੀ ਲਾਗੂ ਕਰਨ ਦਾ ਆਪਣਾ ਵਾਅਦਾ ਨਿਭਾਅ ਸਕੀ। ਇਸ ਵਾਸਤੇ ਅੱਧੀ ਰਾਤ ਨੂੰ ਸੰਸਦ ਦਾ ਇਜਲਾਸ ਬੁਲਾਇਆ ਗਿਆ ਤਾਂ ਕਿ ਦੁਨੀਆਂ ਇਸ ਇਤਿਹਾਸਕ ਘਟਨਾ ਦੀ ਗਵਾਹ ਬਣ ਸਕੇ। ਕੁੱਝ ਕਰ ਦਰਾਂ ਅਤੇ ਇਸ ਦੇ ਫੌਰੀ ਅਰਥ ਬਾਰੇ ਕੁੱਝ ਸ਼ੰਕਾਵਾਂ ਸਨ ਅਤੇ ਸੱਨਅਤਾਂ ਵਲੋਂ ਮਹਿਸੂਸ ਕੀਤਾ ਜਾ ਰਿਹਾ ਸੀ ਕਿ ਆਪਣੇ ਕੰਮਾਂ ਨੂੰ ਨਵੀਂ ਕਰ ਪ੍ਰਣਾਲੀ ਮੁਤਾਬਕ ਪੁਨਰਗਠਿਤ ਕਰਨ ਲਈ ਇਹ ਹਾਲੇ ਤਿਆਰ ਨਹੀਂ। ਜਿਵੇਂ ਕਿ ਕਿਸੇ ਵੀ ਨਵੇਂ ਕਾਨੂੰਨ ਬਾਰੇ ਸ਼ੰਕਾ ਅਤੇ ਦੁਵਿਧਾ ਹੁੰਦੀ ਹੈ, ਜੀ ਐੱਸ ਟੀ ਨੇ ਵੀ ਪੂਰੇ ਦੇਸ਼ ਨੂੰ ਹੈਰਾਨੀ ਵਿੱਚ ਪਾ ਦਿੱਤਾ ਜਦੋਂ ਉਨ੍ਹਾਂ ਨੇ ਆਪਣੇ ਵਧੇ ਹੋਏ ਬਿਲ ਵੇਖੇ।

ਜੋ ਗੱਲ ਨਾਗਰਿਕਾਂ ਨੂੰ ਸਮਝ ਨਹੀਂ ਸੀ ਆ ਰਹੀ, ਉਹ ਸੀ ਕਿ ਦੇਸ਼ ਨੇ ਇਕ ਨਵੇਂ




ਮੰਜ਼ਲ ਕਰ ਨੂੰ ਅਪਨਾ ਲਿਆ ਸੀ। ਉਹ ਇਕ ਖਪਤਕਾਰੀ ਕਰ ਹੈ। ਕਰ ਖਪਤ ਵਾਲੀ ਥਾਂ ਉਤੇ ਲਾਇਆ ਜਾਂਦਾ ਹੈ – ਤਾਮਿਲਨਾਡੂ ਜਾਂ ਮਹਾਰਾਸ਼ਟਰ ਜਾਂ ਆਂਧਰ ਪ੍ਰਦੇਸ਼ ਵਿੱਚ ਤਿਆਰ ਕੀਤੀ ਕਿਸੇ ਵਸਤੂ ਉਤੇ ਕਰ ਇਸ ਦੇ ਖਪਤ ਵਾਲੀ ਥਾਂ ਉਤੇ ਲਾਇਆ ਗਿਆ ਜਿਵੇਂ ਦਿੱਲੀ, ਚੰਡੀਗੜ੍ਹ, ਜੈਪੁਰ ਜਾਂ ਲਖਨਊ।

ਜੇ 8 ਨਵੰਬਰ 2016 ਦੀ ਨੋਟਬੰਦੀ ਨੇ ਪਹਿਲੇ ਹਫ਼ਤੇ ਦੇਸ਼ ਨੂੰ ਦੁਵਿਧਾ ਵਿੱਚ ਪਾ ਦਿੱਤਾ ਸੀ, ਫਿਰ 1 ਜੁਲਾਈ 2017 ਤੋਂ ਲਾਗੂ ਹੋਏ ਵਸਤੂ ਤੇ ਸੇਵਾ ਕਰ ਨੇ ਕਈਆਂ ਨੂੰ ਅਚੰਭਿਤ, ਦੁਖੀ ਅਤੇ ਪਰੇਸ਼ਾਨ ਕਰ ਦਿੱਤਾ ਸੀ ਕਿਉਂਕਿ ਬਿਲ ਵਧ ਗਏ ਸਨ।ਪਰ ਸਰਕਾਰ ਦੀਆਂ ਇੱਛਾਵਾਂ ਬਿਲਕੁਲ ਵਾਜਬ ਅਤੇ ਸਪੱਸ਼ਟ ਹਨ। ਇਸ ਨੇ 'ਇਕ ਦੇਸ਼ ਇਕ ਕਰ' ਅਰੰਭ ਕਰਨ ਦਾ ਯਤਨ ਕੀਤਾ ਹੈ ਜਿਸ ਦਾ ਉਦੇਸ਼ ਬਾਜ਼ਾਰਾਂ ਨੂੰ ਇਕ ਕਰਨਾ ਅਤੇ ਵਿਸ਼ਵੀ ਮਿਆਰਾਂ ਦੇ ਹਾਣ ਦਾ ਕਰਨਾ ਹੈ ਤਾਂ ਕਿ ਵਿਸ਼ਵੀ ਬਾਜ਼ਰਾਂ ਵਿੱਚ ਭਾਰਤ ਦੀ ਸਥਿਤੀ ਜ਼ਿਆਦਾ ਮੁਕਾਬਲੇਬਾਜ਼ੀ ਵਾਲੀ ਬਣ ਸਕੇ।

ਅਸਲ ਵਿੱਚ ਵਸਤੂ ਤੇ ਸੇਵਾ ਕਰ ਕਾਲੇ ਧਨ ਉਤੇ ਦੂਜੀ ਸਰਜੀਕਲ ਸਟ੍ਰਾਈਕ ਹੈ ਕਿਉਂਕਿ ਵਪਾਰੀ ਨੂੰ ਪੰਜੀਕ੍ਰਿਤ ਹੋ ਕੇ ਜੀ ਐੱਸ ਟੀ ਆਈ ਐੱਨ (ਪੰਜੀਕਰਨ ਸੰਖਿਆ) ਲੈਣੀ ਹੋਵੇਗੀ ਅਤੇ ਮਹੀਨਾਵਾਰ ਜਾਂ ਤਿਮਾਹੀ ਦੀ ਕਰ ਇਕੱਤਰੀਕਰਨ ਦੀ ਸਟੇਟਮੈਂਟ ਜਮ੍ਹਾ ਕਰਵਾਉਣੀ ਪਵੇਗੀ। ਹਰੇਕ ਵਪਾਰੀ ਲਈ ਹਿਸਾਬ-ਕਿਤਾਬ ਰੱਖਣਾ ਹੁਣ ਕਾਨੂੰਨੀ ਤੌਰ ਤੇ ਜ਼ਰੂਰੀ ਹੋ ਗਿਆ ਹੈ।

### ਸਰਕਾਰ ਨੇ ਕੀ ਕਰਨ ਦਾ ਯਤਨ ਕੀਤਾ ਹੈ

ਜੀ ਐੱਸ ਟੀ ਦਾ ਮੰਤਵ 15 ਤੋਂ 20 ਕਰਾਂ ਨੂੰ ਦੇਸ਼ ਭਰ ਵਿੱਚ ਇਕ ਕਰ ਵਿੱਚ ਜਜ਼ਬ ਕਰਨਾ, ਭਾਰਤ ਦੇ ਬਾਜ਼ਾਰਾਂ ਨੂੰ ਇਕ ਕਰਨਾ ਅਤੇ ਦੇਸ਼ ਭਰ ਵਿੱਚ ਵਸਤੂਆਂ ਦੀ ਇਕ ਕੀਮਤ ਨਿਰਧਾਰਤ ਕਰਨਾ ਹੈ, ਭਾਵੇਂ ਕਿ ਕੁੱਝ ਵਸਤੂਆਂ ਮਹਿੰਗੀਆਂ ਹੋ ਗਈਆਂ ਹਨ ਅਤੇ ਕੁੱਝ ਸਸਤੀਆਂ।

ਜੀ ਐੱਸ ਟੀ ਇਕ ਸਾਦਾ ਕਰ ਹੈ ਪਰ ਇਸ ਉਤੇ ਅਮਲ ਜਟਿਲਤਾ ਭਰਿਆ ਹੈ ਕਿਉਂਕਿ ਵੱਖ-ਵੱਖ ਵਸਤੂਆਂ ਲਈ ਇਸ ਵਿੱਚ ਪੰਜ ਪੜਾਵੀ ਕਰ ਸਲੈਬ ਹਨ। ਵਿਲਾਸਤਾ ਵਾਲੀਆਂ ਚੀਜ਼ਾਂ

ਮਹਿੰਗੀਆਂ ਹੋ ਗਈਆਂ ਹਨ, ਜਨਤਕ ਖਪਤ ਵਾਲੀਆਂ ਚੀਜ਼ਾਂ ਸਸਤੀਆਂ ਹੋ ਗਈਆਂ ਹਨ। ਇਹ ਕੋਈ ਨਵੀਂ ਗੱਲ ਨਹੀਂ : ਦੁਨੀਆਂ ਦੇ ਜ਼ਿਆਦਾਤਰ ਦੇਸ਼ ਵਿਸ਼ਵ ਪੱਧਰ ਉਤੇ ਆਪਣੀਆਂ ਵਸਤਾਂ ਨੂੰ ਮੁਕਾਬਲੇ ਵਾਲੀਆਂ ਬਣਾਉਣ ਲਈ ਪਹਿਲਾਂ ਹੀ ਇਸ ਉਤੇ ਅਮਲ ਕਰ ਰਹੇ ਹਨ। ਸਿਰਫ ਇਸ ਗੱਲ ਨੂੰ ਛੱਡ ਕੇ 28 ਪ੍ਰਤਿਸ਼ਤ ਦੀ ਸਰਵੋਚ ਕਰ ਦਰ, ਜੋ ਵਿਲਾਸਤਾ ਵਾਲੀਆਂ ਚੀਜ਼ਾਂ ਉਤੇ ਲਾਈ ਗਈ ਹੈ, ਦੁਨੀਆਂ ਭਰ ਵਿੱਚ ਸਭ ਤੋਂ ਜ਼ਿਆਦਾ ਹੈ। ਇਥੋਂ ਤੱਕ ਕਿ ਯੂ.ਕੇ. ਅਤੇ ਅਮਰੀਕਾ ਵਿੱਚ ਵੀ ਜੀ ਐੱਸ ਟੀ ਦੀ ਉੱਚਤਮ ਦਰ 17 ਪ੍ਰਤਿਸ਼ਤ ਤੋਂ ਜ਼ਿਆਦਾ ਨਹੀਂ।

ਜੀ ਐੱਸ ਟੀ ਦੀ ਧਾਰਣਾ ਬਿਲਕੁਲ ਅਲੱਗ ਹੈ। ਇਹ ਥਾਂ ਸਰੋਤ ਉਤੇ ਲਾਇਆ ਜਾਣ ਵਾਲਾ ਟੈਕਸ ਨਹੀਂ। ਮੰਜ਼ਲ ਟੈਕਸ ਹੈ ਜਾਂ ਇਉਂ ਕਹਿ ਲਈਏ ਕਿ ਇਹ ਖਪਤ ਕਰ ਹੈ। ਇਕ ਉਤਪਾਦ ਦਾ ਨਿਰਮਾਣ ਤਾਮਿਲਨਾਡੂ ਵਿੱਚ ਕੀਤਾ ਜਾਂਦਾ ਹੈ ਅਤੇ ਦੇਸ਼ ਵਿੱਚ ਪੈਂਡਾ ਮਾਰ ਕੇ ਇਹ ਦਿੱਲੀ ਪਹੁੰਚ ਜਾਂਦਾ ਹੈ ਜਿਥੇ ਖਰੀਦਦਾਰ ਜਾਂ ਖਪਤਕਾਰ ਇਸ ਉਤੇ ਕਰ ਅਦਾਇਗੀ ਕਰਦਾ ਹੈ। ਇਸ ਟੈਕਸ ਵਿੱਚ ਰਾਜ ਅਤੇ ਕੇਂਦਰ ਦੀ ਹਿੱਸੇਦਾਰੀ ਹੈ। ਜੇ ਰੈਸਤਰਾਂ ਉਤੇ ਲਾਇਆ ਗਿਆ ਕਰ 18 ਪ੍ਰਤਿਸ਼ਤ ਹੈ ਤਾਂ 9 ਪ੍ਰਤਿਸ਼ਤ ਸੀ ਜੀ ਐੱਸ ਟੀ ਰਾਹੀਂ ਕੇਂਦਰ ਨੂੰ ਜਾਵੇਗਾ ਅਤੇ ਐੱਸ ਜੀ ਐੱਸ ਟੀ ਰਾਹੀਂ 9 ਪ੍ਰਤਿਸ਼ਤ ਰਾਜ ਨੂੰ ਹਾਸਲ ਹੋ ਜਾਵੇਗਾ। ਇਹ ਬਿਲ ਅੰਦਰ ਵੀ ਦਰਸਾਇਆ ਜਾਂਦਾ ਹੈ।

ਸ਼ਰਾਬ ਪੀਣੀ ਅਤੇ ਖਾਣਾ ਮਹਿੰਗੇ ਹੋ ਗਏ ਹਨ। ਸਫਰ, ਖ਼ਾਸ ਕਰਕੇ ਹਵਾਈ ਸਫ਼ਰ ਮਹਿੰਗਾ ਹੋ ਗਿਆ ਹੈ ਅਤੇ ਏ ਸੀ, ਫਰਿੱਜ ਅਤੇ ਵਾਸ਼ਿੰਗ ਮਸ਼ੀਨਾਂ ਜਾਂ ਇਉਂ ਕਹਿ ਲਈਏ ਚਿੱਟੀਆਂ ਵਸਤਾਂ ਮਹਿੰਗੀਆਂ ਹੋ ਗਈਆਂ ਹਨ। ਲਗਭਗ 1200 ਵਸਤਾਂ ਉਤੇ ਜੀ ਐੱਸ ਟੀ ਲਾਇਆ ਗਿਆ ਹੈ। ਵੱਡੀ ਸੰਖਿਆ ਵਿੱਚ ਵਸਤੂਆਂ 18 ਪ੍ਰਤਿਸ਼ਤ ਕਰ ਦਾਇਰੇ ਹੇਠ ਆਉਂਦੀਆਂ ਹਨ। ਇਸ ਕਰ ਦਾਇਰੇ ਹੇਠ 81 ਪ੍ਰਤਿਸ਼ਤ ਵਸਤੂਆਂ ਆ ਜਾਂਦੀਆਂ ਹਨ। ਜਿਹੜੀਆਂ ਵਸਤੂਆਂ ਸਸਤੀਆਂ ਹੋ ਗਈਆਂ ਹਨ, ਉਹ ਹਨ: ਖਾਣ ਵਾਲੇ ਪਦਾਰਥ – 1) ਦੁੱਧ ਪਾਊਡਰ, 2) ਦਹੀਂ, 3) ਲੱਸੀ, 4) ਬਿਨਾਂ ਮਾਰਕੇ ਵਾਲਾ ਕੁਦਰਤੀ ਸ਼ਹਿਦ, 5) ਡੇਅਰੀ ਸਪਰੈਡ, 6) ਪਨੀਰ, 7) ਮਸਾਲੇ, 8) ਚਾਹ, 9) ਕਣਕ, 10) ਚਾਵਲ, 11) ਆਟਾ, 12) ਮਸਾਲੇ, 13) ਮੂੰਗਫਲੀ ਤੇਲ, 14) ਪਾਮ ਆਇਲ, 15) ਸੂਰਜਮੁਖੀ ਤੇਲ, 16) ਨਾਰੀਅਲ ਤੇਲ, 17) ਸਰ੍ਹੋਂ ਦਾ ਤੇਲ, 18) ਖੰਡ, 19) ਗੁੜ, 20) ਖੰਡ ਤੋਂ ਬਣੀ ਕਨਫੈਕਸ਼ਨਰੀ, 21) ਪਾਸਤਾ, 22) ਸਪੈਗੈਟੀ, 23) ਮੈਕੋਰਨੀ, 24) ਨੂਡਲਜ਼, 25) ਫਲ ਤੇ ਸਬਜ਼ੀਆਂ, 26) ਅਚਾਰ, 27) ਮੁਰੱਬਾ, 28) ਚਟਣੀ, 29) ਮਠਿਆਈ।

ਰੋਜ਼ਾਨਾ ਵਰਤੋਂ ਦੀਆਂ ਵਸਤਾਂ : 1) ਨਹਾਉਣ ਵਾਲਾ ਸਾਬਣ, 2) ਵਾਲਾਂ ਦਾ ਤੇਲ, 3) ਕੱਪੜੇ ਧੋਣ ਵਾਲਾ ਪਾਊਡਰ, 4) ਸਾਬਣ, 5) ਟਿਸ਼ੂ ਪੇਪਰ, 6) ਨੈਪਕਿਨ, 7) ਮਾਚਸ, 8) ਮੋਮਬੱਤੀ, 9) ਕੋਲਾ, 10) ਮਿੱਟੀ ਦਾ ਤੇਲ, 11) ਘਰੇਲੂ ਰਸੋਈ ਗੈਸ, 12) ਚਮਚ, 13) ਕਾਂਟੇ, 14) ਕੜਛੀ, 15) ਪੋਣੀਆਂ, 16) ਕੇਕ ਸਰਵਰ, 17) ਮੱਛੀ ਕੱਟਣ ਵਾਲੇ ਚਾਕੂ, 18) ਚਿਮਟਾ, 19) ਅਗਰਬੱਤੀ, 20) ਟੁੱਥਪੇਸਟ।

ਸਟੇਸ਼ਨਰੀ : 1) ਕਾਪੀਆਂ, 2) ਪੈੱਨ, 3) ਹਰ ਪ੍ਰਕਾਰ ਦਾ ਕਾਗ਼ਜ਼, 4) ਗ੍ਰਾਫ ਪੇਪਰ, 5) ਸਕੂਲ ਬੈਗ, 6) ਅਭਿਆਸ ਪੁਸਤਕਾਂ, 7) ਚਿੱਤਰ ਰੇਖਾ ਅਤੇ ਰੰਗ ਕਰਨ ਵਾਲੀਆਂ ਕਿਤਾਬਾਂ, 8) ਚਰਮਪੱਤਰ, 9) ਕਾਰਬਨ ਪੇਪਰ, 10) ਪ੍ਰਿੰਟਰਜ਼।

ਸਿਹਤ ਸੰਭਾਲ : 1) ਇਨਸੂਲਿਨ, 2) ਡਾਕਟਰੀ ਵਰਤੋਂ ਲਈ ਐਕਸ-ਰੇਅ ਫ਼ਿਲਮ, 3) ਜਾਂਚ ਕਿੱਟਾਂ, 4) ਚਸ਼ਮਿਆਂ ਦੇ ਸ਼ੀਸ਼ੇ, 5) ਸ਼ੱਕਰ ਰੋਗ ਅਤੇ ਕੈਂਸਰ ਦੀਆਂ ਦਵਾਈਆਂ।

ਕੱਪੜੇ : 1) ਸਿਲਕ, 2) ਊਨੀ ਕੱਪੜੇ, 3) ਸੂਤੀ ਧਾਗਾ, 4) ਗਾਂਧੀ ਟੋਪੀ, 5) 500 ਰੁਪਏ ਤੋਂ ਘੱਟ ਦੇ ਜੁੱਤੇ, 6) 1000 ਰੁਪਏ ਤੱਕ ਦੇ ਕੱਪੜੇ।

ਆਸ ਕੀਤੀ ਜਾਂਦੀ ਹੈ ਕਿ ਘੱਟ ਜੀ ਐੱਸ ਟੀ ਦਰਾਂ ਨਾਲ ਮਹਿੰਗਾਈ ਦਰ ਵਿੱਚ ਭਾਵੇਂ ਗਿਰਾਵਟ ਆਵੇਗੀ, ਪਰ ਥੋੜ੍ਹੇ ਸਮੇਂ ਦੌਰਾਨ ਆਰਥਿਕ ਤਰੱਕੀ ਵਿੱਚ ਕੋਈ ਜ਼ਿਆਦਾ ਸੁਧਾਰ ਨਹੀਂ ਆਵੇਗਾ ਭਾਵੇਂ ਕਿ ਦਰਮਿਆਨੇ ਸਮੇਂ ਦੌਰਾਨ ਵਿੱਤੀ ਮਾਹਰਾਂ ਦਾ ਕਹਿਣਾ ਹੈ ਕਿ ਇਸ ਦਾ ਫਾਇਦਾ ਭਾਰਤ ਦੇ ਵਪਾਰ ਅਤੇ ਸਰਕਾਰ ਨੂੰ ਮਿਲੇਗਾ। ਜ਼ਿਆਦਾਤਰ ਆਰਥਿਕ ਮਾਹਰ ਪੇਸ਼ੀਨਗੋਈ ਕਰਦੇ ਹਨ ਕਿ ਮਹਿੰਗਾਈ ਦਰ ਵਿੱਚ ਕਮੀ ਆਵੇਗੀ ਕਿਉਂਕਿ ਜ਼ਿਆਦਾਤਰ ਵਸਤਾਂ ਲਈ ਜੀ ਐੱਸ ਟੀ ਦਰਾਂ ਘੱਟ ਰੱਖੀਆਂ ਗਈਆਂ ਹਨ। ਇੰਡੀਆ ਇਨਕਾਰਪੋਰੇਸ਼ਨ ਦੇ ਸਾਹਮਣੇ ਵੱਡਾ ਕੰਮ ਖਲੋਤਾ ਹੈ ਕਿਉਂਕਿ ਜ਼ਿਆਦਾਤਰ ਨਿਰਮਾਣ ਇਕਾਈਆਂ ਅਤੇ ਸੱਨਅਤਾਂ ਨੂੰ ਹੁਣ ਆਪਣਾ ਕਾਰੋਬਾਰ ਪੁਨਰਗਠਿਤ ਕਰਨਾ ਪਵੇਗਾ ਕਿਉਂਕਿ ਦੇਸ਼ ਜੀ ਐੱਸ ਟੀ ਨਿਜ਼ਾਮ ਵੱਲ ਚਲਾ ਗਿਆ ਹੈ ਜਿਸ ਨਾਲ ਜੀ ਐੱਸ ਟੀ ਆਈ ਐੱਨ ਰਾਹੀਂ ਪੰਜੀਕਰਨ ਹੋਣ ਕਰਕੇ ਹੋਰ ਜ਼ਿਆਦਾ ਛੋਟੀਆਂ ਕੰਪਨੀਆਂ ਕਰ ਦੇ ਦਾਇਰੇ ਹੇਠ ਆ ਜਾਣਗੀਆਂ। ਪੇਚੀਦਾ ਗੱਲ ਇਹ ਹੈ ਕਿ ਭਾਵੇਂ ਮਹਿੰਗਾਈ ਦਰ ਘਟ ਜਾਵੇਗੀ, ਅਰਥਸ਼ਾਸਤਰੀਆਂ ਦਾ ਮੰਨਣਾ ਹੈ ਕਿ ਇਸ ਦਾ ਭਾਰਤ ਦੇ ਰਿਜ਼ਰਵ ਬੈਂਕ ਉਤੇ ਕੋਈ ਬਹੁਤਾ ਅਸਰ ਨਹੀਂ ਪਵੇਗਾ ਜਿਸ ਨਾਲ ਉਹ ਅਗਲੀ ਨੀਤੀ ਸਮੀਖਿਆ ਸਮੇਂ ਨੀਤੀਗਤ ਵਿਆਜ਼ ਦਰਾਂ ਵਿੱਚ ਕਮੀ ਕਰ ਸਕੇ। ਰਿਜ਼ਰਵ ਬੈਂਕ ਮਾਨਸੂਨ ਦੀ ਸਥਿਤੀ ਅਤੇ ਨਵੀਂ ਕਰ ਪ੍ਰਣਾਲੀ ਕੀ ਰੁਖ ਅਖਤਿਆਰ ਕਰਦੀ ਹੈ, ਇਸ ਦੀ ਸਮੀਖਿਆ ਕਰੇਗੀ। ਇਹ ਕਹਿਣਾ ਹੈ ਸੁਨੀਲ ਸਿਨਹਾ ਦਾ ਜੋ ਇੰਡੀਆ ਰੇਟਿੰਗਜ਼ ਦੇ ਪ੍ਰਮੁੱਖ ਅਰਥਸ਼ਾਸਤਰੀ ਹਨ।

ਅਰਥਸ਼ਾਸਤਰੀਆਂ ਅਤੇ ਉਦਯੋਗਿਕ ਨਿਰੀਖਿਅਕਾਂ ਦਾ ਦਾਅਵਾ ਹੈ ਕਿ ਜੀ ਐੱਸ ਟੀ ਦੇ ਅਲਪਕਾਲ ਵਿੱਚ ਪੰਜ ਮੁੱਖ ਪ੍ਰਭਾਵ ਪੈਣਗੇ : ਕਾਰਪੋਰੇਟ ਇਕਾਈਆਂ ਅਤੇ ਉਨ੍ਹਾਂ ਦੇ ਕਾਰਜਾਂ ਵਿੱਚ ਰੱਦੋਬਦਲ : ਕਿਵੇਂ?

ਨਵੀਂ ਕਰ ਪ੍ਰਣਾਲੀ ਬਹੁਤ ਸਾਰੀਆਂ ਕੰਪਨੀਆਂ ਨੂੰ ਉਨ੍ਹਾਂ ਦੇ ਕੰਮਾਂ ਦਾ ਪੁਨਰਗਠਨ ਕਰਨ ਲਈ ਮਜਬੂਰ ਕਰ ਦੇਵੇਗੀ। ਕੰਪਨੀਆਂ ਹੁਣ ਵਿਕ੍ਰੇਤਾਵਾਂ ਅਤੇ ਪੂਰਤੀਕਾਰਾਂ ਨੂੰ ਰਸੀਦ ਦੇਣ ਉਤੇ ਜ਼ੋਰ ਦੇਣਗੀਆਂ ਕਿਉਂਕਿ ਜੀ ਐੱਸ ਟੀ ਲਾਗੂ ਹੋਣ ਨਾਲ ਇਕਾਈਆਂ ਲਈ ਕਰ ਚੋਰੀ ਅਸੰਭਵ ਹੋ ਜਾਵੇਗੀ। ਵੱਡੀਆਂ ਕੰਪਨੀਆਂ ਨੂੰ ਲਾਭ ਮਿਲੇਗਾ ਕਿਉਂਕਿ ਉਨ੍ਹਾਂ ਦੀ ਪੂਰਤੀ ਲੜੀ ਬਣੀ ਹੋਈ ਹੈ ਅਤੇ ਉਹ ਲਾਗਤ ਉਤੇ ਆਏ ਟੈਕਸਾਂ ਦੀ ਭਰਪਾਈ ਕਰ ਸਕਦੇ ਹਨ। ਛੋਟੀਆਂ ਇਕਾਈਆਂ ਦੇ ਖਰਚੇ ਵਧ ਜਾਣਗੇ ਕਿਉਂਕਿ ਪਾਲਣਾ ਕਰਨ ਦੀ ਲਾਗਤ ਵਧ ਜਾਵੇਗੀ। ਭਾਵੇਂ ਕਿ ਉਤਪਾਦਨ ਇਕਾਈਆਂ ਆਬਕਾਰੀ ਮੁਕਤ ਖੇਤਰਾਂ ਵਿੱਚ ਹੋਣ ਕਾਰਨ ਕੰਪਨੀਆਂ ਉਤੇ ਅਸਰ ਵੱਖੋ-ਵੱਖਰਾ ਹੋ ਸਕਦਾ ਹੈ, ਜੀ ਐੱਸ ਟੀ ਉਤੇ ਅਮਲ ਹੋਣ ਦਾ ਨਤੀਜਾ ਪੂਰਤੀ ਲੜੀ ਨੈੱਟਵਰਕ ਵਿੱਚ ਲਾਗਤ ਬੱਚਤ ਦੇ ਰੂਪ ਵਿੱਚ ਨਿਕਲੇਗਾ ਅਤੇ ਅਸੰਗਠਿਤ




ਖੇਤਰ ਤੋਂ ਸੰਗਠਿਤ ਖੇਤਰ ਵੱਲ ਮੁਹਾਰ ਮੁੜਨ ਦੀ ਪ੍ਰਕਿਰਿਆ ਵਿੱਚ ਤੇਜ਼ੀ ਆਵੇਗੀ।" ਅਜਿਹਾ ਬਿਆਨ ਮੀਡੀਆ ਵਿੱਚ ਵਿਦੇਸ਼ੀ ਦਲਾਲੀ ਕੰਪਨੀ 'ਜੈਫਰੀਜ਼' ਵਲੋਂ ਦਿੱਤਾ ਗਿਆ ਹੈ।

ਘੱਟ ਕਰਾਂ ਦਾ ਲਾਭ ਜਨਤਾ ਤੱਕ ਕਿਵੇਂ ਪਹੁੰਚਾਇਆ ਜਾਵੇ? ਭਾਵੇਂ ਕਿ ਵਿੱਤ ਮੰਤਰੀ ਦੀ ਸਦਾਰਤ ਵਾਲੀ ਜੀ ਐੱਸ ਟੀ ਕੌਂਸਲ ਵਲੋਂ ਇਸ ਗੱਲ ਉਤੇ ਨਜ਼ਰ ਰੱਖੀ ਜਾਵੇਗੀ ਕਿ ਕੀ ਕੰਪਨੀਆਂ ਘੱਟ ਕਰਾਂ ਦਾ ਲਾਭ ਖਪਤਕਾਰਾਂ ਨੂੰ ਦੇ ਰਹੀਆਂ ਹਨ, ਪਰ ਮੁਨਾਫਾ ਵਿਰੋਧੀ ਨੀਤੀਆਂ ਉਤੇ ਅਮਲ ਬਾਰੇ ਮਾਹਰਾਂ ਦੇ ਵਿਚਾਰ ਵੰਡੇ ਹੋਏ ਹਨ।

"ਸਾਡਾ ਮੰਨਣਾ ਹੈ ਕਿ ਭਾਵੇਂ ਕਾਰਪੋਰੇਟ ਘਰਾਣੇ ਜੀ ਐੱਸ ਟੀ ਦੇ ਸਿੱਧੇ ਲਾਭ (ਜਿਵੇਂ ਕਿ ਘੱਟ ਕਰ ਦਰ) ਜਨਤਾ ਨੂੰ ਦੇ ਦੇਣਗੇ, ਪਰ ਉਨ੍ਹਾਂ ਵਲੋਂ ਸਮਾਨ ਦੀ ਲਾਗਤ, ਵਪਾਰਕ ਪ੍ਰਕਿਰਿਆਵਾਂ ਨੂੰ ਇਕਸਾਰ ਕਰਨ ਅਤੇ ਇਨਪੁਟ ਕ੍ਰੈਡਿਟ ਦੀ ਨਿਰੰਤਰ ਆਮਦ ਜਿਹੇ ਅਸਿੱਧੇ ਫਾਇਦੇ, ਪੂਰੇ ਨਹੀਂ ਤਾਂ ਅੰਸ਼ਕ ਤੌਰ ਤੇ ਰੱਖਣ ਦਾ ਯਤਨ ਕੀਤਾ ਜਾਵੇਗਾ।" ਇਹ ਕਹਿਣਾ ਹੈ ਵਿੱਤੀ ਸੇਵਾਵਾਂ ਦੇਣ ਵਾਲੀ ਕੰਪਨੀ ਨੌਮੁਰਾ ਦਾ।

ਭਾਵੇਂ ਕਿ ਜੀ ਐੱਸ ਟੀ ਕਾਨੂੰਨਾਂ ਦੇ ਧਿਆਨ ਦਾ ਕੇਂਦਰ ਬਿੰਦੂ ਮੁਨਾਫਾ ਖੋਰੀ ਵਿਰੋਧੀ ਕਦਮ ਹਨ, ਕਰਾਂ ਦੀ ਦਰ ਵਿੱਚ ਕਮੀ ਅਤੇ ਇਨਪੁਟ ਕ੍ਰੈਡਿਟ ਦਾ ਲਾਭ ਅਨੁਕੂਲ ਮਾਤਰਾ ਵਿੱਚ ਕੀਮਤਾਂ ਵਿੱਚ ਕਮੀ ਦੇ ਰੂਪ ਵਿੱਚ ਅੱਗੇ ਦੇਣਾ ਚਾਹੀਦਾ ਹੈ - ਅਜਿਹੇ ਕਦਮਾਂ ਉਤੇ ਅਮਲ ਕਰਨਾ ਔਖਾ ਹੈ ਅਤੇ ਇਹ ਪਿਛਾਂਹ ਖਿੱਚੂ ਕਦਮ ਹੋਵੇਗਾ, ਬਿਲਕੁਲ ਕੀਮਤਾਂ ਉਤੇ ਨਿਯੰਤ੍ਰਣ ਕਰਨ ਵਰਗਾ, ਜੇ ਇਸ ਨੂੰ ਕਾਹਲੀ ਵਿੱਚ ਲਾਗੂ ਕੀਤਾ ਗਿਆ - ਨੋਮਰਾ ਦਾ ਦਾਅਵਾ।

ਕੰਪਨੀਆਂ ਜੀ ਐੱਸ ਟੀ ਨਿਜ਼ਾਮ ਤਹਿਤ ਕਰਾਂ ਵਿੱਚ ਕਮੀ ਤੋਂ ਹੋਣ ਵਾਲੀ ਬਚਤ ਨੂੰ ਕਿਸੇ ਹੱਦ ਤੱਕ ਮੁਨਾਫੇ ਦੀ ਹੱਦ ਵਿੱਚ ਸੁਧਾਰ ਕਰਨ ਲਈ ਵਰਤ ਸਕਦੀਆਂ ਹਨ ਅਤੇ ਬਾਕੀ ਬਚੀ ਰਾਸ਼ੀ ਨੂੰ ਨਵੀਆਂ ਸਮਰੱਥਾਵਾਂ ਦਾ ਨਿਰਮਾਣ ਕਰਨ ਲਈ ਨਿਵੇਸ਼ ਕਰ ਸਕਦੀਆਂ ਹਨ, ਅਜਿਹਾ ਦਾਅਵਾ ਕੀਤਾ ਜਾਂਦਾ ਹੈ।

ਜ਼ਿਆਦਾਤਰ ਕਰਾਂ ਦੇ ਮਾਹਰਾਂ ਨੇ ਮਹਿਸੂਸ ਕੀਤਾ ਹੈ ਕਿ ਸਰਕਾਰ ਦੇ ਵੱਡੇ ਸੁਧਾਰ ਦਾ ਸਹੀ ਅਸਰ ਲਾਗੂ ਹੋਣ ਦੇ ਇਕ ਸਾਲ ਬਾਅਦ ਹੀ ਵੇਖਿਆ ਜਾ ਸਕੇਗਾ। ਪਰ ਇਸ ਦਾ ਤਤਕਾਲੀ ਪ੍ਰਭਾਵ ਇਹ ਹੈ ਕਿ ਬਹੁਤ ਸਾਰੇ ਮਾਮਲਿਆਂ ਵਿੱਚ ਸਾਡੀਆਂ ਜੇਬਾਂ ਉਤੇ ਭਾਰ ਪਿਆ ਹੈ ਜਦ ਕਿ ਕੁੱਝ ਮਾਮਲਿਆਂ ਵਿੱਚ ਇਨਪੁਟ ਟੈਕਸ ਕ੍ਰੈਡਿਟ ਨਾਲ ਇਹ ਵਪਾਰੀਆਂ ਦੀਆਂ ਚਿੰਤਾਵਾਂ ਨੂੰ ਸ਼ਾਂਤ ਕਰੇਗਾ।

ਜੀ ਐੱਸ ਟੀ ਦਾ ਸਰਕਾਰ ਦੇ ਮਾਲੀਏ ਉਤੇ ਪ੍ਰਭਾਵ ਦੇ ਮਾਮਲੇ ਵਿੱਚ ਸਥਿਤੀ ਵੇਖੋ ਤੇ ਉਡੀਕ ਕਰੋ ਵਾਲੀ ਜਾਪਦੀ ਹੈ। ਸੇਵਾਵਾਂ ਜਿਸ ਵਿੱਚ ਬੈਂਕਿੰਗ ਅਤੇ ਟੈਲੀਕਾਮ ਸੇਵਾਵਾਂ ਸ਼ਾਮਲ ਹਨ, ਹੋਰ ਮਹਿੰਗੀਆਂ ਹੋ ਗਈਆਂ ਹਨ। ਫਲੈਟਾਂ, ਰੈਡੀਮੇਡ ਕੱਪੜੇ, ਮਹੀਨਾਵਾਰ ਮੋਬਾਈਲ ਬਿਲ ਅਤੇ ਟਿਊਸ਼ਨ ਫੀਸ ਹੋਰ ਮਹਿੰਗੇ ਹੋ ਗਏ ਹਨ। ਨਵੇਂ ਜੀ ਐੱਸ ਟੀ ਨਿਜ਼ਾਮ ਤਹਿਤ ਫਲੈਟ ਜਾਂ ਦੁਕਾਨ ਖਰੀਦਣ ਉਤੇ 12 ਪ੍ਰਤਿਸ਼ਤ ਟੈਕਸ ਲੱਗੇਗਾ। ਜੋ ਮੌਜੂਦਾ ਸਮੇਂ ਲਗਭਗ 6 ਪ੍ਰਤਿਸ਼ਤ ਹੈ। ਵਿਦੇਸ਼ੀ ਨਿਵੇਸ਼ਕਾਂ ਵਲੋਂ ਜੀ ਐੱਸ ਟੀ ਦਾ ਸਵਾਗਤ ਕੀਤਾ ਗਿਆ ਹੈ ਕਿਉਂਕਿ ਉਨ੍ਹਾਂ ਲਈ ਨਿਰਮਾਣ ਕਰਨਾ ਅਤੇ ਆਪਣੀਆਂ ਵਸਤੂਆਂ ਨੂੰ ਇਧਰ-ਉਧਰ ਲਿਜਾਉਣਾ ਸੌਖਾ ਹੋ ਜਾਵੇਗਾ ਕਿਉਂਕਿ 23 ਰਾਜਾਂ ਵਿੱਚੋਂ ਜ਼ਿਆਦਾਤਰ ਨੇ ਚੈੱਕ ਪੋਸਟਾਂ ਅਤੇ ਨਾਕੇ ਹਟਾ ਦਿੱਤੇ ਹਨ।

ਵਸਤੂ ਵਪਾਰ ਦੇ ਉਸਤਾਦ ਅਤੇ ਗੁਪਤ ਪੈਸੇ ਦਾ ਪ੍ਰਬੰਧਨ ਕਰਨ ਵਾਲੇ ਜਿਮ ਰੋਜ਼ਰਸ ਜਿਨ੍ਹਾਂ ਨੇ 2005 ਵਿੱਚ ਇਸ ਕਰਕੇ ਭਾਰਤੀ ਕੰਪਨੀਆਂ ਵਿੱਚ ਆਪਣੀ ਹਿੱਸੇਦਾਰੀ ਵੇਚ ਦਿੱਤੀ ਸੀ ਕਿ ਉਦੋਂ ਸਰਕਾਰ ਨਿਵੇਸ਼ਕਾਂ ਦੀਆਂ ਉਮੀਦਾਂ ਉਤੇ ਖਰਾ ਉਤਰਨ ਵਿੱਚ ਨਾਕਾਮ ਰਹੀ ਸੀ, ਦਾ ਆਖਣਾ ਹੈ ਕਿ ਉਹ ਭਾਰਤ ਵਿੱਚ ਦੁਬਾਰਾ ਪੈਰ ਧਰਨ ਬਾਰੇ ਵਿਚਾਰ ਕਰ ਰਿਹਾ ਹੈ। ਭਾਰਤੀ ਬਾਜ਼ਾਰਾਂ ਵਿੱਚ ਰਿਕਾਰਡ ਉਛਾਲ ਆਉਣ ਨਾਲ, ਰੌਜ਼ਰਸ ਨੇ ਮੰਨਿਆ ਹੈ ਕਿ ਉਹ ਭਾਰਤ ਦੇ ਮਾਮਲੇ ਵਿੱਚ ਗਲਤ ਸਾਬਤ ਹੋਇਆ ਹੈ। "ਜੀ ਐੱਸ ਟੀ ਦੇ ਮਾਮਲੇ ਵਿੱਚ ਮੈਂ ਖ਼ੁਸ਼ ਅਤੇ ਹੈਰਾਨ ਹਾਂ" ਉਨ੍ਹਾਂ ਨੇ ਇਕ ਗੱਲਬਾਤ ਦੌਰਾਨ ਵਸਤੂ ਤੇ ਸੇਵਾਵਾਂ ਕਰ ਬਾਰੇ ਕਿਹਾ ਜੋ ਭਾਰਤ ਵਿੱਚ ਇਕ ਬਾਜ਼ਾਰ ਦਾ ਨਿਰਮਾਣ ਕਰੇਗਾ।

ਅਖੀਰ ਵਿੱਚ ਕਰ ਚੋਰਾਂ ਉਤੇ ਦੂਜੀ ਵੱਡੀ ਸਰਜੀਕਲ ਸਟ੍ਰਾਈਕ ਹੈ, ਜੋ ਜ਼ਿਆਦਾ ਵਪਾਰੀਆਂ ਨੂੰ ਕਰਾਂ ਦੇ ਦਾਇਰੇ ਵਿੱਚ ਲਿਆਵੇਗੀ, ਦੇਸ਼ ਵਿੱਚ ਵਸਤੂਆਂ ਦੀ ਆਵਾਜਾਈ ਮੁਕਤ ਹੋਵੇਗੀ, ਵਿਦੇਸ਼ੀ ਨਿਵੇਸ਼ਕਾਂ ਨੂੰ ਆਕਰਿਸ਼ਤ ਕਰੇਗੀ ਜਿਸ ਵਿੱਚ ਇਕ ਬਾਜ਼ਾਰ ਅਤੇ ਇਕ ਕਰ ਹੋਵੇਗਾ, ਭਾਵੇਂ ਕਿ ਇਸ ਨੇ ਜ਼ਿਆਦਾ ਖਰਚਾ ਕਰਨ ਵਾਲੇ ਨਾਗਰਿਕਾਂ, ਸ਼ਰਾਬ ਪੀਣ ਵਾਲਿਆਂ ਅਤੇ ਹੋਟਲਾਂ ਵਿੱਚ ਖਾਣਾ ਖਾਣ ਵਾਲਿਆਂ, ਸਫਰ ਕਰਨ ਵਾਲਿਆਂ, ਜਾਇਦਾਦ ਦੀ ਖਰੀਦ ਕਰਨ ਵਾਲਿਆਂ ਨੂੰ ਪਰੇਸ਼ਾਨ ਕੀਤਾ ਹੈ, ਪਰ 81 ਪ੍ਰਤਿਸ਼ਤ ਵਸਤਾਂ ਜੀ ਐੱਸ ਟੀ ਦੇ ਘੱਟ ਕਰ ਦਾਇਰੇ ਵਿੱਚ ਆਉਣ ਨਾਲ ਇਹ ਸਸਤੀਆਂ ਵੀ ਹੋਣਗੀਆਂ। ਥੋੜ੍ਹੇ ਸਮੇਂ ਦਾ ਦੁੱਖ ਅਤੇ ਦੀਰਘਕਾਲੀ ਲਾਭ - ਜਦੋਂ ਦੇਸ਼ ਇਕ ਨਵੀਂ ਕਰ ਪ੍ਰਣਾਲੀ ਵੱਲ ਕਦਮ ਵਧਾ ਰਿਹਾ ਹੈ - ਅਜਿਹਾ ਹੋਣਾ ਕੁਦਰਤੀ ਹੈ।


*(ਲੇਖਕ ਪੀ ਟੀ ਆਈ ਵਿੱਚ ਆਰਥਿਕ ਮਾਮਲਿਆਂ ਬਾਰੇ ਸੰਪਾਦਕ ਸਨ। ਉਹ ਹੈਮਬਰਗ ਸਥਿਤ ਐੱਲ ਜੀ ਓ ਮੈਗਜ਼ੀਨ ਦੇ ਸਹਾਇਕ ਸੰਪਾਦਕ ਵੀ ਹਨ)*

*e-mail :feedback@ashoktnex@gmail.com*

# ਜੀ ਐੱਸ ਟੀ : ਨਵੇਂ ਯੁੱਗ ਦੀ ਸ਼ੁਰੂਆਤ

ਉਪੇਂਦਰ ਗੁਪਤਾ

30 ਜੂਨ 2017 ਦੀ ਅੱਧੀ ਰਾਤ ਨੂੰ ਸੰਸਦ ਵਿੱਚ ਵਜਾਈ ਉਸ ਘੰਟੀ ਦੀ ਆਵਾਜ਼, ਸਾਰੀ ਦੁਨੀਆਂ ਵਿੱਚ ਭਾਰਤੀ ਰਾਜਨੀਤਕ ਪੁਖਤਗੀ ਅਤੇ ਇਕਜੁਟਤਾ ਦੀ ਤੂਤੀ ਦੀ ਗੂੰਜ ਵਾਂਗ ਫੈਲ ਰਾਹੀ ਹੈ। ਇਹ ਭਾਰਤੀ ਅਰਥਤੰਤਰ ਲਈ ਹੋਣੀ ਨਾਲ ਮੁਲਾਕਾਤ ਦਾ ਇਕ ਪਲ ਸੀ ਜਦੋਂ ਸਮੁੱਚਾ ਦੇਸ਼ ਅਸਿੱਧੀ ਕਰ ਪ੍ਰਣਾਲੀ ਨੂੰ ਇਕ ਅਰਾਜਕ ਅਤੇ ਗੁੰਝਲਦਾਰ ਪ੍ਰਣਾਲੀ ਤੋਂ ਬਦਲ ਕੇ ਇਕ ਚੰਗੇ ਅਤੇ ਸਹਿਜ ਕਰ ਲਈ ਇਕਜੁੱਟ ਹੋ ਕੇ ਖੜ੍ਹਾ ਹੋ ਗਿਆ। ਇਸ ਸਚਾਈ ਵਿੱਚ ਜ਼ਰਾ ਵੀ ਸ਼ੱਕ ਦੀ ਗੁੰਜਾਇਸ਼ ਨਹੀਂ ਹੈ ਕਿ ਜੀ ਐੱਸ ਟੀ ਭਾਰਤੀ ਰਾਜਨੀਤਕ ਜਮਾਤ ਲਈ ਕਾਮਯਾਬੀ ਦੇ ਬੁਰਜ ਅਤੇ ਭਾਰਤੀ ਅਰਥਤੰਤਰ ਲਈ ਕਰਾਂ ਦੇ ਅਣਗਿਣਤ ਭੁੱਲ-ਭਲਈਆਂ ਵਾਲੇ ਗੋਰਖਧੰਦੇ ਦੇ ਜ਼ੁਲਮ ਤੋਂ ਮੁਕਤੀਦਾਤਾ ਦੇ ਤੌਰ ਤੇ ਉੱਭਰ ਕੇ ਆਇਆ ਹੈ, ਉਹ ਜ਼ੁਲਮ ਜਿਨ੍ਹਾਂ ਨੂੰ ਵਪਾਰ ਅਤੇ ਉਦਯੋਗ ਅਤੇ ਉਨ੍ਹਾਂ ਰਾਹੀਂ ਆਮ ਆਦਮੀ ਹੁਣ ਤੱਕ ਝੱਲ ਰਿਹਾ ਹੈ।

ਭਾਰਤ ਇਕ ਰਾਜਾਂ ਦਾ ਸੰਘ ਹੈ ਅਤੇ ਰਾਜਨੀਤਕ ਤੌਰ ਤੇ ਅਸੀਂ 1947 ਤੋਂ ਇਕ ਦੇਸ਼ ਹਾਂ, ਪਰ ਕੀ ਅਸੀਂ ਆਰਥਿਕ ਸੰਘ ਹਾਂ? ਕੀ ਤਾਮਿਲਨਾਡੂ ਵਿੱਚ ਬੈਠਾ ਵਪਾਰੀ ਆਪਣਾ ਮਾਲ ਹਿਮਾਚਲ ਪ੍ਰਦੇਸ਼ ਵਿੱਚ, ਬਿਨਾਂ ਹਰ ਰਾਜ ਦੀ ਕਰ ਦੀ ਚਿੰਤਾ ਕਰੇ, ਵੇਚ ਸਕਦਾ ਹੈ? ਕੀ ਇਕ ਟਰੱਕ ਜੰਮੂ ਅਤੇ ਕਸ਼ਮੀਰ ਤੋਂ ਸ਼ੁਰੂ ਹੋ ਕੇ ਕੰਨਿਆ ਕੁਮਾਰੀ ਤੱਕ ਹਰ ਰਾਜ ਦੀਆਂ ਹੱਦਾਂ ਉਪਰ ਚੈੱਕ ਪੋਸਟਾਂ ਉਪਰ ਰੋਕੇ ਬਗੈਰ ਜਾ ਸਕਦਾ ਹੈ? ਜੀ ਐੱਸ ਟੀ ਵਿੱਚ ਇਨ੍ਹਾਂ ਸਾਰੀਆਂ ਰੁਕਾਵਟਾਂ ਨੂੰ ਦੂਰ ਕਰਨ ਅਤੇ ਭਾਰਤ ਨੂੰ ਇਕ ਆਰਥਿਕ ਰਾਜ ਜਾਂ ਸਾਂਝੀ ਰਾਸ਼ਟਰੀ ਮੰਡੀ ਬਣਾਉਣ ਦੀ ਸਮਰੱਥਾ ਹੈ ਜਿਸ ਵਿੱਚ, ਦੇਸ਼ ਦੇ ਕਿਸੇ ਵੀ ਰਾਜ ਵਿੱਚ ਵਪਾਰ, ਬਿਨਾਂ ਕਿਸੇ ਡਰ ਭੈ ਦੇ ਕੀਤਾ ਜਾ ਸਕਦਾ ਹੈ।

ਹੁਣ ਆਮ ਸੋਚ ਇਹ ਨਹੀਂ ਹੈ ਕਿ ਜੀ ਐੱਸ ਟੀ ਕੀ ਹੈ? ਸਮੁੱਚੇ ਦੇਸ਼ ਵਿੱਚ ਇਸ ਬਾਰੇ ਜਾਗਰੂਕਤਾ ਫੈਲ ਗਈ ਹੈ ਅਤੇ ਇਹ ਕੋਈ ਅਤਕਥਨੀ ਨਹੀਂ ਹੋਵੇਗੀ ਕਿ ਇਕ ਬੱਚਾ ਵੀ ਇਹ ਜਾਣਦਾ ਹੈ ਕਿ ਜੀ ਐੱਸ ਟੀ ਦਾ ਮਤਲਬ ਵਸਤੂ ਅਤੇ ਸੇਵਾ ਕਰ ਹੈ। ਪਰ ਉਹ ਸ਼ਾਇਦ ਇਹ ਨਹੀਂ ਜਾਣਦਾ ਹੋਵੇਗਾ ਕਿ ਦੇਸ਼ ਵਿੱਚ ਇੰਨੇ ਵੱਡੇ ਸੁਧਾਰ ਦੀ ਕੀ ਲੋੜ ਪੈ ਗਈ ਸੀ। ਕਿਉਂ ਦੇਸ਼ ਨੂੰ ਇਕ ਨਵੇਂ ਯੁੱਗ ਦੀ ਸ਼ੁਰੂਆਤ ਕਰਨ ਵਿੱਚ ਦਸ ਸਾਲ ਲਗੇ? ਇਸ ਦਾ ਜਵਾਬ ਇਤਿਹਾਸ ਦੇ ਪਛੋਕੜ ਵਿੱਚ ਹੈ ਜਿਸ ਨਾਲ ਸਾਡੀ ਕਰ ਪ੍ਰਣਾਲੀ ਜੁੜੀ ਹੋਈ ਸੀ। ਇਤਿਹਾਸਕ ਤੌਰ ਤੇ ਕੇਂਦਰੀ ਸਰਕਾਰ ਉਤਪਾਦਨ ਉਪਰ ਕਰ ਲਗਾਉਂਦੀ ਹੈ (ਕੇਂਦਰੀ ਉਤਪਾਦਨ ਕਰ), ਸੇਵਾਵਾਂ ਦਾ ਇਤਜ਼ਾਮ (ਸੇਵਾ ਕਰ), ਵਸਤੂਆਂ ਦੀ ਅੰਤਰ-ਰਾਜੀ ਵਿਕਰੀ (ਸੀ ਐੱਸ ਟੀ - ਜੋ ਕੇਂਦਰ ਵਲੋਂ ਲਗਾਇਆ ਜਾਂਦਾ ਹੈ ਪਰ ਰਾਜਾਂ ਵਲੋਂ ਵਸੂਲਿਆ ਅਤੇ ਰਖਿਆ ਜਾਂਦਾ ਹੈ) ਅਤੇ ਰਾਜ ਸਰਕਾਰਾਂ ਖੁਦਰਾ ਵਿਕਰੀ ਉਪਰ ਕਰ ਲਗਾਉਂਦੀਆਂ ਹਨ (ਵੈਟ), ਰਾਜ ਵਿੱਚ ਵਸਤੂਆਂ ਦੇ ਦਾਖਲ ਹੋਣ ਉਪਰ ਟੈਕਸ (ਆਮਦ ਕਰ), ਲਗਜ਼ਰੀ ਟੈਕਸ, ਖਰੀਦ ਕਰ, ਆਦਿ ਸਨ। ਨਾ ਸਿਰਫ ਇਨ੍ਹਾਂ ਕਰਾਂ ਦੀ ਭਾਰੀ ਗਿਣਤੀ ਦਿਮਾਗ ਝੰਜੋੜ ਕੇ ਰੱਖ ਦੇਣ ਵਾਲੀ ਹੈ, ਪਰ ਇਨ੍ਹਾਂ ਸਭ ਟੈਕਸਾਂ ਦਾ ਵਸੂਲੀ ਪ੍ਰਬੰਧਨ ਕਿਸੇ ਵੀ ਕਰਦਾਤਾ ਲਈ ਡਰਾਉਣਾ ਹੈ। ਸਮੱਸਿਆ ਨੂੰ ਹੋਰ ਗੁੰਝਲਦਾਰ ਬਣਾਉਣ ਵਾਲੀ ਸਚਾਈ ਸੀ ਕਿ ਇਹ ਕਰ ਗੁਪਤ ਤੌਰ ਤੇ ਸੰਭਲੇ ਹੋਏ ਸਨ, ਜਿਵੇਂ ਕਿ ਕੇਂਦਰ ਸਰਕਾਰ ਜਾਂ ਰਾਜ ਸਰਕਾਰਾਂ ਨੂੰ ਅਦਾ ਕੀਤੇ ਕਰਾਂ ਵਿਚਕਾਰ ਕੋਈ ਜਮ੍ਹਾਂ ਕੜੀ ਨਹੀਂ ਸੀ। ਜਿਸ ਦਾ ਸਿੱਟਾ ਇਹ ਹੁੰਦਾ ਸੀ ਕਿ ਕਰ ਕਈ ਪੜਾਵਾਂ ਉਪਰ ਉਗਰਾਹੇ ਜਾਂਦੇ ਸਨ, ਅੰਤਰ-ਰਾਜੀ ਅਤੇ ਰਾਜ ਦੇ ਅੰਦਰ ਕਰ ਹੁੰਡੀ ਵਿਕਰੀ ਜਿਸ ਨਾਲ ਅਣਗਿਣਤ ਬੇਈਮਾਨ ਤੱਤ ਪੈਦਾ ਹੋ ਗਏ ਸਨ। ਜੋ ਇਨ੍ਹਾਂ ਨਕਲੀ ਰੁਕਾਵਟਾਂ ਦਾ ਫਾਇਦਾ ਉਠਾਉਂਦੇ ਸਨ। ਇਸ ਦੇ ਨਾਲ-ਨਾਲ ਅਣਗਿਣਤ ਫਾਰਮਾਂ ਅਤੇ ਔਖੇ ਨਿਯਮਾਂ ਨੇ ਸੁਸਤ ਤੇ ਅਕੁਸ਼ਲ ਪ੍ਰਬੰਧਨ ਨਾਲ ਮਿਲ ਕੇ ਭਾਰਤ ਵਿੱਚ ਕਾਰੋਬਾਰ ਕਰਨ ਨੂੰ ਬਹੁਤੇ ਵਪਾਰ ਅਤੇ ਉਦਯੋਗ ਲਈ ਇਕ ਸੰਤਾਪ ਬਣਾ ਦਿੱਤਾ ਸੀ।

ਇਹ ਕਸ਼ਟਦਾਇਕ ਹਾਲਾਤ ਬੁਰੇ ਸੁਫਨੇ ਦੀ ਤਰ੍ਹਾਂ ਭੁਲਾ ਦਿੱਤੇ ਜਾਣਗੇ ਅਤੇ ਅਸੀਂ ਇਕ ਚੁਸਤ-ਦਰੁਸਤ ਪ੍ਰਸ਼ਾਸਨ ਦੀ ਆਮਦ ਦੇਖ ਰਹੇ ਹਾਂ ਜਿਸ ਦੀਆਂ ਜੀ ਐਸ ਟੀ ਪ੍ਰਣਾਲੀ ਵਿੱਚ ਮੁੱਖ ਵਿਸ਼ੇਸ਼ਤਾਈਆਂ ਚੁਸਤ-ਦਰੁਸਤ, ਜਵਾਬਦੇਹ, ਸੰਵੇਨਸ਼ੀਲ ਅਤੇ ਪਾਰਦਰਸ਼ੀ ਹੋਣਗੀਆਂ। ਵੱਖ-ਵੱਖ ਕਰਾਂ ਨੂੰ ਇਕੋ ਕਰ, ਵਸਤੂ ਅਤੇ ਸੇਵਾ ਕਰ ਵਿੱਚ ਸ਼ਾਮਲ ਕਰ ਦਿੱਤਾ ਗਿਆ ਹੈ ਜੋ ਵਸਤੂਆਂ ਜਾਂ ਸੇਵਾਵਾਂ ਦੇ ਉਤਪਾਦਨ ਜਾਂ ਆਯਾਤ ਤੋਂ ਲੈ ਕੇ ਅਖੀਰਲੀ ਖੁਦਰਾ ਪੱਧਰ ਤੱਕ ਪੂਰਤੀ ਕੜੀ ਦੇ ਹਰ ਪੱਧਰ ਉਤੇ ਲਗੇਗਾ। ਭਾਰਤ ਵਿੱਚ ਇਕ ਸੰਘੀ ਢਾਂਚਾ ਹੋਣ ਦੇ ਨਾਤੇ ਜਿਥੇ ਕੇਂਦਰ ਅਤੇ ਰਾਜਾਂ ਨੂੰ ਕਰ ਲਗਾਉਣ ਦੇ ਸਵੈ ਅਧਿਕਾਰ ਪ੍ਰਾਪਤ ਹਨ, ਭਾਰਤ ਵਿੱਚ ਜੀ ਐੱਸ ਟੀ ਇਕ ਦੂਹਰੀ ਲੇਵੀ ਹੈ ਜਿਥੇ ਕੇਂਦਰ ਸਰਕਾਰ ਕੇਂਦਰੀ ਜੀ ਐੱਸ ਟੀ (ਜਿਸ ਨੂੰ ਸੀ ਜੀ ਐੱਸ ਟੀ ਜਾਂ ਕੇਂਦਰੀ ਟੈਕਸ ਕਿਹਾ ਜਾਵੇਗਾ) ਲਗਾਵੇਗੀ ਅਤੇ ਹਾਸਲ ਕਰੇਗੀ ਅਤੇ ਰਾਜ ਸਰਕਾਰਾਂ, ਰਾਜ ਜੀ ਐੱਸ ਟੀ (ਜਿਸ ਨੂੰ ਐੱਸ ਜੀ ਐੱਸ ਟੀ ਜਾਂ ਰਾਜ ਟੈਕਸ ਕਿਹਾ ਜਾਵੇਗਾ) ਰਾਜ ਦੇ ਅੰਦਰ ਅਤੇ ਸੇਵਾਵਾਂ ਦੀ ਪੂਰਤੀ ਉਪਰ ਲਗਾਉਣਗੀਆਂ ਅਤੇ ਉਸ ਦੀ ਉਗਰਾਹੀ ਕਰਨਗੀਆਂ। ਕੇਂਦਰ ਸਰਕਾਰ ਸਮੁਚਿਤ ਜੀ ਐੱਸ ਟੀ (ਜਿਸ ਨੂੰ ਆਈ ਜੀ ਐੱਸ ਟੀ ਜਾਂ ਸਮੁਚਿਤ ਕਰ ਕਿਹਾ ਜਾਵੇਗਾ) ਲਗਾਵੇਗੀ ਅਤੇ

ਉਸ ਦੀ ਉਗਰਾਹੀ ਕਰੇਗੀ ਜੋ ਵਸਤੂਆਂ ਅਤੇ ਸੇਵਾਵਾਂ ਦੀ ਅੰਤਰ-ਰਾਜੀ ਪੂਰਤੀ ਉਪਰ ਲਗੇਗਾ। ਇਨ੍ਹਾਂ ਕਰਾਂ ਤੋਂ ਇਲਾਵਾ, ਕੇਂਦਰ ਸ਼ਾਸਤ ਪ੍ਰਦੇਸ਼ ਜੀ ਐੱਸ ਟੀ ਵੀ ਹੋਵੇਗਾ (ਯੂ ਟੀ ਜੀ ਐੱਸ ਟੀ ਜਾਂ ਕੇਂਦਰ ਸ਼ਾਸਤ ਪ੍ਰਦੇਸ਼ ਕਰ) ਜੋ ਕੇਂਦਰ ਸ਼ਾਸਤ ਪ੍ਰਦੇਸ਼, ਜਿਨ੍ਹਾਂ ਵਿੱਚ ਆਪਣੇ ਵਿਧਾਨ ਮੰਡਲ ਨਹੀਂ ਹਨ ਵਿੱਚ, ਪ੍ਰਦੇਸ਼ ਦੇ ਅੰਦਰ ਵਸਤੂਆਂ ਤੇ ਸੇਵਾਵਾਂ ਦੀ ਪੂਰਤੀ ਉਪਰ ਲਗੇਗਾ। ਕੇਂਦਰ ਸਰਕਾਰ, ਰਾਜਾਂ ਨੂੰ ਉਨ੍ਹਾਂ ਵਲੋਂ ਜੀ ਐੱਸ ਟੀ ਲਾਗੂ ਹੋਣ ਨਾਲ ਉਠਾਏ ਜਾ ਰਹੇ ਨੁਕਸਾਨ ਦੀ ਭਰਪਾਈ ਕਰਨ ਲਈ, ਮਾਲੀ ਸਰੋਤ ਇਕੱਠੇ ਕਰਨ ਲਈ, ਕੁੱਝ ਪਾਪ ਅਤੇ ਲਗਜ਼ਰੀ ਵਸਤੂਆਂ ਅਤੇ ਸੇਵਾਵਾਂ ਉਪਰ ਜੀ ਐੱਸ ਟੀ ਮੁਆਵਜ਼ਾ, ਸੈਸ ਲਗਾਏਗੀ।

## ਜੀ ਐੱਸ ਟੀ ਦੀਆਂ ਮੁੱਖ ਵਿਸ਼ੇਸ਼ਤਾਵਾਂ

ਜੀ ਐੱਸ ਟੀ ਨੂੰ ਸਮਝਣ ਲਈ, ਇਹ ਚੰਗਾ ਹੋਵੇਗਾ ਕਿ ਭਾਰਤ ਦੇ ਜੀ ਐੱਸ ਟੀ ਮਾਡਲ ਦੀਆਂ ਵਿਸ਼ੇਸ਼ਤਾਈਆਂ ਉਪਰ ਨਜ਼ਰ ਮਾਰੀ ਜਾਵੇ, ਜੋ ਹੇਠ ਦਿੱਤੇ ਅਨੁਸਾਰ ਹਨ :

- ਜੀ ਐੱਸ ਟੀ, ਸਮੁੱਚੇ ਦੇਸ਼ ਵਿੱਚ, ਜੰਮੂ ਅਤੇ ਕਸ਼ਮੀਰ ਸਮੇਤ, ਲਾਗੂ ਹੋਵੇਗਾ।

- ਵਰਤਮਾਨ ਵਿੱਚ ਵਸਤੂਆਂ ਦੇ ਉਤਪਾਦਨ ਜਾਂ ਵਸਤੂਆਂ ਦੀ ਵਿਕਰੀ ਜਾਂ ਸੇਵਾਵਾਂ ਦੇ ਪ੍ਰਬੰਧ ਉਪਰ ਕਰ ਲਗਾਉਣ ਦੀ ਪ੍ਰਵਿਰਤੀ ਦੇ ਬਦਲੇ ਜੀ ਐੱਸ ਟੀ ਵਸਤੂਆਂ ਜਾਂ ਸੇਵਾਵਾਂ ਦੀ ਪੂਰਤੀ ਉਪਰ ਲਗਦਾ ਹੈ।

- ਇਸ ਦਾ ਅਧਾਰ ਅੰਤਲੇ ਪੜਾਅ ਉਤੇ ਖੱਪਤ ਉਪਰ ਕਰ ਦਾ ਅਸੂਲ ਹੈ ਜਦੋਂ ਕਿ ਵਰਤਮਾਨ ਵਿੱਚ ਕਰ ਦਾ ਅਧਾਰ ਉਤਪਾਦਨ ਉਪਰ ਕਰ ਹੈ।

- ਵਸਤਾਂ ਦੇ ਆਯਾਤ ਨੂੰ ਅੰਤਰ-ਰਾਜੀ ਸਪਲਾਈ ਦੀ ਤਰ੍ਹਾਂ ਗਿਣਿਆ ਜਾਂਦਾ ਹੈ ਅਤੇ ਸੀਮਾ ਸ਼ੁਲਕ ਤੋਂ ਇਲਾਵਾ, ਉਨ੍ਹਾਂ ਉਪਰ ਸਮੁਚਿਤ ਜੀ ਐੱਸ ਟੀ (ਆਈ ਜੀ ਐੱਸ ਟੀ ਵੀ ਲਗਦਾ ਹੈ।

- ਸੇਵਾਵਾਂ ਦੇ ਆਯਾਤ ਨੂੰ ਅੰਤਰ-ਰਾਜੀ ਪੂਰਤੀ ਦੀ ਤਰ੍ਹਾਂ ਗਿਣਿਆ ਜਾਂਦਾ ਹੈ ਅਤੇ ਇਨ੍ਹਾਂ ਉਪਰ ਵਿਪਰੀਤ ਲਾਗਤ ਆਧਾਰ ਉਤੇ ਸਮੁਚਿਤ ਜੀ ਐੱਸ ਟੀ. (ਆਈ ਜੀ ਐੱਸ ਟੀ) ਲਗੇਗਾ।

- ਸੀ ਜੀ ਐੱਸ ਟੀ, ਐੱਸ ਜੀ ਐੱਸ ਟੀ/ ਯੂ.ਟੀ ਜੀ ਐੱਸ ਟੀ ਅਤੇ ਆਈ ਜੀ ਐੱਸ ਟੀ, ਕੇਂਦਰ ਅਤੇ ਰਾਜਾਂ ਵਲੋਂ, ਜੀ ਐੱਸ ਟੀ ਕੌਂਸਲ ਦੀ ਅਗਵਾਈ ਹੇਠ, ਆਪਸੀ ਸਮਝ ਅਨੁਸਾਰ ਤੈਅ ਸ਼ੁਦਾ ਕਰ ਉਤੇ ਲਗਾਏ ਜਾਂਦੇ ਹਨ।

- ਸਭ ਵਸਤੂਆਂ ਅਤੇ ਸੇਵਾਵਾਂ ਲਈ ਚਾਰ ਟੈਕਸ ਸਲੈਬ 5 ਪ੍ਰਤਿਸ਼ਤ, 12 ਪ੍ਰਤਿਸ਼ਤ 18 ਪ੍ਰਤਿਸ਼ਤ ਅਤੇ 28 ਪ੍ਰਤਿਸ਼ਤ ਰਖੇ ਗਏ ਹਨ। ਕੀਮਤੀ ਧਾਤਾਂ ਉਪਰ 3 ਪ੍ਰਤਿਸ਼ਤ ਦੀ ਦਰ ਉਤੇ ਕਰ ਲਗੇਗਾ ਜਦੋਂ ਕਿ ਅਣਘੜੇ ਕੀਮਤੀ ਨਗੀਨਿਆਂ ਉਪਰ 0.25 ਪ੍ਰਤਿਸ਼ਤ। ਕੁੱਝ ਵਿਸ਼ੇਸ਼ ਵੇਰਵੇ ਕ੍ਰਿਤ ਵਸਤੂਆਂ ਅਤੇ ਸੇਵਾਵਾਂ ਉਪਰ ਕਰਾਂ ਤੋਂ ਛੋਟ ਦਿੱਤੀ ਗਈ ਹੈ।

ਜੀ ਐੱਸ ਟੀ ਦੇ ਘੇਰੇ ਵਿੱਚ, ਮਾਨਵੀ ਵਰਤੋਂ ਵਿੱਚ ਆਉਣ ਵਾਲੀ ਅਲਕੋਹਲ ਨੂੰ ਛੱਡ ਕੇ ਜੋ ਸੰਵਿਧਾਨਕ ਤੌਰ ਤੇ ਜੀ ਐੱਸ ਟੀ ਤੋਂ ਬਾਹਰ ਹੈ, ਸਮੁੱਚੀਆਂ ਵਸਤੂਆਂ ਅਤੇ ਸੇਵਾਵਾਂ ਨੂੰ ਲਿਆਂਦਾ ਗਿਆ ਹੈ। ਇਸ ਤੋਂ ਇਲਾਵਾ, ਪੰਜ ਪੈਟਰੋਲੀਅਮ ਪਦਾਰਥ (ਕੱਚਾ ਤੇਲ, ਪੈਟਰੋਲ, ਡੀਜ਼ਲ, ਏ ਟੀ ਐੱਫ ਅਤੇ ਕੁਦਰਤੀ ਗੈਸ), ਹਾਲ ਦੀ ਘੜੀ ਜੀ ਐੱਸ ਟੀ ਦੇ ਦਾਇਰੇ ਤੋਂ ਬਾਹਰ ਹਨ ਅਤੇ ਜੀ ਐੱਸ ਟੀ ਕੌਂਸਲ ਦੀਆਂ ਸਿਫਾਰਸ਼ਾਂ ਅਨੁਸਾਰ ਜੀ ਐੱਸ ਟੀ ਅਧੀਨ ਲਿਆਂਦੇ ਜਾ ਸਕਦੇ ਹਨ।



20 ਲੱਖ ਰੁਪਏ ਦੀ ਇਕ ਸਾਵੀਂ ਪ੍ਰਭਾਵ – ਸੀਮਾ ਛੋਟ (ਸੰਵਿਧਾਨ ਦੀ ਧਾਰਾ 279 ਦੇ ਵਿੱਚ ਦਰਜ ਵਿਸ਼ੇਸ਼ ਦਰਜਾ ਰਾਜਾਂ ਲਈ, ਜੰਮੂ ਅਤੇ ਕਸ਼ਮੀਰ ਨੂੰ ਛੱਡ ਕੇ, 10 ਲੱਖ ਰੁਪਏ), ਕੇਂਦਰੀ ਜੀ ਐੱਸ ਟੀ ਅਤੇ ਰਾਜ ਜੀ ਐੱਸ ਟੀ/ਕੇਂਦਰ ਸ਼ਾਸਤ ਪ੍ਰਦੇਸ਼ ਜੀ ਐੱਸ ਟੀ ਲਈ ਦਿੱਤੀ ਗਈ ਹੈ। ਇਸ ਤੋਂ ਇਲਾਵਾ, ਕੰਪੋਜ਼ੀਸ਼ਨ ਸਕੀਮ ਅਧੀਨ, (ਇਕਸਾਰ ਦਰ ਉਤੇ, ਬਿਨਾਂ ਕਰੈਡਿਟ ਲਾਏ) ਕਰ ਅਦਾ ਕਰਨ ਦੀ ਸੁਵਿਧਾ ਛੋਟੇ ਕਰਦਾਤਾਵਾਂ ਨੂੰ (ਉਤਪਾਦਕਾਂ ਅਤੇ ਸੇਵਾ ਦੇਣ ਵਾਲਿਆਂ ਦੀ ਵਿਸ਼ੇਸ਼ ਸ਼੍ਰੇਣੀ ਨੂੰ ਛੱਡ ਕੇ) ਜਿਨ੍ਹਾਂ ਦਾ ਸਾਲਾਨਾ ਉਤਪਾਦਨ 75 ਲੱਖ ਰੁਪਏ ਤੱਕ ਦਾ ਹੈ (ਸੰਵਿਧਾਨ ਦੀ ਧਾਰਾ 279 ਏ ਵਿੱਚ ਦਰਜ ਵਿਸ਼ੇਸ਼ ਦਰਜਾ ਰਾਜਾਂ ਲਈ, ਜੰਮੂ ਅਤੇ ਕਸ਼ਮੀਰ ਅਤੇ ਉਤਰਾਖੰਡ ਰਾਜਾਂ ਨੂੰ ਛੱਡ ਕੇ, 50 ਲੱਖ ਰੁਪਏ), ਪ੍ਰਾਪਤ ਹੈ।

- ਵਿਸ਼ੇਸ਼ ਆਰਥਿਕ ਜ਼ੋਨਾਂ ਲਈ ਨਿਰਯਾਤ ਅਤੇ ਪੂਰਤੀ ਉਪਰ ਜ਼ੀਰੋ ਟੈਕਸ ਦਰ ਹੈ।

- ਇਨਪੁਟ ਉਪਰ ਅਦਾ ਕੀਤੇਕੇਂਦਰੀ ਜੀ ਐੱਸ ਟੀ ਦਾ ਕਰੈਡਿਟ, ਉਤਪਾਦਨ ਉਪਰ ਸਿਰਫ ਕੇਂਦਰੀ ਜੀ ਐੱਸ ਟੀ ਅਦਾ ਕਰਨ ਲਈ ਹੀ ਕੀਤਾ ਜਾ ਸਕਦਾ ਹੈ ਅਤੇ ਰਾਜ ਦਾ ਜੀ ਐੱਸ ਟੀ/ਕੇਂਦਰ ਸ਼ਾਸਤ ਪ੍ਰਦੇਸ਼ ਦਾ ਜੀ ਐੱਸ ਟੀ ਜੋ ਇਨਪੁਟ ਉਪਰ ਅਦਾ ਕੀਤਾ ਹੋਵੇ, ਉਸ ਦਾ ਕਰੈਡਿਟ ਸਿਰਫ ਐੱਸ ਜੀ ਐੱਸ ਟੀ/ਯੂ ਟੀ ਜੀ ਐੱਸ ਟੀ ਅਦਾ ਕਰਨ ਲਈ ਹੀ ਕੀਤਾ ਜਾ ਸਕਦਾ ਹੈ। ਦੂਜੇ ਸ਼ਬਦਾਂ ਵਿੱਚ, ਦੋਵੇਂ ਕਿਸਮ ਦਾ ਇਨਪੁਟ ਟੈਕਸ ਕਰੈਡਿਟ, ਇਕ ਤੋਂ ਦੂਜੇ ਲਈ ਵਰਤੋਂ ਵਿੱਚ ਨਹੀਂ ਲਿਆਂਦਾ ਜਾ ਸਕਦਾ, ਸਿਰਫ ਵਿਸ਼ੇਸ਼ ਹਾਲਤਾਂ ਵਿੱਚ, ਅੰਤਰ-ਰਾਜੀ ਪੂਰਤੀ ਉਪਰ ਸਮੁਚਿਤ ਜੀ ਐੱਸ ਟੀ ਦੀ ਅਦਾਇਗੀ ਲਈ ਇਸ ਕਰੈਡਿਟ ਨੂੰ, ਹੇਠ ਦਿੱਤੇ ਅਨੁਸਾਰ ਵਰਤੋਂ ਵਿੱਚ ਲਿਆਂਦਾ ਜਾ ਸਕਦਾ ਹੈ:

ੳ) ਇਨਪੁਟ ਟੈਕਸ ਕਰੈਡਿਟ ਜੋ ਕੇਂਦਰੀ ਜੀ ਐੱਸ ਟੀ ਤੋਂ ਪ੍ਰਾਪਤ ਹੋਵੇ, ਕੇਂਦਰੀ ਜੀ ਐੱਸ ਟੀ ਅਤੇ ਸਮੁਚਿਤ ਜੀ ਐੱਸ ਟੀ ਦੀ ਇਸੇ ਕ੍ਰਮ

ਵਿੱਚ ਅਦਾਇਗੀ ਲਈ।

ਅ) ਰਾਜ ਜੀ ਐੱਸ ਟੀ ਤੋਂ ਪ੍ਰਾਪਤ ਇਨਪੁਟ ਕਰੈਡਿਟ ਟੈਕਸ, ਰਾਜ ਜੀ ਐੱਸ ਟੀ ਅਤੇ ਸਮੁਚਿਤ ਜੀ ਐੱਸ ਟੀ ਦੀ ਇਸੇ ਕ੍ਰਮ ਵਿੱਚ, ਅਦਾਇਗੀ।

ੲ) ਕੇਂਦਰ ਸ਼ਾਸਤ ਪ੍ਰਦੇਸ਼ ਜੀ ਐੱਸ ਟੀ ਤੋਂ ਪ੍ਰਾਪਤ ਇਨਪੁਟ ਕਰੈਡਿਟ ਟੈਕਸ, ਕੇਂਦਰ ਸ਼ਾਸਤ ਪ੍ਰਦੇਸ਼ ਜੀ ਐੱਸ ਟੀ ਅਤੇ ਸਮੁਚਿਤ ਜੀ ਐੱਸ ਟੀ ਦੀ ਇਸੇ ਕ੍ਰਮ ਵਿੱਚ ਅਦਾਇਗੀ।

ਸ) ਸਮੁਚਿਤ ਜੀ ਐੱਸ ਟੀ ਤੋਂ ਪ੍ਰਾਪਤ ਇਨਪੁਟ ਕਰੈਡਿਟ ਟੈਕਸ ਆਈ ਜੀ ਐੱਸ ਟੀ, ਜੀ ਜੀ ਐੱਸ ਟੀ ਅਤੇ ਐੱਸ ਜੀ ਐੱਸ ਟੀ/ਯੂ ਟੀ ਸੀ ਐੱਸ ਟੀ ਦੀ ਇਸੇ ਕ੍ਰਮ ਵਿੱਚ ਅਦਾਇਗੀ।

● ਵੱਖ-ਵੱਖ ਸ਼੍ਰੇਣੀਆਂ ਦੇ ਵਿਅਕਤੀਆਂ ਵਲੋਂ, ਵੱਖ-ਵੱਖ ਕਾਟ ਸੀਮਾ ਤੋਂ ਵੱਧ ਵਿਕਰੀ ਹੋਣ ਉਤੇ ਆਪਣੀਆਂ ਰਿਟਰਨਾਂ ਇਲੈਕਟ੍ਰਾਨਿਕ ਤਰੀਕੇ ਭਰਨੀਆਂ ਹੋਣਗੀਆਂ।

● ਕਰਦਾਤਾ ਲਈ ਕਰ ਅਦਾ ਕਰਨ ਦੇ ਵੱਖ-ਵੱਖ ਤਰੀਕੇ, ਇੰਟਰਨੈੱਟ ਬੈਂਕਿੰਗ, ਡੈਬਿਟ/ਕਰੈਡਿਟ ਕਾਰਡ ਅਤੇ ਰਾਸ਼ਟਰੀ ਇਲੈਕਟ੍ਰਾਨਿਕ ਫੰਡ ਅਦਲਾਬਦਲੀ (ਐੱਨ ਈ ਐੱਫ ਟੀ)/ਰੀਅਲ ਟਾਈਮ ਗਰੌਸ ਸੈਟਲਮੈਂਟ (ਆਰ ਟੀ ਜੀ ਐੱਸ), ਉਪਲਬਧ ਹਨ।

● ਕਰਦਾਤਾ ਵਲੋਂ ਜਾਂ ਕਿਸੇ ਹੋਰ ਵਿਅਕਤੀ ਵਲੋਂ ਜਿਸ ਉਪਰ ਟੈਕਸ ਭਾਰ ਪਿਆ ਹੋਵੇ, ਸੰਬੰਧਿਤ ਮਿਤੀ ਤੋਂ ਦੋ ਸਾਲ ਦੇ ਅੰਦਰ-ਅੰਦਰ ਕਰ ਵਾਪਸੀ ਦੀ ਮੰਗ ਕਰਨੀ ਹੋਵੇਗੀ।

● ਪੰਜੀਕ੍ਰਿਤ ਵਿਅਕਤੀਆਂ ਲਈ ਸਵੈ ਕਰ ਨਿਰਧਾਰਨ ਕਰਨ ਦੀ ਸੁਵਿਧਾ ਉਪਲਬਧ ਹੈ।

● ਕਾਨੂੰਨ ਦੀਆਂ ਮਦਾਂ ਦੇ ਨਿਯਮਾਂ ਅਨੁਸਾਰ, ਪਾਲਣਾ ਦੀ ਜਾਂਚ ਲਈ ਰਜਿਸਟਰ ਸ਼ੁਦਾ ਵਿਅਕਤੀਆਂ ਦਾ ਆਡਿਟ ਕੀਤਾ ਜਾਵੇਗਾ।

● ਵਿਭਾਗ ਤੋਂ ਕਰਾਂ ਸੰਬੰਧੀ ਮਾਮਲਿਆਂ ਵਿੱਚ ਕਰਦਾਤਾਵਾਂ ਵਲੋਂ ਜ਼ਰੂਰੀ ਸਪੱਸ਼ਟੀਕਰਨ ਲੈਣ ਲਈ ਰਾਜਾਂ ਵਿੱਚ ਇਕ ਅਗਾਊਂ ਹੁਕਮੀ ਅਥਾਰਿਟੀ/ਕੇਂਦਰ ਅਜਿਹੀ ਅਥਾਰਿਟੀ ਕੇਂਦਰੀ ਜੀ ਐੱਸ ਟੀ ਅਧੀਨ ਅਪਣਾਏਗਾ।

● ਇਹ ਸੁਨਿਸ਼ਚਤ ਕਰਨ ਲਈ ਕਿ ਕਾਰੋਬਾਰੀ ਕਰਾਂ ਵਿੱਚ ਆਈ ਕਮੀ ਦਾ ਲਾਭ ਵਸਤੂਆਂ ਜਾਂ ਸੇਵਾਵਾਂ ਜਾਂ ਦੋਹਾਂ ਉਪਰ ਆਈ ਕਮੀ ਨੂੰ ਉਪਭੋਗਤਾ ਤੱਕ ਪਹੁੰਚਾਉਂਦੇ ਹਨ, ਮੁਨਾਫਾਖੋਰੀ ਵਿਰੋਧੀ ਮਦ ਲਿਆਂਦੀ ਗਈ ਹੈ।

● ਮੌਜੂਦਾ ਕਰਦਾਤਾਵਾਂ ਲਈ ਜੀ ਐੱਸ ਟੀ ਪ੍ਰਣਾਲੀ ਅਪਣਾਉਣ ਲਈ ਵਿਆਪਕ ਪਰਿਵਰਤਨੀ ਇੰਤਜ਼ਾਮ ਕੀਤੇ ਗਏ ਹਨ।

## ਜੀ ਐੱਸ ਟੀ ਦੇ ਲਾਭ

### *(ੳ) ਭਾਰਤ ਵਿੱਚ ਬਣਾਓ*

● ਸਮੁੱਚੇ ਭਾਰਤ 'ਚ ਇਕ ਸਮਾਨ ਏਕੀਕ੍ਰਿਤ ਸਾਂਝੀ ਮਾਰਕੀਟ ਸਥਾਪਤ ਕਰਨ ਵਿੱਚ ਮਦਦ ਕਰੇਗਾ ਜਿਸ ਨਾਲ ਵਿਦੇਸ਼ੀ ਨਿਵੇਸ਼ ਅਤੇ "ਭਾਰਤ ਵਿੱਚ ਬਣਾਓ" ਅਭਿਆਨਾਂ ਨੂੰ ਹੁੰਗਾਰਾ ਮਿਲੇਗਾ।

● ਕਰਾਂ ਦੇ ਕਈ ਪੜ੍ਹਾਵਾਂ ਵਿੱਚ ਹੋਣ ਨੂੰ ਖਤਮ ਕਰੇਗਾ ਕਿਉਂਕਿ ਵਸਤੂਆਂ ਅਤੇ ਸੇਵਾਵਾਂ ਦੀ ਪੂਰਤੀ ਦੀ ਹਰ ਪੱਧਰ ਉਪਰ ਇਨਪੁਟ ਟੈਕਸ ਕਰੈਡਿਟ ਮਿਲੇਗਾ।

● ਕਾਨੂੰਨਾਂ, ਕਾਰਜ-ਪ੍ਰਣਾਲੀ ਅਤੇ ਕਰਾਂ ਦੀਆਂ ਦਰਾਂ ਦਾ ਸੁਮੇਲ ਕਰੇਗਾ।

● ਕਰਾਂ ਦਾ ਵਧੇਰੇ ਕੁਸ਼ਲ ਨਿਸ਼-ਪ੍ਰਭਾਵੀਕਰਨ, ਖ਼ਾਸ ਤੌਰ ਤੇ ਨਿਰਯਾਤ ਲਈ ਜਿਸ ਨਾਲ ਸਾਡੇ ਉਤਪਾਦਨ ਅੰਤਰਰਾਟਰੀ ਮੰਡੀਆਂ ਵਿੱਚ ਵਧੇਰੇ ਮੁਕਾਬਲੇ ਦੇ ਹੋ ਜਾਣਗੇ ਅਤੇ ਭਾਰਤੀ ਨਿਰਯਾਤ ਨੂੰ ਹੁੰਗਾਰਾ ਮਿਲੇਗਾ।

● ਕੰਪਟਨੀਆਂ ਉਪਰ ਔਸਤ ਕਰ ਭਾਰ ਵਿੱਚ ਕਮੀ ਆਵੇਗੀ ਜਿਸ ਨਾਲ ਕੀਮਤਾਂ ਵਿੱਚ ਕਮੀ ਆਉਣ ਦੀ ਆਸ ਹੈ। ਘੱਟ ਕੀਮਤਾਂ ਵਧੇਰੇ ਖਪਤ ਲਈ ਉਕਸਾਉਂਦੀਆਂ ਹਨ ਜਿਸ ਨਾਲ ਉਤਪਾਦਨ ਵਧੇਗਾ ਅਤੇ ਉਦਯੋਗ ਦੇ ਵਿਕਾਸ ਵਿੱਚ ਮਦਦ ਮਿਲੇਗੀ।

### *(ਅ) ਕਾਰੋਬਾਰ ਕਰਨ ਵਿੱਚ ਅਸਾਨੀ*

● ਘੱਟ ਛੋਟਾਂ ਵਾਲੀ ਸੌਖੀ ਕਰ ਪ੍ਰਣਾਲੀ।

● ਵਰਤਮਾਨ ਵਿੱਚ ਸਾਡੀ ਅਸਿੱਧੀ ਕਰ ਪ੍ਰਣਾਲੀ ਵਿੱਚ ਚਾਲੂ ਕਰਾਂ ਦੀ ਬਹੁਤਾਤ ਵਿੱਚ ਕਮੀ ਜਿਸ ਨਾਲ ਅਸਾਨੀ ਹੋ ਜਾਵੇਗੀ ਅਤੇ ਇਕਸੁਰਤਾ ਆਵੇਗੀ।

● ਕਰਾਂ ਦੀ ਪਾਲਣਾ ਕਰਨ ਦੇ ਖਰਚੇ ਘਟ ਜਾਣਗੇ – ਬਹੁਤਿਆਂ ਕਰਾਂ ਲਈ ਬਹੁਤੇ ਅਲਗ-ਅਲਗ ਰਿਕਾਰਡ ਰਖਣ ਦੀ ਲੋੜ ਨਹੀਂ – ਇਸ ਲਈ ਰਿਕਾਰਡ ਤਿਆਰ ਕਰਨ ਲਈ ਘੱਟ ਨਫਰੀ ਅਤੇ ਘੱਟ ਸਰੋਤਾਂ ਦੀ ਲੋੜ ਨਾਲ ਇਸ ਕੰਮ ਲਈ ਨਿਵੇਸ਼ ਵਿੱਚ ਕਮੀ।

● ਵੱਖ-ਵੱਖ ਪ੍ਰਕਿਰਿਆਵਾਂ ਲਈ, ਜਿਵੇਂ ਕਿ ਰਜਿਸਟਰੇਸ਼ਨ, ਰਿਟਰਨਾਂ ਭਰਨਾ, ਵਾਧੂ ਅਦਾਇਗੀ ਵਾਪਸ ਲੈਣਾ, ਕਰ ਅਦਾਇਗੀਆਂ ਆਦਿ ਲਈ ਸੌਖੀ ਅਤੇ ਸਵੈ-ਚਾਲਤ ਕਾਰਜ ਪ੍ਰਣਾਲੀ।

● ਹਰ ਗੱਲਬਾਤ ਸਾਂਝੀ ਜੀ ਐੱਸ ਟੀ ਐੱਨ ਪੋਰਟਲ ਰਾਹੀਂ –ਕਰਦਾਤਾ ਅਤੇ ਕਰ ਅਧਿਕਾਰੀਆਂ ਵਿੱਚ ਘੱਟੋ-ਘੱਟ ਆਹਮਣਾ-ਸਾਹਮਣਾ।

● ਕਰਦਾਤਾਵਾਂ ਦੀ ਰਜਿਸਟਰੇਸ਼ਨ, ਵਾਧੂ ਕਰ ਅਦਾਇਗੀ ਦੀ ਵਾਪਸੀ, ਟੈਕਸ ਰੀਟਰਨਾਂ ਭਰਨ ਲਈ ਇਕੋ ਜਿਹੇ ਫਾਰਮ, ਇਕ ਕਰ ਅਧਾਰ, ਵਸਤੂਆਂ ਅਤੇ ਸੇਵਾਵਾਂ ਨੂੰ ਸ਼੍ਰੇਣੀਗਤ ਕਰਨ ਲਈ ਸਾਂਝੀ ਪ੍ਰਣਾਲੀ, ਕਰ ਪ੍ਰਣਾਲੀ ਨੂੰ ਵਧੇਰੇ ਨਿਸ਼ਚਿਤਤਾ ਦੇਵੇਗੀ।

### *(ੲ) ਉਪਭੋਗਤਾ ਲਈ ਲਾਭ*

● ਉਤਪਾਦਕ, ਖੁਦਰਾ ਵਪਾਰੀ ਅਤੇ ਸੇਵਾਵਾਂ ਦੇਣ ਵਾਲਿਆਂ ਵਿਚਕਾਰ ਇਨਪੁਟ ਟੈਕਸ ਕ੍ਰੈਡਿਟ ਦੇ ਬੇਰੋਕ ਪ੍ਰਵਾਹ ਨਾਲ, ਵਸਤੂਆਂ ਦੀਆਂ ਦੇਅ ਕੀਮਤਾਂ ਵਿੱਚ ਕਮੀ ਆਉਣ ਦੀ ਆਸ ਹੈ।

● ਕੰਪਨੀਆਂ ਉਪਰ ਔਸਤ ਕਰ ਭਾਰ ਵਿੱਚ ਕਮੀ ਆਉਣ ਦੀ ਸੰਭਾਵਨਾ ਹੈ ਜਿਸ ਨਾਲ ਕੀਮਤਾਂ ਵਿੱਚ ਕਮੀ ਆਉਣ ਦੀ ਆਸ ਹੈ ਅਤੇ ਘੱਟ ਕੀਮਤਾਂ ਦਾ ਅਰਥ ਹੈ ਵਧੇਰੇ ਖਪਤ।

## ਸਿੱਟਾ

ਜੀ ਐੱਸ ਟੀ ਨੂੰ ਸਿਰਫ ਨਿਕਟ ਦ੍ਰਿਸ਼ਟੀ ਤੋਂ ਦੇਖਣ ਨਾਲ, ਅਸਿੱਧੀ ਕਰ ਪ੍ਰਣਾਲੀ ਦੇ ਸਿਰਫ ਧੁੰਦਲੇ ਹਿੱਸੇ ਹੀ ਦਿਸਣਗੇ। ਪਰ ਜੇਕਰ ਅਸੀਂ ਇਸ ਬਦਲਵੇਂ ਸੁਧਾਰ ਉਪਰ ਵਿਆਪਕ ਵਿਚਾਰ ਕਰੀਏ ਤਾਂ ਇਸ ਨੂੰ ਇਕ ਕਾਰੋਬਾਰੀ ਤਬਦੀਲੀ, ਇਕ ਸਮਾਜਿਕ ਪੁਨਰ ਉਸਾਰੀ, ਇਕ ਇਨਕਲਾਬ ਜੋ ਹਫ਼ਤਿਆਂ ਬੱਧੀ ਰੁਕੇ ਸਾਡੇ ਆਰਥਿਕ ਵਿਕਾਸ ਨੂੰ ਮੁੜ ਤੋਂ ਤਾਕਤ, ਸਾਡੇ ਅਰਥਤੰਤਰ ਨੂੰ ਦੁਨੀਆਂ ਵਿੱਚ ਹੋ ਰਹੀਆਂ ਤਬਦੀਲੀਆਂ ਦੇ ਉਤਾਰ-ਚੜ੍ਹਾਅ ਤੋਂ ਸੁਰੱਖਿਆ ਅਤੇ ਸਭ ਤੋਂ ਵੱਧ, ਪਰ ਅੰਤ ਨਹੀਂ, ਇਹ ਇਕ ਅਜਿਹਾ ਭਵਿੱਖ ਦੇਵੇਗਾ ਜਿਸ ਵਿੱਚ ਸਿਰ ਉੱਚਾ ਰਹੇਗਾ ਅਤੇ ਦਿਮਾਗ ਬੋਝ ਰਹਿਤ, ਅਜ਼ਾਦ।

*(ਲੇਖਕ ਕਰ ਅਤੇ ਆਬਕਾਰੀ ਬਾਰੇ ਕੇਂਦਰੀ ਬੋਰਡ ਵਿੱਚ ਜੀ ਐੱਸ ਟੀ ਕਮਿਸ਼ਨਰ ਹਨ)*
*e-mail : gst-cbec@nic.in*

# ਮਜ਼ਬੂਤ ਆਈ ਟੀ ਰੀੜ੍ਹ ਦੀ ਹੱਡੀ ਵਿਕਸਤ ਕਰਨਾ

ਪ੍ਰਕਾਸ਼ ਕੁਮਾਰ

1 ਜੁਲਾਈ, 2017 ਨੂੰ ਭਾਰਤ ਨੇ ਆਪਣੇ ਹੁਣ ਤੱਕ ਦੇ ਸਭ ਤੋਂ ਕ੍ਰਾਂਤੀਕਾਰੀ ਟੈਕਸ ਸੁਧਾਰ ਨੂੰ ਵਸਤਾਂ ਅਤੇ ਸੇਵਾਵਾਂ ਕਰ (ਜੀ ਐੱਸ ਟੀ) ਦੇ ਰੂਪ ਵਿੱਚ ਲਾਗੂ ਕੀਤਾ ਜਿਸ ਵਿੱਚ ਸਾਰੇ ਦੇਸ਼ ਨੂੰ ਇਕ ਇਕਹਿਰੀ ਮੰਡੀ ਵਿੱਚ ਤਬਦੀਲ ਕਰ ਕੇ ਆਰਥਿਕਤਾ ਵਿੱਚ ਇਕ ਤਾਜ਼ੀ ਤਾਕਤ ਭਰਨ ਦਾ ਵਾਅਦਾ ਕੀਤਾ ਗਿਆ ਹੈ। ਆਪਣੀ ਆਰਥਿਕਤਾ ਨੂੰ ਬਾਹਰਲੇ ਵਿਸ਼ਵ ਲਈ ਖੋਲ੍ਹਣ ਤੋਂ 26 ਸਾਲ ਬਾਅਦ ਭਾਰਤ ਨੇ ਹੁਣ ਇਹ ਇਕ ਹੋਰ ਅਹਿਮ ਵਿੱਤੀ ਸੁਧਾਰ ਕੀਤਾ ਹੈ। ਇਸ ਦਾ ਉਦੇਸ਼ ਉਦਾਰਵਾਦ ਦੇ ਲਾਭਾਂ ਨੂੰ ਅੱਗੇ ਲਿਜਾਉਣਾ ਅਤੇ ਮਜ਼ਬੂਤ ਬਣਾਉਣਾ ਹੈ।

**ਨਵਾਂ ਵਸਤਾਂ ਅਤੇ ਸੇਵਾਵਾਂ ਕਰ ਕਾਨੂੰਨ 17 ਕੇਂਦਰੀ ਅਤੇ ਸੂਬਾਈ ਟੈਕਸਾਂ ਅਤੇ 22 ਤਰ੍ਹਾਂ ਦੇ ਸੈੱਸ ਨੂੰ ਇਕ ਇਕਹਿਰੇ ਟੈਕਸ ਵਿੱਚ ਤਬਦੀਲ ਕਰ ਰਿਹਾ ਹੈ। ਇਸ ਤਰ੍ਹਾਂ ਕਰਾਂ ਦੀ ਗੁੰਝਲਦਾਰਤਾ ਨੂੰ ਖਤਮ ਕਰਕੇ, ਕਰਾਂ ਨੂੰ ਹਟਾ ਕੇ ਅਤੇ ਅਸਿੱਧੇ ਟੈਕਸੇਸ਼ਨ ਵਿੱਚ ਅਹਿਮ ਸਾਦਾਪਨ ਲਿਆ ਕੇ ਕੀਤਾ ਗਿਆ ਹੈ।**

ਸੂਬਿਆਂ ਦੇ 34 ਵੈਟ ਕਰਾਂ ਕਾਰਨ 97 ਵੱਖ-ਵੱਖ ਤਰ੍ਹਾਂ ਦੀਆਂ ਰਿਟਰਨਾਂ ਭਰਨੀਆਂ ਪੈਂਦੀਆਂ ਸਨ ਅਤੇ ਉਨ੍ਹਾਂ ਦੇ ਨਾਲ 317 ਪੂਰਕ ਅੰਸ਼ ਅਤੇ 28 ਐਲਾਨਨਾਮੇ ਲਗਾਏ ਜਾਂਦੇ ਸਨ। ਇਸੇ ਤਰ੍ਹਾਂ ਕੇਂਦਰੀ ਐਕਸਾਈਜ਼ ਨਾਲ 13 ਰਿਟਰਨ ਫਾਰਮ ਹੁੰਦੇ ਸਨ ਜਿਨ੍ਹਾਂ ਦੀ ਸਹਾਇਤਾ ਲਈ ਇਕ ਐਲਾਨਨਾਮਾ ਭਰਨਾ ਪੈਂਦਾ ਸੀ। ਇਥੋਂ ਤੱਕ ਕਿ ਜਿਹੜਾ ਚਲਾਨ ਵਰਤਿਆ ਜਾਂਦਾ ਸੀ, ਉਹ ਵੀ 12 ਤਰ੍ਹਾਂ ਦਾ ਹੁੰਦਾ ਸੀ। ਇਨ੍ਹਾਂ ਸਾਰਿਆਂ ਨੂੰ ਬਦਲ ਕੇ ਹੁਣ 12 ਫਾਰਮ ਭਰਨੇ ਪੈਣਗੇ ਅਤੇ 1 ਚਲਾਨ ਵੀ ਭਰਨਾ ਪਵੇਗਾ ਜੋ ਕਿ ਦੇਸ਼ ਭਰ ਵਿੱਚ ਇਕੋ ਜਿਹਾ ਹੋਵੇਗਾ। ਜੀ ਐੱਸ ਟੀ ਨੇ ਹੁਣ ਕਰ ਅਦਾ ਕਰਨਾ ਅਤੇ ਰਿਟਰਨ ਭਰਨਾ ਸੁਖਾਲਾ ਬਣਾ ਦਿੱਤਾ ਹੈ। ਇਸ ਨੇ ਵਪਾਰ ਕਰਨ ਦੇ ਕੰਮ ਨੂੰ ਵੀ ਸੁਖਾਲਾ ਬਣਾ ਕੇ ਇਸ ਵਿੱਚ ਸੁਧਾਰ ਕਰਨ ਦਾ ਵਾਅਦਾ ਕੀਤਾ ਹੈ।

ਜੀ ਐੱਸ ਟੀ ਦਾ ਵਿਚਾਰ ਹੈ ਕਿ 80 ਲੱਖ ਕਰ ਦਾਤਿਆਂ ਦੇ ਇਨਪੁੱਟ ਟੈਕਸ ਕ੍ਰੈਡਿਟ (ਆਈ ਟੀ ਸੀ) ਦੀ ਮਾਸਿਕ ਰਿਟਰਨ ਭਰਨ ਤੋਂ 10 ਦਿਨ ਦੇ ਅੰਦਰ ਜਾਂਚ ਅਮਲ ਪੂਰਾ ਕਰ ਲਿਆ ਜਾਵੇਗਾ। ਇਸ ਵਿੱਚ 2.6 ਤੋਂ 3.0 ਬਿਲੀਅਨ ਵਪਾਰ ਤੋਂ ਵਪਾਰ ਇਨਵਾਇਸ ਡਾਟਾ ਹੋਣਗੇ। ਅਜਿਹਾ ਹੋਣਾ ਮਜ਼ਬੂਤ ਆਈ ਟੀ ਢਾਂਚੇ ਤੋਂ ਬਿਨਾਂ ਅਸੰਭਵ ਹੈ। ਇਸ ਲਈ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਜੀ ਐੱਸ ਟੀ ਮਜਬੂਤ ਆਈ ਟੀ ਢਾਂਚੇ ਤੋਂ ਬਿਨਾਂ ਅਧੂਰਾ ਹੈ। ਆਈ ਟੀ ਦੀ ਰੀੜ੍ਹ ਦੀ ਹੱਡੀ ਜੀ ਐੱਸ ਟੀ ਸਿਸਟਮ ਦੇ ਰੂਪ ਵਿੱਚ ਸਾਹਮਣੇ ਆਈ ਹੈ। ਇਸ ਵਿੱਚ ਜੀ ਐੱਸ ਟੀ ਪੋਰਟਲ ਅਤੇ ਆਈ ਟੀ ਪਲੇਟਫਾਰਮ ਹਨ। ਇਸ ਦਾ ਇਕ ਬਹੁਤ ਉੱਚ ਆਧੁਨਿਕ ਤਕਨਾਲੋਜੀ ਵਾਲਾ ਢਾਂਚਾ ਹੈ ਜਿਸ ਨੇ ਕਿ ਨਵੇਂ ਟੈਕਸ ਢਾਂਚੇ ਨੂੰ ਲਾਗੂ ਕਰਨਾ ਸੰਭਵ ਬਣਾਇਆ ਹੈ। ਜੀ ਐੱਸ ਟੀ ਐੱਨ ਨੇ ਸਫਲਤਾ ਨਾਲ ਇਕ ਸਾਂਝਾ ਜੀ ਐੱਸ ਟੀ ਪੋਰਟਲ ਵਿਕਸਤ ਕੀਤਾ ਹੈ ਜੋ ਕਿ ਅਸਿੱਧੇ ਟੈਕਸੇਸ਼ਨ ਢਾਂਚੇ ਵਿੱਚ ਸ਼ਾਮਲ ਸਾਰੇ ਵਪਾਰਾਂ, ਟੈਕਸ ਅਦਾ ਕਰਨ ਵਾਲਿਆਂ ਅਤੇ ਹੋਰ ਧਿਰਾਂ ਲਈ ਇਕ ਹੀ ਦੁਕਾਨ ਵਾਂਗ ਕੰਮ ਕਰਦਾ ਹੈ। ਇਹ ਲੇਖ ਲਿਖਣ ਦੇ ਮੌਕੇ ਉਤੇ 69 ਲੱਖ ਮੌਜੂਦਾ ਕਰਦਾਤਾ ਨੇ ਨਵੇਂ ਜੀ ਐੱਸ ਟੀ ਐੱਨ ਪੋਰਟਲ ਉੱਤੇ ਨਵੇਂ ਢਾਂਚੇ ਵਿੱਚ ਸ਼ਾਮਲ ਹੋ ਚੁੱਕੇ ਸਨ। 25 ਜੂਨ 2017 ਨੂੰ ਇਹ ਪੋਰਟਲ ਵਪਾਰੀਆਂ ਦੀ ਤਾਜ਼ਾ ਪੰਜੀਕਰਨ ਲਈ ਖੋਲ੍ਹ ਦਿੱਤਾ ਗਿਆ ਹੈ। ਹੁਣ ਤੱਕ 5 ਲੱਖ ਤੋਂ ਵੱਧ ਨਵੇਂ ਅਦਾਰਿਆਂ ਨੇ ਪੰਜੀਕਰਨ ਲਈ ਆਵੇਦਨ ਕਰ ਦਿੱਤਾ ਹੈ। ਇਨ੍ਹਾਂ ਵਿੱਚੋਂ 3 ਲੱਖ ਦੇ ਪੰਜੀਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ।

## ਜੀ ਐੱਸ ਟੀ ਐੱਨ – ਜੀ ਐੱਸ ਟੀ ਨੂੰ ਆਈ ਟੀ ਦੇ ਸਮਰੱਥ ਬਣਾਉਣ ਵੱਲ

ਵਸਤਾਂ ਅਤੇ ਸੇਵਾਵਾਂ ਕਰ ਢਾਂਚਾ ਜਾਂ ਜੀ ਐੱਸ ਟੀ ਐੱਨ ਦੀ ਸੋਚ ਜੀ ਐੱਸ ਟੀ ਦੀ ਰੀੜ ਦੀ ਹੱਡੀ ਦੇ ਰੂਪ ਵਿੱਚ ਸਾਹਮਣੇ ਆਈ ਸੀ – ਇਕ ਅਜਿਹਾ ਸੰਗਠਨ ਜੋ ਕਿ ਨਵੇਂ ਸਾਮਰਾਜ ਲਈ ਆਈ ਟੀ ਢਾਂਚੇ ਨੂੰ ਟਿਕਾਣੇ ਰੱਖੇਗਾ ਅਤੇ ਕਰਦਾਤਿਆਂ ਨੂੰ ਮੌਜੂਦਾ ਬਹੁਮੁੱਖੀ ਢਾਂਚੇ ਤੋਂ ਇਕਹਰੇ ਕਰ ਢਾਂਚੇ ਵਿੱਚ ਪਹੁੰਚਾਵੇਗਾ। ਭਾਰਤ ਸਰਕਾਰ ਅਤੇ ਸੂਬਾ ਸਰਕਾਰਾਂ ਇਕੱਠੀਆਂ ਹੋਈਆਂ ਅਤੇ ਉਨ੍ਹਾਂ ਨੇ ਵਸਤਾਂ ਅਤੇ ਸੇਵਾਵਾਂ ਕਰ ਢਾਂਚਾ (ਜੀ ਐੱਸ ਟੀ ਐੱਨ) ਤਿਆਰ ਕਰਨਾ ਸ਼ੁਰੂ ਕੀਤਾ। ਇਹ ਇਕ ਵਿਸ਼ੇਸ਼ ਉਦੇਸ਼ ਵਾਲਾ ਵਾਹਨ ਸੀ ਜੋ ਕਿ ਗੈਰ ਸਰਕਾਰੀ, ਮੁਨਾਫੇ ਲਈ ਕੰਮ ਨਾ ਕਰਨ ਵਾਲੀ ਕੰਪਨੀ ਸੀ ਜਿਸ ਵਿੱਚ ਕੇਂਦਰ ਸਰਕਾਰ ਦਾ 24.5 ਪ੍ਰਤਿਸ਼ਤ ਹਿੱਸਾ ਅਤੇ ਸਾਰਿਆਂ ਸੂਬਿਆਂ ਦਾ ਮਿਲਾ ਕੇ 24.5 ਪ੍ਰਤਿਸ਼ਤ ਹਿੱਸਾ ਹੈ। ਬਾਕੀ ਦਾ ਹਿੱਸਾ 5 ਨਿੱਜੀ ਵਿੱਤੀ ਸੰਸਥਾਵਾਂ ਕੋਲ ਸੀ। ਇਸ ਢਾਂਚੇ ਨੇ ਨਿੱਜੀ ਖੇਤਰ ਦੀ ਲਚਕਤਾ ਨੂੰ ਸਾਹਮਣੇ ਲਿਆਂਦਾ ਅਤੇ ਨਾਲ ਹੀ ਯਕੀਨੀ ਬਣਾਇਆ ਕਿ ਇਸ ਦਾ ਨਿਯੰਤ੍ਰਣ ਸਰਕਾਰ ਦੇ ਕੋਲ ਰਹੇਗਾ।

ਕੋਈ ਗਲਤੀ ਨਾ ਕਰਦੇ ਹੋਏ ਬਹੁਤ ਸਾਰੇ ਟੈਕਸੇਸ਼ਨ ਢਾਂਚਿਆਂ, ਜੋ ਕਿ ਪ੍ਰਸ਼ਾਸਨ ਦੇ ਵੱਖ-

ਵੱਖ ਪੱਧਰ ਉਤੇ ਕੰਮ ਕਰ ਰਹੇ ਸਨ, ਨੂੰ ਇਕਹਿਰੇ ਢਾਂਚੇ ਵਿੱਚ ਲਿਆਉਣਾ ਕੋਈ ਸੌਖਾ ਕੰਮ ਨਹੀਂ ਸੀ। ਜੀ ਐੱਸ ਟੀ ਸਿਸਟਮ ਪ੍ਰਾਜੈਕਟ ਆਈ ਟੀ ਦੀ ਇਕ ਅਨੋਖੀ ਅਤੇ ਗੁੰਝਲਦਾਰ ਪਹਿਲਕਦਮੀ ਸੀ। ਇਹ ਅਨੋਖੀ ਇਸ ਲਈ ਸੀ ਕਿਉਂਕਿ ਇਸ ਵਿੱਚ ਪਹਿਲੀ ਵਾਰੀ ਕਰਦਾਤਿਆਂ ਲਈ ਇਕ ਸਾਂਝਾ ਢਾਂਚਾ ਤਿਆਰ ਕੀਤਾ ਜਾ ਰਿਹਾ ਸੀ ਜਿਸ ਵਿੱਚ ਕਿ ਕੇਂਦਰ ਅਤੇ ਰਾਜਾਂ ਦਰਮਿਆਨ ਸਾਂਝਾ ਆਈ ਟੀ ਢਾਂਚਾ ਬਣਾਉਣ ਦਾ ਪ੍ਰਬੰਧ ਸੀ। 36 ਵੱਖ-ਵੱਖ ਤਰ੍ਹਾਂ ਦੇ ਢਾਂਚਿਆਂ, ਜੋ ਕਿ ਆਪਣੀ ਮਿਆਦ ਪੁੱਗਣ ਦੇ ਵੱਖ-ਵੱਖ ਪੜਾਵਾਂ ਉਤੇ ਸਨ, ਨੂੰ ਇਕਮੁੱਠ ਕਰਨਾ ਇਕ ਗੁੰਝਲਦਾਰ ਕੰਮ ਸੀ। ਇਸ ਤੋਂ ਇਲਾਵਾ ਜੀ ਐੱਸ ਟੀ ਕਿਉਂਕਿ ਇਕ ਟਿਕਾਣੇ ਉਤੇ ਪਹੁੰਚ ਅਧਾਰਿਤ ਟੈਕਸ, ਅੰਤਰਰਾਜੀ ਵਸਤਾਂ ਅਤੇ ਸੇਵਾਵਾਂ (ਆਈ ਜੀ ਐੱਸ ਟੀ) ਸੀ। ਇਸ ਵਿੱਚ ਸੂਬਿਆਂ ਅਤੇ ਕੇਂਦਰ ਦਰਮਿਆਨ ਇਕ ਵਧੀਆ ਨਿਪਟਾਰਾ ਢੰਗ ਅਪਣਾਉਣ ਦੀ ਲੋੜ ਸੀ। ਅਜਿਹਾ ਤਾਂ ਹੀ ਸੰਭਵ ਸੀ ਜਦੋਂ ਕਿ ਇਕ ਮਜ਼ਬੂਤ ਆਈ ਟੀ ਢਾਂਚਾ ਅਤੇ ਸੇਵਾ ਢਾਂਚਾ ਬਣਦਾ ਜੋ ਕਿ ਭਾਈਵਾਲਾਂ ਦਰਮਿਆਨ ਸੂਚਨਾ ਹਾਸਲ ਕਰਨ, ਉਸ ਦੀ ਛਾਣਬੀਣ ਕਰਨ ਅਤੇ ਉਸ ਦੇ ਵਟਾਂਦਰੇ ਵਿੱਚ ਸਹਾਈ ਹੁੰਦਾ। ਭਾਈਵਾਲਾਂ ਵਿੱਚ ਕਰਦਾਤੇ, ਸੂਬਾ ਅਤੇ ਕੇਂਦਰ ਸਰਕਾਰਾਂ, ਅਕਾਊਂਟਿੰਗ ਦਫ਼ਤਰ, ਬੈਂਕ ਅਤੇ ਆਰ ਬੀ ਆਈ ਸ਼ਾਮਲ ਸਨ।

ਜੀ ਐੱਸ ਟੀ ਐੱਨ ਨੇ ਪਿਛਲੇ ਕੁਝ ਸਾਲਾਂ ਵਿੱਚ ਜੀ-ਤੋੜ ਮਿਹਨਤ ਕੀਤੀ ਤਾਂ ਕਿ ਇਕ ਸਾਂਝੇ ਜੀ ਐੱਸ ਟੀ ਪੋਰਟਲ ਦੀ ਯੋਜਨਾ ਬਣ ਸਕੇ ਅਤੇ ਉਸ ਨੂੰ ਲਾਗੂ ਕੀਤਾ ਜਾ ਸਕੇ। ਇਹ ਪੋਰਟਲ ਸਮੁੱਚੇ ਜੀ ਐੱਸ ਟੀ ਆਈ ਟੀ ਈਕੋ ਸਿਸਟਮ ਦੇ ਮੋਹਰਲੇ ਸਿਰੇ ਵਜੋਂ ਕੰਮ ਕਰਨ ਵਾਲਾ ਹੋਣਾ ਚਾਹੀਦਾ ਸੀ। ਐਪਲੀਕੇਸ਼ਨ ਸਾਫਟ-ਵੇਅਰਜ਼ ਨੂੰ ਵਿਕਸਿਤ ਕਰਨ ਲਈ ਜੀ ਐੱਸ ਟੀ ਐੱਨ ਨੇ ਇਨਫੋਸਿਸ ਨਾਲ ਭਾਈਵਾਲੀ ਪਾਈ ਜਿਸ ਨੇ ਕਿ ਅਗਲੇ 5 ਸਾਲਾਂ ਵਿੱਚ ਮੈਨੇਜਡ ਸਰਵਿਸ ਪ੍ਰੋਵਾਈਡਰ (ਐੱਮ ਐੱਸ ਪੀ) ਵਜੋਂ ਕੰਮ ਕਰਨਾ ਹੈ।

ਸਾਂਝਾ ਜੀ ਐੱਸ ਟੀ ਪੋਰਟਲ ਦੇਸ਼ ਭਰ ਦੇ ਸਾਰੇ ਕਰਦਾਤਿਆਂ ਲਈ ਇਕ ਇਕਹਿਰਾ ਢਾਂਚਾ ਹੈ। ਸਿਰਫ ਉਸ ਕੇਸ ਵਿੱਚ ਜਿਥੇ ਕਿ ਕਰਦਾਤੇ ਨੂੰ ਜਾਂਚ ਜਾਂ ਆਡਿਟ ਲਈ ਚੁਣਿਆ ਜਾਵੇਗਾ, ਉਹ ਹੀ ਸੰਬੰਧਿਤ ਟੈਕਸ ਅਥਾਰਟੀ ਸਾਹਮਣੇ ਪੇਸ਼ ਹੋਵੇਗਾ। ਬਾਕੀ ਸਾਰੇ ਮਾਮਲਿਆਂ, ਜੋ ਕਿ 95 ਪ੍ਰਤਿਸ਼ਤ ਦੇ ਲਗਭਗ ਹੋਣਗੇ, ਲਈ ਸਾਂਝਾ ਜੀ ਐੱਸ ਟੀ ਪੋਰਟਲ ਕਰਦਾਤਿਆਂ ਲਈ ਇੰਟਰਫੇਸ ਵਜੋਂ ਕੰਮ ਕਰੇਗਾ।

## ਇਹ ਕਿਵੇਂ ਕੰਮ ਕਰਦਾ ਹੈ?

ਜੀ ਐੱਸ ਟੀ ਐੱਨ ਸਾਰੇ ਅਸਿੱਧੇ ਕਰਾਂ ਦੇ ਭਾਈਵਲਾਂ ਲਈ ਇਕ ਇਕਹਿਰੀ ਦੁਕਾਨ ਵਜੋਂ ਕੰਮ ਕਰਨ ਲਈ ਤਿਆਰ ਕੀਤਾ ਗਿਆ ਹੈ ਜੋ ਕਿ ਸਾਂਝਾ ਪੰਜੀਕਰਨ, ਰਕਮਾਂ ਦੇ ਭੁਗਤਾਨ ਲਈ ਸੰਬੰਧਤ ਬੈਂਕਾਂ ਕੋਲ ਚਲਾਨ ਤਿਆਰ ਕਰਨ ਅਤੇ ਵਪਾਰ ਤੋਂ ਵਪਾਰ ਬਿਜ਼ਨੈਸ ਇਨਵਾਇਸ ਡਾਟਾ ਅੱਪਲੋਡ ਕਰਨ ਦਾ ਕੰਮ ਕਰੇਗਾ। ਜੀ ਐੱਸ ਟੀ ਐੱਨ ਨੂੰ ਕਿਹਾ ਗਿਆ ਹੈ ਕਿ ਉਹ ਜਾਇਜ਼ਾ ਲੈਣ, ਅਪੀਲ, ਇਨਫੋਰਸਮੈਂਟ ਆਦਿ ਦੀ ਜਾਣਕਾਰੀ 27 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਮੁਹੱਈਆ ਕਰਵਾਏ। ਜੀ ਐੱਸ ਟੀ ਐੱਨ 8 ਨਵੰਬਰ 2016 ਨੂੰ ਉਸ ਵੇਲੇ ਦੇ ਕਰਦਾਤਿਆਂ, ਜੋ ਕਿ ਵੈਟ, ਸੇਵਾ ਕਰ, ਕੇਂਦਰੀ ਐਕਸਾਈਜ਼ ਅਤੇ ਹੋਰ ਕਰ ਅਦਾ ਕਰਦੇ ਸਨ, ਨੂੰ ਕਿਹਾ ਕਿ ਉਹ ਜੀ ਐੱਸ ਟੀ ਅਧੀਨ ਆਉਣ।




**ਸਾਂਝਾ ਪੋਰਟਲ ਉਸੇ ਵੇਲੇ ਤੋਂ ਲਾਗੂ ਹੈ ਜੋ ਕਿ ਸਾਰੇ ਕਰਦਾਤਿਆਂ ਨੂੰ ਇਕੋ ਜਿਹੀ ਸੇਵਾ ਮੁਹੱਈਆ ਕਰਵਾ ਰਿਹਾ ਹੈ। ਇਸ ਕੋਲ ਜੋ ਅਰਜ਼ੀਆਂ ਪਹੁੰਚਦੀਆਂ ਹਨ, ਉਨ੍ਹਾਂ ਦੇ ਮੁਕੰਮਲ ਹੋਣ ਦੀ ਜਾਂਚ ਦੂਜੀਆਂ ਏਜੰਸੀਆਂ ਨਾਲ ਮਿਲ ਕੇ ਕੀਤੀ ਜਾਂਦੀ ਹੈ ਜਿਵੇਂ ਕਿ ਪੈਨ ਦੇ ਅੰਕੜਿਆਂ ਦੀ ਸੀ ਬੀ ਡੀ ਟੀ ਨਾਲ ਮੇਲ ਕੇ ਜਾਂਚ ਹੁੰਦੀ ਹੈ, ਅਧਾਰ ਦੇ ਜਾਇਜ਼ ਹੋਣ ਦੀ ਯੂ ਏ ਡੀ ਏ ਆਈ ਤੋਂ ਜਾਂਚ ਹੁੰਦੀ ਹੈ ਅਤੇ ਡੀ ਆਈ ਐੱਨ/ਸੀ ਆਈ ਐੱਨ ਦੇ ਅੰਕੜਿਆਂ ਦੀ ਐੱਮ ਸੀ ਏ ਤੋਂ ਜਾਂਚ ਹੁੰਦੀ ਹੈ।**

ਕਰਾਂ ਦੇ ਭੁਗਤਾਨ ਦਾ ਕੰਮ ਸ਼ੁਰੂ ਹੋ ਗਿਆ ਹੈ ਅਤੇ ਸਭ ਤਰ੍ਹਾਂ ਦੇ ਕਰਾਂ ਲਈ ਇਕ ਚਲਾਨ ਭਰਨਾ ਪੈਂਦਾ ਹੈ ਜੋ ਕਿ ਜੀ ਐੱਸ ਟੀ ਪੋਰਟਲ ਉਤੇ ਤਿਆਰ ਹੁੰਦਾ ਹੈ। ਇਕ ਵਾਰੀ ਚਲਾਨ ਜੀ ਐੱਸ ਟੀ ਆਈ ਐੱਨ ਨਾਲ ਕਰਦਾਤਾ ਦੇ ਨਾਂ, ਵੱਖ-ਵੱਖ ਕਰਾਂ ਸਿਰਲੇਖਾਂ ਅਤੇ ਉਪ-ਸਿਰਲੇਖਾਂ ਨਾਲ ਤਿਆਰ ਹੋ ਜਾਵੇ ਤਾਂ ਕਰਦਾਤਾ ਕੋਲ ਕਰ ਅਦਾ ਕਰਨ ਲਈ ਦੋ ਹੀ ਬਦਲ ਹੁੰਦੇ ਹਨ। ਉਹ ਜਾਂ ਤਾਂ 25 ਅਧਿਕਾਰਤ ਬੈਂਕਾਂ ਦੀ ਨੈੱਟ ਬੈਂਕਿੰਗ ਸਹੂਲਤ ਦੀ ਵਰਤੋਂ ਕਰਕੇ ਟੈਕਸ ਅਦਾ ਕਰ ਸਕਦਾ ਹੈ ਜਾਂ ਫਿਰ ਚਲਾਨ ਛਾਪ ਕੇ ਅਤੇ ਉਸ ਨੂੰ ਕਿਸੇ ਅਧਿਕਾਰਤ ਬੈਂਕ ਕੋਲ ਲਿਜਾ ਕੇ ਭੁਗਤਾਨ (ਓ ਟੀ ਸੀ) ਕਰ ਸਕਦਾ ਹੈ। ਓ ਟੀ ਸੀ ਭੁਗਤਾਨ ਇਕ ਕਰਦਾਤਾ ਲਈ ਇਕ ਮਹੀਨੇ ਵਿੱਚ 10,000 ਰੁਪਏ ਦਾ ਹੋ ਸਕਦਾ ਹੈ। ਕਰਦਾਤਾ ਭਾਰਤ ਵਿੱਚ ਚੱਲ ਰਹੇ ਕਿਸੇ ਵੀ ਬੈਂਕ ਤੋਂ ਐੱਨ ਈ ਐੱਫ ਟੀ/ਆਰ ਟੀ ਜੀ ਐੱਸ ਰਾਹੀਂ ਭੁਗਤਾਨ ਕਰ ਸਕਦਾ ਹੈ। ਇਸ ਦੇ ਲਈ ਉਸ ਨੂੰ ਜੀ ਐੱਸ ਟੀ ਪੋਰਟਲ ਤੋਂ ਚਲਾਨ ਤਿਆਰ ਕਰਨਾ ਪਵੇਗਾ। ਦਿਨ ਦੀ ਸਮਾਪਤੀ ਉੱਤੇ ਜੀ ਐੱਸ ਟੀ ਪੋਰਟਲ ਸਾਰੇ ਬੈਂਕਾਂ ਤੋਂ ਹਾਸਲ ਹੋਈ ਭੁਗਤਾਨ ਦੀ ਤਸਦੀਕ ਦੀ ਇਕ ਸੰਖੇਪ ਰਿਪੋਰਟ ਤਿਆਰ ਕਰੇਗਾ ਅਤੇ ਉਸ

ਨੂੰ ਅਕਾਊਂਟਿੰਗ ਅਧਿਕਾਰੀਆਂ ਨਾਲ ਮਿਲਾਵੇਗਾ। ਅਕਾਊਂਟਿੰਗ ਅਧਿਕਾਰੀ ਭੁਗਤਾਨ ਦੇ ਵੇਰਵੇ ਆਰ ਬੀ ਆਈ ਤੋਂ ਹਾਸਲ ਕਰਨਗੇ ਜੋ ਕਿ ਇਹ ਵੇਰਵੇ ਰੋਜ਼ਾਨਾ ਆਧਾਰ ਉਤੇ ਬੈਂਕਾਂ ਤੋਂ ਹਾਸਲ ਕਰਨਗੇ। ਬੈਂਕਾਂ ਤੋਂ ਭੁਗਤਾਨ ਦੀ ਜੋ ਤਸਦੀਕ ਮਿਲੇਗੀ ਉਹ ਕਰਦਾਤੇ ਦੀ ਨਕਦੀ ਲੈਜਰ ਨੂੰ ਦਰਸਾਵੇਗੀ ਅਤੇ ਇਸ ਦੀ ਵਰਤੋਂ ਕਿਤੇ ਦੇਣਦਾਰੀ ਲਈ ਹੋ ਸਕੇਗੀ।

## ਅਮਲ ਅਸਾਨ ਬਣਾ ਦਿੱਤਾ

ਕਰ ਅਦਾ ਕਰਨਾ ਕਰਦਾਤੇ ਦਾ ਫਰਜ਼ ਹੈ, ਪਰ ਰਿਟਰਨ ਭਰਨ ਲਈ ਮਾਹੌਲ ਨੂੰ ਅਸਾਨ ਬਣਾਉਣਾ ਅਤੇ ਇਸ ਦੇ ਭਰਨ ਦੇ ਅਮਲ ਲਈ ਘੱਟ ਸਮਾਂ ਲੱਗਣ ਦਾ ਪ੍ਰਬੰਧ ਕਰਨਾ ਇਹ ਕਰ ਲਾਉਣ ਵਾਲੇ ਅਧਿਕਾਰੀਆਂ ਦੀ ਜ਼ਿੰਮੇਵਾਰੀ ਹੈ। ਕਰ ਸੁਧਾਰਾਂ ਪਿੱਛੇ ਇਹ ਵੀ ਵਿਚਾਰ ਸੀ ਕਿ ਇਸ ਕਾਨੂੰਨ ਉਤੇ ਅਮਲ ਸੁਖਾਲਾ ਬਣਾਇਆ ਜਾਵੇ ਅਤੇ ਕਰ ਦੇਣ ਵਾਲੇ ਅਸਾਨੀ ਨਾਲ ਇਹ ਕੰਮ ਕਰ ਸਕਣ। ਜੀ ਐੱਸ ਟੀ ਐੱਨ ਵਿਖੇ ਅਸੀਂ ਕਈ ਸੇਵਾਵਾਂ ਅਤੇ ਟੈਕਨਾਲੋਜੀਕਲ ਯੰਤਰ ਤਿਆਰ ਕੀਤੇ ਹਨ ਜਿਨ੍ਹਾਂ ਨਾਲ ਇਹ ਯਕੀਨ ਬਣ ਸਕੇਗਾ ਕਿ ਕਰ ਅਦਾ ਕਰਨਾ ਅਤੇ ਰਿਟਰਨਾਂ ਭਰਨਾ ਆਮ ਲੋਕਾਂ ਲਈ ਅਸਾਨ ਹੋ ਸਕੇ।

ਜੀ ਐੱਸ ਟੀ ਢਾਂਚੇ ਵਿੱਚ, ਸਾਰੇ ਆਮ ਅਤੇ ਆਰਜ਼ੀ ਕਰ ਭਰਨ ਵਾਲਿਆਂ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਹਰ ਮਹੀਨੇ ਦੇ ਸਮਾਨ ਸਪਲਾਈ ਹੋਣ ਦਾ ਵੇਰਵਾ ਅਗਲੇ ਮਹੀਨੇ ਦੀ 10 ਤਰੀਕ ਤੱਕ ਜੀ ਐੱਸ ਟੀ ਫਾਰਮ ਉਤੇ ਭਰ ਕੇ ਜਮ੍ਹਾ ਕਰਵਾ ਦੇਣ। ਇਸ ਕੰਮ ਵਿੱਚ ਜੀ ਐੱਸ ਟੀ ਐੱਨ ਨੇ ਇਕ ਆਫਲਾਈਨ ਟੂਲ ਅਤੇ ਇਕ ਅਸਾਨ ਐਕਸੈਲ ਅਧਾਰਤ ਟੈਂਪਲੇਟ ਰੱਖਿਆ ਹੈ ਜੋ ਕਿ ਕਰਦਾਤਾ ਲਈ ਮਾਸਿਕ ਰਿਟਰਨ ਤਿਆਰ ਕਰਨ ਅਤੇ ਭਰਨ ਨੂੰ ਸੁਖਾਲਾ ਬਣਾਉਣਗੇ ਅਤੇ ਇਸ ਕੰਮ ਵਿੱਚ ਲਾਗਤ ਵੀ ਘੱਟ ਆਵੇਗੀ।

ਐਕਸੈਲ ਵਰਕਬੁੱਕ ਟੈਂਪਲੇਟ ਨੂੰ ਬੜੀ ਅਸਾਨੀ ਨਾਲ ਜੀ ਐੱਸ ਟੀ ਦੇ ਸਾਂਝੇ ਪੋਰਟਲ (www.gst.gov.in) ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ ਅਤੇ ਕਰਦਾਤਿਆਂ ਵਲੋਂ ਉਸ ਦੀ ਵਰਤੋਂ ਸਾਰਾ ਇਨਵਾਇਸ ਅਧਾਰਤ ਡਾਟਾ ਬਕਾਇਦਾ ਅਧਾਰ ਉਤੇ ਭਰਨ ਲਈ ਕੀਤੀ ਜਾ ਸਕਦੀ ਹੈ। ਐਕਸੈਲ ਸ਼ੀਟ ਵਿੱਚੋਂ ਡਾਟਾ ਫੇਰ ਆਫਲਾਈਨ ਟੂਲ ਵਲੋਂ ਵਰਤਿਆ ਜਾਵੇਗਾ ਅਤੇ ਉਹ ਐਕਸੈਲ ਸ਼ੀਟ ਤੋਂ ਡਾਟਾ ਦਰਾਮਦ ਕਰਕੇ ਜੀ ਐੱਸ ਓ ਐੱਨ ਫਾਈਲ ਤਿਆਰ ਕਰੇਗਾ ਜਿਸ ਨੂੰ ਇੰਟਰਨੈੱਟ ਨਾਲ ਜੋੜ ਕੇ ਜੀ ਐੱਸ ਟੀ ਪੋਰਟਲ ਉਤੇ ਅੱਪਲੋਡ ਕੀਤਾ ਜਾਵੇਗਾ। ਇਹ ਹੀ ਉਹ ਸਮਾਂ ਹੈ ਜਦੋਂ ਕਿ ਕਰਦਾਤਾ ਨੂੰ ਇੰਟਰਨੈੱਟ ਦੀ ਲੋੜ ਪਵੇਗੀ।

ਛੋਟੇ ਕਰਦਾਤਾ, ਜੋ ਕਿ ਸਿਰਫ ਖਪਤਕਾਰਾਂ ਕੋਲ ਹੀ ਸਮਾਨ ਵੇਚਦੇ ਹਨ, ਨੂੰ ਵਪਾਰੀ ਤੋਂ ਵਪਾਰੀ ਤੱਕ ਇਨਵਾਇਸਿਜ਼ ਕੱਟਣ ਦੀ ਲੋੜ ਨਹੀਂ ਪਵੇਗੀ ਅਤੇ ਇਸ ਤਰ੍ਹਾਂ ਉਨ੍ਹਾਂ ਦੀ ਰਿਟਰਨ ਵਿੱਚ ਸਿਰਫ 5 ਟੈਕਸ ਦਰਾਂ ਹੀ ਦਰਜ ਹੋਣਗੀਆਂ। ਇਸੇ ਤਰ੍ਹਾਂ 75 ਲੱਖ ਜਾਂ ਉਸ ਤੋਂ ਘੱਟ ਵਿਕਰੀ ਵਾਲੇ ਕਰਦਾਤਿਆਂ ਨੂੰ ਇਕ ਬਦਲ ਦਿੱਤਾ ਜਾਵੇਗਾ ਜਿਸ ਅਧੀਨ ਇਕ ਕੰਪੋਜ਼ੀਸ਼ਨ ਅਧੀਨ ਇਕ ਤਿਮਾਹੀ ਵਿੱਚ ਇਕ ਹੀ ਰਿਟਰਨ ਭਰਨੀ ਪਵੇਗੀ ਅਤੇ ਇਹ ਰਿਟਰਨ ਵੀ ਕਾਫੀ ਸੁਖਾਲੀ ਹੋਵੇਗੀ।

ਸਾਡਾ ਮੰਤਵ ਰਿਟਰਨ ਤਿਅਰ ਕਰਨ ਨੂੰ ਸੁਖਾਲਾ ਬਣਾਉਣਾ ਹੈ। ਵਪਾਰੀਆਂ ਵਲੋਂ ਆਪਣੇ ਡਾਟਾ ਨੂੰ ਵੱਖ-ਵੱਖ ਸਿਰਲੇਖਾਂ ਹੇਠ ਰੱਖਣ ਲਈ ਐਕਸੈਲ ਫਾਰਮੈਟ ਦੀ ਵਰਤੋਂ ਕੀਤੀ ਜਾ ਸਕਦੀ ਹੈ। ਕਰਦਾਤਾ ਬਾਹਰ ਹੋਣ ਵਾਲੀ ਸਪਲਾਈ ਦੇ ਵੇਰਵੇ ਸਪਤਾਹਿਕ ਅਧਾਰ ਉਤੇ ਜਾਂ ਕਿਸੇ ਹੋਰ ਢੁਕਵੇਂ ਵਕਫੇ ਦੇ ਅਧਾਰ ਉਤੇ ਤਿਆਰ ਕਰ ਸਕਦੇ ਹਨ ਅਤੇ ਫਿਰ ਉਨ੍ਹਾਂ ਨੂੰ ਜੀ ਐੱਸ ਟੀ ਪੋਰਟਲ ਉਤੇ ਅੱਪਲੋਡ ਕੀਤਾ ਜਾ ਸਕਦਾ ਹੈ। ਇਹ ਟੂਲ 19000 ਲਾਈਨ ਮੱਦਾਂ ਨੂੰ ਐਕਸੈਲ ਸ਼ੀਟ ਤੋਂ ਲੈ ਸਕਦਾ ਹੈ ਅਤੇ ਫਿਰ ਇਕੋ ਵਾਰੀ ਵਿੱਚ 5 ਐੱਮ ਬੀ ਦੀ ਫਾਈਲ ਤਿਆਰ ਕੀਤੀ ਜਾ ਸਕਦੀ ਹੈ। ਇਹ ਟੂਲ ਲੋੜ ਹੋਵੇ ਤਾਂ ਜੀ ਐੱਸ ਟੀ ਆਰ-1 ਤਿਆਰ ਕਰਨ ਲਈ ਡਾਟਾ ਅੱਪਲੋਡ ਕਰਨ ਲਈ ਕਈ ਵਾਰੀ ਵਰਤਿਆ ਜਾ ਸਕਦਾ ਹੈ। ਇਸ ਤਰ੍ਹਾਂ ਦਰਮਿਆਨੇ ਪੱਧਰ ਦੇ ਕਰਦਾਤਾ, ਜੋ ਕਿ ਵਪਾਰੀ ਤੋਂ ਵਪਾਰੀ ਕੰਮ ਕਰਦੇ ਹਨ, ਰਿਟਰਨ ਤਿਆਰ ਕਰ ਕੇ ਉਸ ਨੂੰ ਫਾਈਲ ਕਰ ਸਕਦੇ ਹਨ। ਜੀ ਐੱਸ ਟੀ ਆਰ ਐਕਸੈਲ ਟੈਂਪਲੇਟ ਵਰਕਬੁੱਕ ਦੀ ਵਰਤੋਂ ਇੰਟਰਨੈੱਟ ਤੋਂ ਬਿਨਾ ਆਫਲਾਈਨ ਤੌਰ ਤੇ ਵੀ ਜੀ ਐੱਸ ਟੀ ਆਰ ਰਿਟਰਨ ਤਿਆਰ ਕਰਨ ਲਈ ਕੀਤੀ ਜਾ ਸਕਦੀ ਹੈ। ਇਸ ਨਾਲ ਦੂਰ-ਦੁਰਾਡੇ ਖੇਤਰਾਂ ਦੇ ਕਰਦਾਤਿਆਂ ਨੂੰ ਮਦਦ ਮਿਲੇਗੀ ਜਿਥੇ ਇੰਟਰਨੈੱਟ ਸਹੂਲਤ ਸਹੀ ਨਹੀਂ ਹੈ।

## ਵਪਾਰ ਕਰਨ ਨੂੰ ਸੁਖਲਾ ਬਣਾਉਣਾ

'ਵਪਾਰ ਕਰਨ ਨੂੰ ਸੁਖਲਾ ਬਣਾਉਣ' ਦਾ ਢੰਗ ਤਰੀਕਾ ਆਰਥਿਕਤਾ ਨੂੰ ਖੁੱਲ੍ਹਾ ਬਣਾਉਣ ਅਤੇ ਵਪਾਰ ਨੂੰ ਅਸਾਨ ਬਣਾਉਣ ਦਾ ਇਕ ਵਰਤਾਰਾ ਹੈ। ਬਦਕਿਸਮਤੀ ਨਾਲ ਇਸ ਮਾਮਲੇ ਵਿੱਚ ਵਿਸ਼ਵ ਆਰਥਿਕਤਾ ਵਿੱਚ ਭਾਰਤ ਕਾਫੀ ਪਿੱਛੇ ਰਹਿ ਗਿਆ ਹੈ। ਵਿਸ਼ਵ ਬੈਂਕ ਦੀ 'ਕੰਮ ਨੂੰ ਅਸਾਨ ਬਣਾਉਣ' ਬਾਰੇ ਰਿਪੋਰਟ ਵਿੱਚ ਕਈ ਸੰਕੇਤਾਂ ਦਾ ਜ਼ਿਕਰ ਕੀਤਾ ਗਿਆ ਹੈ ਜਿਸ ਵਿੱਚ ਕਿ ਕਿਸੇ ਉੱਦਮੀ ਲਈ ਆਪਣੇ ਵਪਾਰ ਨੂੰ ਸਥਾਪਿਤ ਕਰਨ ਵਿੱਚ ਪੇਸ਼ ਆਉਂਦੀਆਂ ਮੁਸ਼ਕਿਲਾਂ ਦਾ ਵਰਣਨ ਹੈ। ਇਨ੍ਹਾਂ ਵਿੱਚੋਂ ਇਕ ਅਹਿਮ ਸੰਕੇਤ ਇਹ ਹੈ ਕਿ ਕਰ ਅਦਾ ਕਰਨ ਨੂੰ ਅਸਾਨ ਬਣਾਇਆ ਜਾਵੇ।

ਜੀ ਐੱਸ ਟੀ ਐੱਨ ਦਾ ਉਦੇਸ਼ ਸਿਰਫ ਕੰਮ ਨੂੰ ਅਸਾਨ ਬਣਾਉਣਾ ਨਹੀਂ ਹੈ ਸਗੋਂ ਕਰ ਅਦਾ ਕਰਨ ਨੂੰ ਅਸਾਨ ਅਤੇ ਸੁਖਾਲਾ ਬਣਾਉਣਾ ਵੀ ਹੈ। ਸਿਰਫ ਇਸ ਸੰਕੇਤ ਵਿੱਚ ਸੁਧਾਰ ਕਰ ਕੇ ਹੀ ਅਸੀਂ ਵਿਸ਼ਵ ਮਾਰਕੀਟ ਵਿੱਚ ਵਪਾਰ ਨੂੰ ਸੁਖਾਲਾ ਬਣਾਉਣ ਦੇ ਭਾਰਤ ਦੇ ਪੱਧਰ ਵਿੱਚ ਸੁਧਾਰ ਲਿਆ ਸਕਦੇ ਹਾਂ। ਇਸ ਨੂੰ ਸਵੈ-ਸੇਵਾ ਮੋਡ ਵਿੱਚ ਡਿਜ਼ਾਈਨ ਕੀਤਾ ਗਿਆ ਹੈ ਜਿਸ ਨੂੰ ਕਿ ਮੋਬਾਈਲ ਸਿਸਟਮ ਵਿੱਚ ਵੀ ਅਪਣਾਇਆ ਜਾ ਸਕਦਾ ਹੈ। ਇਹ ਇੰਟਰਫੇਸ ਵਪਾਰੀਆਂ ਅਤੇ ਉੱਦਮੀਆਂ ਨੂੰ ਸ਼ਕਤੀ ਪ੍ਰਦਾਨ ਕਰਨ ਅਤੇ ਉਨ੍ਹਾਂ ਦੇ ਕਰ ਅਦਾਇਗੀ ਦੇ ਢੰਗਾਂ ਨੂੰ ਅਸਾਨ ਬਣਾ ਸਕੇਗਾ।

ਜੀ ਐੱਸ ਟੀ ਨੂੰ ਜੀ ਐੱਸ ਟੀ ਐੱਨ ਦੀ ਤਾਕਤ ਨਾਲ ਸਫਲਤਾ ਨਾਲ ਲਾਗੂ ਕੀਤੇ ਜਾਣ ਨਾਲ ਭਾਰਤ ਵਪਾਰ ਨੂੰ ਅਸਾਨ ਬਣਾਉਣ ਦੇ ਢੰਗ ਵਿੱਚ ਵੱਡੀ ਸਫਲਤਾ ਹਾਸਿਲ ਕਰਨ ਵੱਲ ਵੇਖ ਰਿਹਾ ਹੈ। ਇਸ ਨੂੰ ਲਾਗੂ ਕੀਤੇ ਜਾਣ ਨਾਲ ਵਪਾਰ ਵਿੱਚ ਤੇਜ਼ੀ ਆਵੇਗੀ ਅਤੇ ਆਰਥਿਕਤਾ ਦੀ ਵਿਕਾਸ ਦੀ ਕਹਾਣੀ ਪ੍ਰੇਰਣਾਮਈ ਬਣੇਗੀ।

*(ਲੇਖਕ ਵਸਤਾਂ ਅਤੇ ਸੇਵਾਵਾਂ ਕਰ ਨੈੱਟਵਰਕ (ਜੀ ਐੱਸ ਟੀ ਐੱਨ) ਦੇ ਸੀ ਈ ਓ ਹਨ)*

*e-mail : prakash@gstn.org.in*

# ਜੀ ਐੱਸ ਟੀ ਅਤੇ ਖਪਤਕਾਰਾਂ ਲਈ ਇਸ ਦਾ ਅਰਥ

ਸੂਰਜ ਜੈਸਵਾਲ

## ਜੀ ਐੱਸ ਟੀ ਹੈ ਕੀ?


ਕੌਣ ਅਦਾਇਗੀ ਕਰਦਾ ਹੈ ਅਤੇ ਇਸ ਨੂੰ ਕਿਵੇਂ ਇਕੱਤਰ ਕੀਤਾ ਜਾਂਦਾ ਹੈ, ਇਸ ਅਧਾਰ ਉਤੇ ਕਰਾਂ ਨੂੰ ਦੋ ਵਰਗਾਂ ਵਿੱਚ ਤਕਸੀਮ ਕੀਤਾ ਜਾਂਦਾ ਹੈ – ਸਿੱਧੇ ਕਰ ਅਤੇ ਅਸਿੱਧੇ ਕਰ। ਸਿੱਧੇ ਕਰ ਆਮ ਤੌਰ ਤੇ ਆਮਦਨ, ਮੁਨਾਫਾ ਜਾਂ ਦੌਲਤ ਉਤੇ ਲਾਏ ਜਾਂਦੇ ਹਨ। ਸਿੱਧੇ ਕਰਾਂ ਦੀਆਂ ਕੁੱਝ ਉਦਾਹਰਣਾਂ ਹਨ – ਆਮਦਨ ਕਰ, ਕਾਰਪੋਰੇਸ਼ਨ ਕਰ, ਦੌਲਤ ਕਰ ਅਤੇ ਜਾਇਦਾਦ ਕਰ। ਇਸ ਦੇ ਉਲਟ ਅਸਿੱਧੇ ਕਰ ਵਸਤੂਆਂ ਤੇ ਸੇਵਾਵਾਂ ਦੇ ਲੈਣ-ਦੇਣ ਉਤੇ ਲਾਏ ਜਾਂਦੇ ਹਨ ਜਿਨ੍ਹਾਂ ਦਾ ਬੋਝ ਜਾਂ ਤਾਂ ਵਿਕਰੇਤਾ ਜਾਂ ਫਿਰ ਖਰੀਦਦਾਰ ਵਲੋਂ ਚੁੱਕਿਆ ਜਾਂਦਾ ਹੈ। ਜ਼ਿਆਦਾਤਰ ਮਾਮਲਿਆਂ ਵਿੱਚ ਵਿਕਰੇਤਾਵਾਂ ਵਲੋਂ ਇਹ ਜ਼ਿੰਮੇਦਾਰੀ ਖਰੀਦਦਾਰਾਂ ਉਤੇ ਪਾ ਦਿੱਤੀ ਜਾਂਦੀ ਹੈ। ਅਸਿੱਧੇ ਕਰਾਂ ਦੀਆਂ ਕੁੱਝ ਉਦਾਹਰਣਾ ਹਨ – ਵਿਦੇਸ਼ੀ ਵਸਤਾਂ ਦੇ ਆਯਾਤ ਉਤੇ ਸੀਮਾ ਸ਼ੁਲਕ, ਵਪਾਰਕ ਇਕਾਈ ਵਲੋਂ ਪ੍ਰਦਾਨ ਕੀਤੀ ਜਾਣ ਵਾਲੀ ਸੇਵਾ ਉਤੇ ਸੇਵਾ ਕਰ, ਵਸਤਾਂ ਦੇ ਨਿਰਮਾਣ ਉਤੇ ਆਬਕਾਰੀ ਸ਼ੁਲਕ, ਵੇਚੀਆਂ ਜਾਣ ਵਾਲੀਆਂ ਵਸਤਾਂ ਉਤੇ ਵਿਕਰੀ ਕਰ ਅਤੇ ਹੋਰ। ਜੀ ਐੱਸ ਟੀ ਜਾਂ ਵਸਤੂ ਤੇ ਸੇਵਾ ਕਰ ਇਕ ਅਸਿੱਧਾ ਕਰ ਹੈ ਜੋ ਕੇਂਦਰ ਅਤੇ ਰਾਜ ਸਰਕਾਰਾਂ ਵਲੋਂ ਲਾਏ ਜਾਂਦੇ ਲਗਭਗ ਸਾਰੇ ਕਰਾਂ ਦੀ ਥਾਂ ਲਵੇਗਾ। 1 ਜੁਲਾਈ, 2017 ਤੋਂ ਭਾਰਤ ਵਿੱਚ ਲਾਗੂ ਹੋਏ ਵਸਤੂ ਤੇ ਸੇਵਾ ਕਰ ਦੀਆਂ ਦੋ ਮੁੱਖ ਵਿਸ਼ੇਸ਼ਤਾਵਾਂ ਇਹ ਹਨ ਕਿ ਹਰੇਕ ਵਸਤੂ/ਸੇਵਾ ਉਤੇ ਸਿਰਫ ਇਕ ਹੀ ਕਰ ਲੱਗੇਗਾ ਜੋ ਦੇਸ਼ ਦੇ ਸਾਰੇ ਰਾਜਾਂ ਵਿੱਚ ਇਕੋ ਜਿਹਾ ਹਵੇਗਾ। ਪਰ, ਇਹ ਗੱਲ ਗੌਰ ਕਰਨ ਵਾਲੀ ਹੈ ਕਿ ਪੈਟਰੋਲੀਅਮ, ਸ਼ਰਾਬ ਅਤੇ ਜ਼ਮੀਨ ਜਾਇਦਾਦ ਵਰਗੇ ਕਈ ਅਜਿਹੇ ਖੇਤਰ ਹਨ ਜਿਨ੍ਹਾਂ ਨੂੰ ਜੀ ਐੱਸ ਟੀ ਦੇ ਦਾਇਰੇ ਤੋਂ ਬਾਹਰ ਰੱਖਿਆ ਗਿਆ ਹੈ। ਇਨ੍ਹਾਂ ਉਤੇ ਪੁਰਾਣਾ ਕਰ ਢਾਂਚਾ ਲਾਗੂ ਰਹੇਗਾ। ਸੀਮਾ ਸ਼ੁਲਕ ਨੂੰ ਜਾਰੀ ਰੱਖਿਆ ਗਿਆ ਹੈ ਪਰ ਇਸ ਨੂੰ ਜੀ ਐੱਸ ਟੀ ਵਿੱਚ ਏਕੀਕ੍ਰਿਤ ਕਰ ਦਿੱਤਾ ਗਿਆ ਹੈ ਜਦ ਕਿ ਨਗਰ ਨਿਗਮਾਂ, ਪਿੰਡ ਪੰਚਾਇਤਾਂ ਆਦਿ ਸਥਾਨਕ ਸਭਾਵਾਂ ਵਲੋਂ ਲਏ ਜਾਂਦੇ ਕਰਾਂ ਨੂੰ ਇਸ ਤੋਂ ਬਾਹਰ ਰਖਿਆ ਗਿਆ ਹੈ। ਅਜਿਹੀਆਂ ਛੋਟਾਂ ਨੂੰ ਛੱਡ ਕੇ, ਭਾਰਤ ਵਿੱਚ ਪਹਿਲਾਂ ਲਾਗੂ ਸਾਰੇ ਅਸਿੱਧੇ ਕਰਾਂ ਦੀ ਥਾਂ ਜੀ ਐੱਸ ਟੀ ਲੈ ਲਵੇਗਾ। ਜੀ ਐੱਸ ਟੀ ਵਿੱਚ ਜਜ਼ਬ ਕੀਤੇ ਜਾ ਰਹੇ ਕੁੱਝ ਪ੍ਰਮੁੱਖ ਅਸਿੱਧੇ ਕਰ ਇਹ ਹਨ – ਆਬਕਾਰੀ ਸ਼ੁਲਕ, ਸੇਵਾ ਕਰ, ਵਿਸ਼ੇਸ਼ ਸੀਮਾ ਸ਼ੁਲਕ, ਰਾਜ ਵੈਟ, ਰਾਜ ਵਿਕਰੀ ਕਰ, ਮਨੋਰੰਜਨ ਕਰ, ਦਾਖਲਾ ਕਰ, ਵਿਲਾਸਤਾ ਕਰ।

ਜੀ ਐੱਸ ਟੀ ਲਾਗੂ ਹੋਣ ਨਾਲ ਤਿੰਨ ਮੁੱਖ ਹਿਤਧਾਰਕਾਂ ਉਤੇ ਅਸਰ ਪਵੇਗਾ – ਖਪਤਕਾਰ, ਸਰਕਾਰ ਅਤੇ ਵਪਾਰ। ਇਸ ਲੇਖ ਵਿੱਚ ਮੁੱਲਾਂਕਣ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਕਿਵੇਂ ਜੀ ਐੱਸ ਟੀ ਪਹਿਲੇ ਕਰ ਨਿਜ਼ਾਮ ਦੀ ਤੁਲਨਾ ਵਿੱਚ ਵੱਖਰਾ ਹੈ ਅਤੇ ਇਸ ਦੇ ਨਤੀਜੇ ਵਜੋਂ ਖਪਤਕਾਰਾਂ ਉਤੇ ਕੀ ਪ੍ਰਭਾਵ ਪੈਣਗੇ।

## ਜੀ ਐੱਸ ਟੀ ਪਹਿਲੇ ਕਰ ਨਿਜ਼ਾਮ ਨਾਲੋਂ ਕਿਵੇਂ ਵੱਖਰਾ ਹੈ

ਜਦੋਂ ਵੀ ਕਿਸੇ ਖਪਤਕਾਰ ਵਲੋਂ ਆਪਣੀ ਨਿੱਜੀ ਵਰਤੋਂ ਲਈ ਕੋਈ ਵਸਤੂ/ਸੇਵਾ ਦੀ ਖਰੀਦ ਕਰਦਾ ਹੈ ਤਾਂ ਉਸ ਤੋਂ ਪਹਿਲਾਂ ਇਹ ਉਤਪਾਦਨ ਅਤੇ ਪੂਰਤੀ ਲੜੀ ਦੇ ਕਈ ਪੜਾਵਾਂ ਵਿੱਚੋਂ ਗੁਜ਼ਰਦੀ ਹੈ, ਇਸ ਤਰੀਕੇ ਨਾਲ ਇਸ ਉਤੇ ਵੱਖ-ਵੱਖ ਪੜਾਵਾਂ ਉਤੇ ਇਕ ਜਾਂ ਦੂਸਰੇ ਅਸਿੱਧੇ ਕਰ ਲਗਦੇ ਜਾਂਦੇ ਹਨ। ਕੁੱਝ ਕਰ ਕੇਂਦਰ ਸਰਕਾਰ ਵਲੋਂ ਲਾਏ ਜਾਂਦੇ ਹਨ ਅਤੇ ਕੁੱਝ ਸੰਬੰਧਿਤ ਰਾਜ ਸਰਕਾਰਾਂ ਵਲੋਂ। ਮਿਸਾਲ ਦੇ ਲਈ, ਭਾਰਤ ਵਿੱਚ ਟੈਲੀਵੀਜ਼ਨ ਸੈੱਟ ਨਿਰਮਾਤਾ ਨੂੰ ਫੈਕਟਰੀ ਛੱਡਣ ਵੇਲੇ ਆਬਕਾਰੀ ਸ਼ੁਲਕ ਅਦਾ ਕਰਨਾ ਪੈਂਦਾ ਹੈ। ਜੇ ਇਸ ਉਤਪਾਦ ਵਿੱਚ ਕੋਈ ਆਯਾਤ ਕੀਤੇ ਪੁਰਜ਼ੇ ਵਰਤੇ ਗਏ ਤਾਂ ਇਨ੍ਹਾਂ ਉਤੇ ਸੀਮਾ ਸ਼ੁਲਕ ਦਾ ਭੁਗਤਾਨ ਵੀ ਕਰਨਾ ਪੈਂਦਾ






ਹੈ। ਨਿਰਮਾਤਾ ਤੋਂ ਵਿਕਰੇਤਾ ਤੱਕ ਦੇ ਅਗਲੇ ਸਫਰ ਦੌਰਾਨ ਵਿਕਰੀ ਕਰ ਅਤੇ ਆਖਰ ਵਿੱਚ ਥੋਕ ਵਿਕਰੇਤਾ ਤੋਂ ਪ੍ਰਚੂਨ ਵਿਕਰੇਤਾ ਕੋਲ ਜਾਣ ਉਤੇ ਵੈਟ ਦਾ ਭੁਗਤਾਨ ਵੀ ਕਰਨਾ ਪੈ ਸਕਦਾ ਹੈ। ਉਦੋਂ ਸਥਿਤੀ ਜ਼ਿਆਦਾ ਜਟਿਲ ਹੁੰਦੀ ਸੀ ਜਦੋਂ ਵਸਤਾਂ ਇਕ ਰਾਜ ਤੋਂ ਦੂਜੇ ਰਾਜ ਵਿੱਚ ਜਾਂਦੀਆਂ ਸਨ ਕਿਉਂਕਿ ਨਾ ਕੇਵਲ ਇਨ੍ਹਾਂ ਉਤੇ ਕੇਂਦਰੀ ਵਿਕਰੀ ਕਰ ਲਗਦਾ ਸੀ ਸਗੋਂ ਵੱਖ-ਵੱਖ ਰਾਜਾਂ ਵਿੱਚ ਇਸ ਦੀਆਂ ਦਰਾਂ ਵੀ ਵੱਖ-ਵੱਖ ਸਨ। ਉਦਾਹਰਣ ਦੇ ਲਈ - ਜੀ ਐੱਸ ਟੀ ਤੋਂ ਪਹਿਲਾਂ ਮਹਾਰਾਸ਼ਟਰ ਵਿੱਚ ਵੈਟ ਦੀ ਦਰ 12.5 ਪ੍ਰਤਿਸ਼ਤ ਸੀ ਜਦ ਕਿ ਗੁਜਰਾਤ ਵਿੱਚ ਇਹੀ ਦਰ 15 ਪ੍ਰਤਿਸ਼ਤ ਸੀ। ਕਈ ਵਾਰ ਬਹੁਤ ਸਾਰੇ ਉਤਪਾਦਾਂ/ਸੇਵਾਵਾਂ ਨੂੰ ਉਤਸ਼ਾਹਿਤ ਕਰਨ ਜਾਂ ਨਿਰ-ਉਤਸ਼ਾਹਿਤ ਕਰਨ ਲਈ ਕਰ ਲਾਏ ਜਾਂਦੇ ਹਨ ਜਿਵੇਂ ਵਿਲਾਸਤਾ ਕਰ ਜਾਂ ਸਿਨ ਕਰ। ਕਰਾਂ ਦੀ ਬਹੁਤਾਤ ਅਤੇ ਕਈ ਪੜਾਵਾਂ ਉਤੇ ਕਰ ਲੱਗਣ ਕਾਰਨ ਦੋ ਸਮੱਸਿਆਵਾਂ ਖੜ੍ਹੀਆਂ ਹੁੰਦੀਆਂ ਸਨ - ਪਹਿਲੀ ਇਸ ਨੇ ਕਰਦਾਤਿਆਂ ਲਈ ਕਰ ਪਾਲਣਾ ਬਹੁਤ ਸਖਤ ਕਰ ਦਿੱਤੀ ਅਤੇ ਕਰ ਚੋਰੀ ਦੇ ਮੌਕੇ ਪੈਦਾ ਕਰ ਦਿੱਤੇ। ਦੂਜਾ, ਕਿਉਂਕਿ ਹਰੇਕ ਨਵਾਂ ਕਰ ਵਿਕਰੀ ਕੀਮਤ ਉਤੇ ਲਾਇਆ ਜਾਂਦਾ ਸੀ, ਜਿਸ ਵਿੱਚ ਪਿਛਲੇ ਪੜਾਅ ਉਤੇ ਲੱਗਾ ਕਰ ਵੀ ਸ਼ਾਮਲ ਸੀ। ਇਸ ਦਾ ਬੁਨਿਆਦੀ ਮਤਲਬ ਸੀ ਪਿਛਲੇ ਪੜਾਅ ਉਤੇ ਦਿੱਤੀ ਗਈ ਰਕਮ ਉਤੇ ਕਰ ਲਾਉਣਾ, ਜਿਸ ਨੂੰ ਕਰਾਂ ਦੇ ਵਾਧੇ ਦਾ ਪ੍ਰਭਾਵ ਕਹਿੰਦੇ ਹਨ। ਉਪਰੋਕਤ ਤਸਵੀਰ ਇਸ ਵਰਤਾਰੇ ਨੂੰ ਸਾਦੇ ਤਰੀਕੇ ਨਾਲ ਬਿਆਨ ਕਰਦੀ ਹੈ।

ਉਪਰਲੀ ਤਸਵੀਰ ਵਿੱਚ (ੳ) ਥੋਕ ਵਿਕਰੇਤਾ ਹੈ, (ਅ) ਪ੍ਰਚੂਨ ਵਿਕਰੇਤਾ ਹੈ ਅਤੇ (ੲ) ਖਪਤਕਾਰ ਹੈ ਜਦੋਂ (ੲ) 130 ਰੁਪਏ ਦੀ ਕੀਮਤ ਉਤੇ 20 ਪ੍ਰਤਿਸ਼ਤ ਕਰ ਦਿੰਦਾ ਹੈ, ਜਿਸ ਵਿੱਚ (ਅ) ਵਲੋਂ (ੳ) ਤੋਂ ਖਰੀਦ ਕਰਨ ਸਮੇਂ ਦਿੱਤੇ ਕਰ ਸ਼ਾਮਲ ਹੁੰਦੇ ਹਨ, ਤਾਂ (ੲ) ਨਾ ਕੇਵਲ ਵਸਤੂ ਦੀ ਅਸਲੀ ਕੀਮਤ ਉਤੇ ਕਰ ਅਦਾ ਕਰਦਾ ਹੈ ਸਗੋਂ (100+20) ਉਹ (ਅ) ਵਲੋਂ ਅਦਾ ਕੀਤੇ ਕਰ ਉਤੇ ਵੀ ਕਰ ਅਦਾ ਕਰਦਾ ਹੈ (10 ਰੁਪਏ ਅਤੇ 20 ਪ੍ਰਤਿਸ਼ਤ 10 ਰੁਪਏ ਉਤੇ)। ਅਜਿਹਾ ਕਰ ਉਤੇ ਕਰ ਲੱਗਣ ਨਾਲ ਅਖੀਰ ਵਿੱਚ ਖਪਤਕਾਰ ਵਲੋਂ ਦਿੱਤੀ ਜਾਂਦੀ ਕੀਮਤ ਵਧ ਜਾਂਦੀ ਹੈ। ਨਵੇਂ ਜੀ ਐੱਸ ਟੀ ਨਿਜ਼ਾਮ ਅਧੀਨ ਕਿਸੇ ਵਸਤੂ/ਸੇਵਾ ਉਤੇ ਕੇਵਲ ਇਕ ਕਰ ਦੀ ਦਰ ਹੀ ਲੱਗੇਗੀ ਅਤੇ ਇਹ ਸਾਰੇ ਰਾਜਾਂ ਵਿੱਚ ਇਕੋ ਜਿਹੀ ਹੋਵੇਗੀ। ਹਰੇਕ ਨਿਰਮਾਤਾ/ਵਿਕਰੇਤਾ/ਵਪਾਰਕ ਇਕਾਈ 'ਇਨਪੁਟ ਟੈਕਸ ਕ੍ਰੈਡਿਟ' (ਆਈ ਟੀ ਸੀ) ਨਾਮਕ ਸਕੀਮ ਦੇ ਲਾਭ ਲੈਣ ਦੇ ਯੋਗ ਹੋਵੇਗਾ। ਪਿਛਲੀ ਤਸਵੀਰ ਤੋਂ ਵੇਰਵਾ ਦੇਣ ਲਈ - ਜਦੋਂ (ਅ) 110 ਰੁਪਏ ਵਿੱਚ ਲਾਗਤ ਖਰੀਦ ਕਰਦਾ ਹੈ, ਤਾਂ ਇਸ ਵਿੱਚ 10 ਰੁਪਏ ਦੀ ਕਰ ਅਦਾਇਗੀ ਸ਼ਾਮਲ ਹੁੰਦੀ ਹੈ। ਜਦੋਂ (ੳ) ਇਹ ਰਕਮ ਖਰੀਦਦਾਰ ਦੇ ਵੇਰਵੇ ਸਹਿਤ ਸਰਕਾਰ ਕੋਲ ਜਮ੍ਹਾਂ ਕਰਵਾਉਂਦਾ ਹੈ (ਇਸ ਮਾਮਲੇ ਵਿੱਚ (ਅ), ਤਾਂ (ੳ) ਨੂੰ 10 ਰੁਪਏ ਦਾ 'ਟੈਕਸ ਇਨਪੁਟ ਕ੍ਰੈਡਿਟ' ਮਿਲੇਗਾ। ਜਦੋਂ (ਅ) ਆਖਰ ਨੂੰ ਉਹ ਵਸਤੂ (ੲ) ਨੂੰ 130 ਰੁਪਏ ਦੀ ਕੀਮਤ ਉਤੇ ਵੇਚਦਾ ਹੈ, ਤਾਂ ਜਿਹੜੀ ਰਕਮ (ਅ) ਨੂੰ ਸਰਕਾਰ ਕੋਲ ਜਮ੍ਹਾਂ ਕਰਵਾਉਣ ਦੀ ਲੋੜ ਪਵੇਗੀ, ਉਹ 13 ਰੁਪਏ ਹੋਵੇਗੀ (ਹੁਣ ਜੀ ਐੱਸ ਟੀ ਦਰ ਇਕਸਮਾਨ 10 ਪ੍ਰਤਿਸ਼ਤ)। ਪਰ, ਕਿਉਂਕਿ (ਅ) ਪਹਿਲਾਂ ਹੀ 10 ਰੁਪਏ ਦਾ ਟੈਕਸ ਕ੍ਰੈਡਿਟ ਲੈ ਚੁੱਕਾ ਹੈ, ਇਸ ਲਈ ਉਸ ਨੂੰ ਸਿਰਫ 3 ਰੁਪਏ ਹੀ ਹੋਰ ਦੇਣੇ ਹੋਣਗੇ। ਇਸ ਪ੍ਰਕਾਰ, ਜੀ ਐੱਸ ਟੀ ਅਸਿੱਧੇ ਕਰਾਂ ਨੂੰ ਸਰਲ ਬਣਾਉਣ ਅਤੇ ਸਾਰੇ ਰਾਜਾਂ ਵਿੱਚ ਇਕਸਮਾਨ ਦਰ ਲਾਗੂ ਕਰਨ ਦਾ ਕਾਰਜ ਕਰਦਾ ਹੈ, ਆਈ ਟੀ ਸੀ ਤੰਤਰ ਕੁੱਲ ਕਰਾਂ ਨੂੰ ਘੱਟ ਕਰਦਾ ਹੈ ਜਿਸ ਨਾਲ ਵਪਾਰ ਦੀ ਸਮੁੱਚੀ ਲਾਗਤ ਵਿੱਚ ਕਮੀ ਆਉਂਦੀ ਹੈ।





## ਇਕ ਖਪਤਕਾਰ ਲਈ ਜੀ ਐੱਸ ਟੀ ਦੇ ਸੰਭਾਵੀ ਲਾਭ/ਨੁਕਸਾਨ ਕੀ ਹਨ

ਦੋ ਤਰੀਕਿਆਂ ਨਾਲ ਜੀ ਐੱਸ ਟੀ ਖਪਤਕਾਰਾਂ ਉਤੇ ਪ੍ਰਭਾਵਕਾਰੀ ਹੋ ਸਕਦਾ ਹੈ। ਪਹਿਲਾ, ਜੀ ਐੱਸ ਟੀ ਦਾ ਸਭ ਤੋਂ ਪਹਿਲਾ ਤੇ ਫੌਰੀ ਪ੍ਰਭਾਵ ਇਹ ਹੋਵੇਗਾ ਕਿ ਹਰੇਕ ਵਸਤੂ ਅਤੇ ਸੇਵਾ ਉਤੇ ਇਕ ਨਵੀਂ 'ਪ੍ਰਭਾਵੀ' ਕਰ ਦਰ ਲਾਗੂ ਹੋ ਜਾਵੇਗੀ। ਕੀਮਤਾਂ ਵਿੱਚ ਵਾਧਾ ਹੋਵੇਗਾ ਜਾਂ ਘਟਣਗੀਆਂ, ਇਹ ਇਸ ਗੱਲ ਉਤੇ ਨਿਰਭਰ ਕਰੇਗਾ ਕਿ ਨਵੀਂ 'ਪ੍ਰਭਾਵੀ' ਕਰ ਦਰ ਜੀ ਐੱਸ ਟੀ ਤੋਂ ਪਹਿਲੀਆਂ ਦਰਾਂ ਨਾਲੋਂ ਕਿਵੇਂ ਵੱਖਰੀਆਂ ਹਨ। ਦੂਜਾ, ਜੀ ਐੱਸ ਟੀ ਦਾ ਇਕ ਅਸਿੱਧਾ ਪ੍ਰਭਾਵ, ਜੋ ਦਰਮਿਆਨੀ ਤੇ ਲੰਮੀ ਮਿਆਦ ਦੌਰਾਨ ਦੇਖੇ ਜਾਣ ਦੀ ਸੰਭਵਾਨਾ ਹੈ, ਇਹ ਉਤਪਾਦਨ ਅਤੇ ਪੂਰਤੀ ਲੜੀ ਪ੍ਰਕਿਰਿਆਵਾਂ ਰਾਹੀਂ ਹੋ ਸਕਦਾ ਹੈ। ਇਹ ਦੋਵੇਂ ਸੰਭਾਵੀ ਪ੍ਰਭਾਵ ਅਗਲੇ ਹਿੱਸੇ ਵਿੱਚ ਵਿਸਥਾਰ ਸਹਿਤ ਵਿਚਾਰੇ ਗਏ ਹਨ।

ਜੀ ਐੱਸ ਟੀ ਤਹਿਤ ਹਰੇਕ ਵਸਤੂ ਜਾਂ ਸੇਵਾ ਉਤੇ ਦਿੱਤੀਆਂ ਗਈਆਂ ਚਾਰ ਦਰਾਂ – 5 ਪ੍ਰਤਿਸ਼ਤ, 12 ਪ੍ਰਤਿਸ਼ਤ, 18 ਪ੍ਰਤਿਸ਼ਤ ਅਤੇ 28 ਪ੍ਰਤਿਸ਼ਤ ਵਿੱਚੋਂ ਕੋਈ ਇਕ ਦਰ ਲਾਗੂ ਹੋਵੇਗੀ ਜਾਂ ਇਸ ਨੂੰ ਕਰ ਤੋਂ ਛੋਟ ਪ੍ਰਾਪਤ ਹੋਵੇਗੀ, ਮਤਲਬ ਟੈਕਸ 0 ਪ੍ਰਤਿਸ਼ਤ ਹੋਵੇਗਾ। ਜੀ ਐੱਸ ਟੀ ਤੋਂ ਪਹਿਲਾਂ ਦੇ ਸਮੇਂ ਦੀ ਤੁਲਨਾ ਵਿੱਚ 'ਪ੍ਰਭਾਵੀ' ਕਰ ਦਰ ਵਿੰਚ ਫਰਕ ਆ ਸਕਦਾ ਹੈ ਜਿਸ ਦਾ ਕਾਰਨ ਵਸਤੂ/ਸੇਵਾ ਨੂੰ ਵੱਖਰੀ ਕਰ ਸ਼੍ਰੇਣੀ ਵਿੱਚ ਰੱਖਣਾ ਹੋ ਸਕਦਾ ਹੈ। ਮਿਸਾਲ ਦੇ ਲਈ, ਮੰਨ ਲਉ ਇਕ ਉਤਪਾਦ ਐਕਸ ਹੈ ਜੋ ਬਣਾ ਕੇ ਸਿੱਧਾ ਖਪਤਕਾਰ ਨੂੰ ਵੇਚ ਦਿੱਤਾ ਜਾਂਦਾ ਹੈ। ਪਿਛਲੇ ਨਿਜ਼ਾਮ ਤਹਿਤ, ਆਖਰੀ ਵਿਕਰੀ ਤੋਂ ਪਹਿਲਾਂ ਆਬਕਾਰੀ ਸ਼ੁਲਕ, ਰਾਜ ਵੈਟ, ਦਾਖਲਾ ਕਰ ਆਦਿ ਟੈਕਸ ਲਾਏ ਜਾਂਦੇ ਸਨ। ਮੰਨ ਲਓ ਕਿ ਇਨ੍ਹਾਂ ਕਰਾਂ ਦਾ ਜੋੜ 15 ਪ੍ਰਤਿਸ਼ਤ ਸੀ। ਜੀ ਐੱਸ ਟੀ ਤਹਿਤ ਜੇ ਇਸ ਉਤਪਾਦ ਨੂੰ 18 ਪ੍ਰਤਿਸ਼ਤ ਸਲੈਬ ਵਿੱਚ ਰੱਖਿਆ ਜਾਂਦਾ ਹੈ ਤਾਂ ਇਹ ਮਹਿੰਗਾ ਹੋ ਜਾਵੇਗਾ, ਪਰ, ਜੇ ਇਸ ਨੂੰ 12 ਪ੍ਰਤਿਸ਼ਤ ਜਾਂ 5 ਪ੍ਰਤਿਸ਼ਤ ਵਿੱਚ ਰੱਖਿਆ ਜਾਂਦਾ ਹੈ ਤਾਂ ਇਹ ਸਸਤਾ ਹੋ ਜਾਵੇਗਾ। ਇਹ ਗੌਰ ਕਰਨ ਵਾਲੀ ਗੱਲ ਹੈ ਕਿ ਵੱਖ-ਵੱਖ ਰਾਜਾਂ ਵਿੱਚ ਪਹਿਲਾਂ ਵਾਲੀਆਂ ਦਰਾਂ ਵਿੱਚ ਫਰਕ ਹੋਣ ਕਰਕੇ ਇਹ ਸੰਭਾਵਨਾ ਬਣੀ ਰਹਿੰਦੀ ਸੀ ਕਿ ਕੋਈ ਵਸਤੂ/ਸੇਵਾ ਇਕ ਰਾਜ ਵਿੱਚ ਸਸਤੀ ਅਤੇ ਦੂਜੇ ਰਾਜ ਵਿੱਚ ਮਹਿੰਗੀ ਹੋ ਜਾਵੇ।

ਜੀ ਐੱਸ ਟੀ ਤਹਿਤ ਖੇਤੀਬਾੜੀ ਅਤੇ ਖਾਣ ਵਾਲੇ ਪਦਾਰਥਾਂ ਜਿਵੇਂ ਅਨਾਜ, ਦਾਲਾਂ, ਫਲ ਸਬਜ਼ੀਆਂ ਅਤੇ ਦੁੱਧ ਨੂੰ ਸਿੱਖਿਆ ਅਤੇ ਸਿਹਤ ਸੰਭਾਲ ਵਾਂਗ ਕਰ ਦਾਇਰੇ ਤੋਂ ਬਾਹਰ ਰੱਖਿਆ ਗਿਆ ਹੈ। ਇਹ ਸਾਰੀਆਂ ਵਸਤੂਆਂ ਮਿਲ ਕੇ ਇਕ ਔਸਤ ਪਰਿਵਾਰ ਦਾ 40-45 ਪ੍ਰਤਿਸ਼ਤ ਖਰਚਾ ਬਣ ਜਾਂਦੀਆਂ ਹਨ, ਜਿਵੇਂ ਕਿ ਖਪਤਕਾਰ ਸੂਚਕ ਅੰਕ ਵਿੱਚ ਦਰਜ ਹੈ।ਭਾਵੇਂ ਕਿ ਦੂਜੀਆਂ ਜ਼ਰੂਰੀ ਵਸਤਾਂ ਜਿਵੇਂ ਕੋਲਾ, ਖੰਡ, ਖਾਣ ਵਾਲਾ ਤੇਲ, ਕੌਫੀ ਆਦਿ ਨੂੰ 5 ਪ੍ਰਤਿਸ਼ਤ ਦੀ ਸਲੈਬ ਵਿੱਚ ਰੱਖਿਆ ਗਿਆ ਹੈ। ਪਰ ਸੇਵਾਵਾਂ ਲਈ ਮਿਆਰੀ ਦਰ 18 ਪ੍ਰਤਿਸ਼ਤ ਰੱਖੀ ਗਈ ਹੈ ਜੋ ਜੀ ਐੱਸ ਟੀ ਤੋਂ ਪਹਿਲਾਂ ਦੀ ਦਰ 14-15 ਪ੍ਰਤਿਸ਼ਤ ਨਾਲੋਂ ਥੋੜ੍ਹੀ ਵੱਧ ਹੈ। ਜੀ ਐੱਸ ਟੀ ਤੋਂ ਪਹਿਲੇ ਕਾਲ ਵਿੱਚ ਕਰਾਂ ਦੀ ਬਹੁਤਾਤ ਅਤੇ ਵੱਖ-ਵੱਖ ਪੜਾਵਾਂ ਉਤੇ ਕਰ ਲੱਗਣ ਕਰਕੇ, ਨਿੱਜੀ ਵਸਤਾਂ/ਸੇਵਾ ਲਈ ਪ੍ਰਭਾਵੀ ਕਰ ਦਰ ਵਿੱਚ ਬਦਲਾਅ ਦਾ ਹਿਸਾਬ ਲਾਉਣਾ ਬਹੁਤ ਔਖਾ ਕੰਮ ਸੀ। ਪਰ ਕੁੱਝ ਅਰਥਸ਼ਾਸਤਰੀਆਂ ਵਲੋਂ ਅਨੁਮਾਨ ਲਾਏ ਗਏ ਹਨ ਕਿ ਮੋਟੇ ਤੌਰ ਤੇ 50 ਪ੍ਰਤਿਸ਼ਤ ਵਸਤੂਆਂ ਉਤੇ ਕਰ 50 ਪ੍ਰਤਿਸ਼ਤ ਰਹਿਣਗੇ, 30 ਪ੍ਰਤਿਸ਼ਤ ਤੋਂ ਘੱਟ ਹੋ ਜਾਣਗੇ ਅਤੇ 20 ਪ੍ਰਤਿਸ਼ਤ ਉਤੇ ਇਹ ਵਧ ਸਕਦਾ ਹੈ।

ਇਕ ਹੋਰ ਤਰੀਕਾ, ਜਿਸ ਨਾਲ ਪ੍ਰਭਾਵੀ ਕਰ ਦਰ ਵਿੱਚ ਬਦਲਾਅ ਆ ਸਕਦਾ ਹੈ, ਉਹ ਇਨਪੁਟ ਟੈਕਸ ਕ੍ਰੈਡਿਟ ਸਕੀਮ ਰਾਹੀਂ ਹੋ ਸਕਦਾ ਹੈ। ਜਿਵੇਂ ਕਿ ਪਹਿਲਾਂ ਵੀ ਬਿਆਨ ਕੀਤਾ ਗਿਆ ਹੈ, ਪ੍ਰਭਾਵੀ ਕੁੱਲ ਕਰਾਂ ਵਿੱਚ ਕਮੀ ਨਾਲ, ਇਹ ਪ੍ਰਕਿਰਿਆ ਨਿਰਮਾਤਾ/ਵਿਕਰੇਤਾਵਾਂ ਲਈ ਕੁੱਲ ਲਾਗਤ ਵਿੱਚ ਕਮੀ ਕਰ ਦਿੰਦੀ ਹੈ। ਲਾਗਤ ਵਿੱਚ ਕਮੀ ਨਾਲ ਆਖਰ ਨੂੰ ਖਪਤਕਾਰਾਂ ਵਲੋਂ ਅਦਾ ਕੀਤੀ ਜਾਣ ਵਾਲੀ ਕੀਮਤ ਘੱਟ ਹੋ ਜਾਵੇਗੀ। ਘਟੀ ਹੋਈ ਕੀਮਤ ਦਾ ਲਾਭ ਖਪਤਕਾਰਾਂ ਨੂੰ ਨਾ ਦੇਣ ਵਾਲੀਆਂ ਫਰਮਾਂ ਨਾਲ ਨਜਿੱਠਣ ਲਈ ਸਰਕਾਰਾਂ ਵਲੋਂ ਜੀ ਐੱਸ ਟੀ ਬਿੱਲ ਵਿੱਚ ਇਕ ਮਦ ਦਾ ਪ੍ਰਾਵਧਾਨ ਕੀਤਾ ਗਿਆ ਹੈ, ਜਿਸ ਨੂੰ 'ਮੁਨਾਫ਼ਾਖੋਰੀ ਵਿਰੋਧੀ ਨਿਯਮਾਂ' ਦਾ ਨਾਮ ਦਿੱਤਾ ਗਿਆ ਹੈ। ਇਹ ਨਿਯਮ ਸਾਰੀਆਂ ਫਰਮਾਂ/ਵਪਾਰਾਂ ਲਈ ਜ਼ਰੂਰੀ ਕਰਾਰ ਦਿੰਦੇ ਹਨ ਕਿ ਇਨਪੁਟ ਟੈਕਸ ਕ੍ਰੈਡਿਟ ਕਰਕੇ ਕੀਮਤ ਵਿੱਚ ਹੋਣ ਵਾਲੀ ਕਮੀ ਦਾ ਲਾਭ, ਖਪਤਕਾਰਾਂ ਨੂੰ ਕੀਮਤਾਂ ਵਿੱਚ ਕਮੀ ਕਰਕੇ ਦਿੱਤਾ ਜਾਵੇ। ਪਰ ਇਹ ਵੇਖਣਾ ਬਾਕੀ ਹੈ ਕਿ ਕੀ ਕੀਮਤਾਂ ਵਿੱਚ ਕਮੀ ਹੁੰਦੀ ਵੀ ਹੈ, ਜੋ ਨੇੜ ਭਵਿੱਖ ਵਿੱਚ ਸੰਭਵ ਨਹੀਂ ਜਾਪਦਾ। ਇਸ ਦਾ ਕਾਰਨ ਉਤਪਾਦਾਂ ਤੇ ਮੌਜੂਦਾ ਐੱਮ ਆਰ ਪੀ ਰੂਪੀ ਚੁਣੌਤੀਆਂ ਹਨ।

ਸੰਭਾਵੀ ਘੱਟ ਜਾਂ ਸਮਾਨ ਪ੍ਰਭਾਵੀ ਕਰ ਦਰਾਂ ਦੇ ਬਾਵਜੂਦ, ਅਜਿਹੇ ਅਰਥਸ਼ਾਸਤਰੀਆਂ ਅਤੇ ਟਿੱਪਣੀਕਾਰ ਵੀ ਹਨ ਜੋ ਨੇੜ ਭਵਿੱਖ ਅੰਦਰ ਮਹਿੰਗਾਈ ਦਰ ਵਿੱਚ ਵਾਧਾ ਹੁੰਦਾ ਵੇਖ ਰਹੇ ਹਨ। ਇਸ ਭਵਿੱਖਬਾਣੀ ਦੇ ਪਿੱਛੇ ਸੰਭਵਤਾ ਦੋ ਕਾਰਨ ਹੋ ਸਕਦੇ ਹਨ। ਜਾਪਾਨ, ਆਸਟ੍ਰੇਲੀਆ,



ਕੈਨੇਡਾ, ਵਰਗੇ ਦੇਸ਼ਾਂ ਦੇ ਅਨੁਭਵ ਇਹ ਦਰਸਾਉਂਦੇ ਹਨ ਕਿ ਜੀ ਐੱਸ ਟੀ ਲਾਗੂ ਹੋਣ ਤੋਂ ਬਾਅਦ ਮਹਿੰਗਾਈ ਦਰ ਵਿੱਚ ਵਾਧਾ ਹੋਇਆ। ਭਾਰਤ ਵਿੱਚ ਵੀ ਇਹੀ ਹਾਲਾਤ ਪੈਦਾ ਹੋ ਸਕਦੇ ਹਨ। ਕੀਮਤਾਂ ਵਿੱਚ ਦੂਜਾ ਸੰਭਾਵੀ ਵਾਧਾ ਪਾਲਣਾ ਲਾਗਤ ਵਿੱਚ ਵਾਧੇ ਕਰਕੇ ਹੋ ਸਕਦਾ ਹੈ, ਖ਼ਾਸ ਕਰਕੇ ਛੋਟੇ ਅਤੇ ਦਰਮਿਆਨੇ ਉੱਦਮਾਂ ਲਈ ਜੋ ਸਾਡੇ ਸਾਹਮਣੇ ਅਗਲਾ ਭਾਗ ਲੈ ਕੇ ਆਉਂਦੇ ਹਨ ਕਿ ਜੀ ਐੱਸ ਟੀ ਉਤਪਾਦਨ ਵਪਾਰ ਅਤੇ ਪੂਰਤੀ ਲੜੀ ਪ੍ਰਕਿਰਿਆ ਉਤੇ ਅਸਰਅੰਦਾਜ਼ ਹੋ ਕੇ ਕਿਵੇਂ ਖਪਤਕਾਰਾਂ ਉਤੇ ਪ੍ਰਭਾਵ ਪਾ ਸਕਦਾ ਹੈ।

ਜੀ ਐੱਸ ਟੀ ਦਾ ਇਕ ਪੱਖ ਜਿਸ ਉਤੇ ਵੱਡੇ ਪੱਧਰ ਉਤੇ ਚਰਚਾ ਹੋਈ ਹੈ, ਉਹ ਹੈ ਛੋਟੇ ਅਤੇ ਦਰਮਿਆਨੇ ਉੱਦਮਾਂ ਉਤੇ ਇਸ ਦਾ ਪ੍ਰਭਾਵ। ਮੌਜੂਦਾ ਸਮੇਂ ਭਾਰਤ ਦੀਆਂ ਵਪਾਰਕ ਇਕਾਈਆਂ ਦੀ ਇਕ ਵੱਡੀ ਸੰਖਿਆ ਅਸੰਗਠਿਤ ਆਰਥਿਕਤਾ ਅਧੀਨ ਕੰਮ ਕਰ ਰਹੀ ਹੈ, ਜਿਸ ਦਾ ਬੁਨਿਆਦੀ ਮਤਲਬ ਇਹ ਹੈ ਕਿ ਉਹ ਨਿਯਮਕ ਅਤੇ ਕਰ ਦੀਆਂ ਦੇਣਦਾਰੀਆਂ ਤੋਂ ਬਚ ਜਾਂਦੇ ਹਨ। ਇਹ ਬਚਾਅ ਜਾਂ ਚੋਰੀ ਭਾਵੇਂ ਅਜਿਹੀਆਂ ਇਕਾਈਆਂ ਦੀਆਂ ਕੁੱਲ ਲਾਗਤਾਂ ਘੱਟ ਰਖਣ ਵਿੱਚ ਮਦਦਗਾਰ ਹੁੰਦੀ ਹੈ। ਇਨਪੁਟ ਟੈਕਸ ਕ੍ਰੈਡਿਟ ਪ੍ਰਣਾਲੀ ਤਹਿਤ, ਕਿਸੇ ਇਕਾਈ ਨੂੰ ਤਾਂ ਹੀ ਇਸ ਦਾ ਲਾਭ ਮਿਲੇਗਾ ਜੇ ਉਹ ਅਜਿਹੀ ਇਕਾਈ ਕੋਲੋਂ ਖਰੀਦ ਕਰੇ ਜੋ ਜੀ ਐੱਸ ਟੀ ਨੈੱਟਵਰਕ ਵਿੱਚ ਪੰਜੀਕ੍ਰਿਤ ਹੋਵੇ ਅਤੇ ਜਿਸ ਨੇ ਕਰਾਂ ਦੀ ਅਦਾਇਗੀ ਵੀ ਕੀਤੀ ਹੋਵੇ। ਇਸ ਪ੍ਰਾਵਧਾਨ ਦੇ ਚਲਦਿਆਂ ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਖਰੀਦਦਾਰ ਸਿਰਫ ਜੀ ਐੱਸ ਟੀ ਦੀ ਪਾਲਣਾ ਕਰਨ ਵਾਲੇ ਵਿਕਰੇਤਾ ਕੋਲੋਂ ਹੀ ਖਰੀਦਦਾਰੀ ਕਰੇਗਾ। ਜਿਸ ਦੇ ਸਿੱਟੇ ਵਜੋਂ ਪਹਿਲਾਂ ਨਿਯਮਾਂ ਤੋਂ ਬਾਹਰ ਰਹਿ ਕੇ ਕੰਮ ਕਰਨ ਵਾਲੀਆਂ ਵਪਾਰਕ ਇਕਾਈਆਂ ਦਾ ਵੱਡਾ ਹਿੱਸਾ ਪੰਜੀਕਰਨ ਲਈ ਮਜਬੂਰ ਹੋ ਜਾਵੇਗਾ ਅਤੇ ਢੁੱਕਵੀਆਂ ਨਿਯਮਕ ਅਤੇ ਕਰ ਲਾਗਤਾਂ ਦੀ ਅਦਾਇਗੀ ਕਰੇਗਾ। ਮੌਜੂਦਾ ਨਿਯਮਾਂ ਦੀ ਪਹਿਲਾਂ ਤੋਂ ਹੀ ਪਾਲਣਾ ਕਰਨ ਵਾਲੇ ਉੱਦਮਾਂ ਲਈ ਵੀ ਜੀ ਐੱਸ ਟੀ ਨੈੱਟਵਰਕ ਉਤੇ ਆਉਣ ਤੋਂ ਬਾਅਦ ਲਾਗਤ ਵਧ ਜਾਵੇਗੀ, ਘੱਟੋ-ਘੱਟ ਸ਼ੁਰੂਆਤੀ ਦੌਰ ਵਿੱਚ। ਜਦ ਕਿ ਦੂਜੇ ਪਾਸੇ ਇਸ ਨਾਲ ਕਰ ਅਧਾਰ ਅਤੇ ਸਰਕਾਰ ਦੇ ਕਰ ਮਾਲੀਏ ਵਿੱਚ ਵੱਡਾ ਵਾਧਾ ਹੋਣ ਦੀ ਵੀ ਭਰਪੂਰ ਸੰਭਾਵਨਾ ਹੈ। ਇਹ ਇਸ ਗੱਲ ਉਤੇ ਨਿਰਭਰ ਕਰਦਾ ਹੈ ਕਿ ਇਹ ਸਮੂਹਿਕ ਲਾਗਤ ਢਾਂਚੇ ਨੂੰ ਕਿਸ ਪ੍ਰਕਾਰ ਪ੍ਰਭਾਵਿਤ ਕਰਦਾ ਹੈ। ਇਸ ਦੇ ਮੁਤਾਬਕ ਕੀਮਤਾਂ ਵਿੱਚ ਵਾਧਾ ਵੀ ਹੋ ਸਕਦਾ ਹੈ।

ਆਖਰ ਵਿੱਚ, ਜੀ ਐੱਸ ਟੀ ਦਾ ਇਕ ਵੱਡਾ ਅਸਰ ਵਸਤਾਂ ਦੀ ਆਵਾਜਾਈ ਉਤੇ ਪੈਣ ਦੀ ਵੀ ਸੰਭਾਵਨਾ ਹੈ, ਖ਼ਾਸ ਕਰਕੇ ਅੰਤਰ-ਰਾਜੀ ਆਵਾਜਾਈ ਉਤੇ। ਰਾਜਾਂ ਦੀਆਂ ਹੱਦਾਂ ਉਤੇ ਬਣੇ ਨਾਕਿਆਂ ਉਤੇ ਟਰੱਕਾਂ ਦੀ ਲੰਮੀ ਕਤਾਰ, ਮਨਜ਼ੂਰੀ ਦੀ ਉਡੀਕ ਵਿੱਚ ਪਹਿਲਾਂ ਆਮ ਹੀ ਵੇਖੀ ਜਾਂਦੀ ਸੀ। ਪਰ ਜੀ ਐੱਸ ਟੀ ਕਾਰਨ ਕਰ ਦੀ ਦਰ ਸਾਰੇ ਰਾਜਾਂ ਵਿੱਚ ਇਕਸਮਾਨ ਹੋਣ ਨਾਲ ਇਨ੍ਹਾਂ ਕਤਾਰਾਂ ਦੇ ਖਤਮ ਹੋਣ ਦੀ ਉਮੀਦ ਹੈ। ਇਹ ਲੇਖ ਲਿਖੇ ਜਾਣ ਤੱਕ 22 ਰਾਜਾਂ ਵਲੋਂ ਨਾਕੇ ਹਟਾ ਦਿੱਤੇ ਗਏ ਹਨ। ਦੇਸ਼ ਭਰ ਵਿੱਚ ਵਸਤਾਂ ਦੀ ਬੇਰੋਕ ਆਵਾਜਾਈ ਨਾਲ, ਆਵਾਜਾਈ ਲਾਗਤਾਂ ਅਤੇ ਸਮੇਂ ਵਿੱਚ ਵੱਡੀ ਕਮੀ ਆਵੇਗੀ।

## ਸਮਾਪਤੀ ਟਿੱਪਣੀਆਂ

ਜੀ ਐੱਸ ਟੀ ਨੂੰ ਆਜ਼ਾਦ ਭਾਰਤ ਦਾ ਸਭ ਤੋਂ ਵੱਡਾ ਕਰ ਸੁਧਾਰ ਆਖਿਆ ਜਾ ਰਿਹਾ ਹੈ। ਇਸ ਉਮੀਦ ਦੇ ਕਈ ਕਾਰਨ ਵੀ ਹਨ ਕਿ ਇਸ ਦੇ ਦੂਰਗਾਮੀ ਸਿੱਟੇ ਨਿਕਲਣਗੇ। ਖਪਤਕਾਰ ਦੇ ਪੱਖ ਤੋਂ ਕੁੱਝ ਗ਼ੈਰ-ਯਕੀਨੀ ਹੈ ਕਿ ਜੀ ਐੱਸ ਟੀ ਸਮੁੱਚੇ ਕੀਮਤ ਪੱਧਰ ਵਿੱਚ ਕਿਵੇਂ ਬਦਲਾਅ ਲਿਆਵੇਗਾ, ਕਿਉਂਕਿ ਕੁੱਝ ਪੱਖ ਅਜਿਹੇ ਹਨ ਜੋ ਕੀਮਤਾਂ ਵਧਾਉਣ ਅਤੇ ਘਟਾਉਣ ਵਾਲੇ ਦੋਵਾਂ ਪਾਸਿਆਂ ਲਈ ਕੰਮ ਕਰ ਰਹੇ ਹਨ। ਜ਼ਿਆਦਾਤਰ ਵਸਤਾਂ ਲਈ ਘੱਟ ਪ੍ਰਭਾਵੀ ਕਰ ਦਰਾਂ, ਇਨਪੁਟ ਟੈਕਸ ਕ੍ਰੈਡਿਟ ਅਤੇ ਪੂਰਤੀ ਲੜੀ ਵਿੱਚ ਸੁਧਾਰ ਆਦਿ ਅਜਿਹੇ ਪੱਖ ਹਨ ਜੋ ਕੀਮਤ ਪੱਧਰ ਵਿੱਚ ਕਮੀ ਲਿਆ ਸਕਦੇ ਹਨ। ਇਸ ਦੇ ਉਲਟ, ਸੇਵਾਵਾਂ ਲਈ ਵਧੀਆਂ ਹੋਈਆਂ ਪ੍ਰਭਾਵੀ ਕਰ ਦਰਾਂ ਅਤੇ ਵਧੀ ਹੋਈ ਪਾਲਣਾ ਲਾਗਤ, ਖ਼ਾਸ ਕਰਕੇ ਛੋਟੇ ਤੇ ਦਰਮਿਆਨੇ ਉੱਦਮਾਂ ਲਈ, ਵਿੱਚ ਕੀਮਤਾਂ ਵਧਾਉਣ ਦੀਆਂ ਸੰਭਾਵਨਾਵਾਂ ਮੌਜੂਦ ਹਨ। ਆਪਾ ਵਿਰੋਧੀ ਪੱਖਾਂ ਦੀ ਹੋਂਦ ਨੇੜ ਭਵਿੱਖ ਵਿੱਚ ਕੀਮਤ ਪੱਧਰ ਦੀ ਪੇਸ਼ੀਨਗੋਈ ਕਰਨ ਦੇ ਕੰਮ ਨੂੰ ਮੁਸ਼ਕਿਲ ਬਣਾ ਦਿੰਦੀ ਹੈ। ਭਾਵੇਂ ਕਿ ਜੀ ਐੱਸ ਟੀ ਲਾਗੂ ਕਰਨ ਵਾਲੇ ਦੂਸਰੇ ਦੇਸ਼ਾਂ ਨਾਲ ਤੁਲਨਾ ਕਰਨ ਦਾ ਲਾਲਚ ਹੋ ਸਕਦਾ ਹੈ, ਪਰ ਉਨ੍ਹਾਂ ਵਿੱਚੋਂ ਕੋਈ ਵੀ ਭਾਰਤ ਜਿੰਨਾ ਭਿੰਨਤਾ ਵਾਲਾ ਅਤੇ ਬਹੁ-ਪਰਤੀ ਦੇਸ਼ ਨਹੀਂ ਹੈ, ਜੀ ਐੱਸ ਟੀ ਵਲੋਂ ਬਦਲੀ ਜਾ ਰਹੀ ਪ੍ਰਣਾਲੀ ਦੀ ਜਟਿਲਤਾ ਦੀ ਤਾਂ ਗੱਲ ਹੀ ਨਾ ਕਰੋ। ਇਸ ਪਿੱਠ-ਭੂਮੀ ਵਿੱਚ ਇਹ ਵੇਖਣਾ ਬਾਕੀ ਹੈ ਕਿ ਇਨ੍ਹਾਂ ਸਾਰੇ ਪੱਖਾਂ ਦੇ ਰਲੇਵੇਂ ਦਾ ਕੀ ਅਸਰ ਹੁੰਦਾ ਹੈ ਅਤੇ ਆਖਰ ਨੂੰ ਜੀ ਐੱਸ ਟੀ ਦਾ ਖਪਤਕਾਰਾਂ ਉਤੇ ਕੀ ਪ੍ਰਭਾਵ ਪੈਂਦਾ ਹੈ।

*(ਲੇਖਕ ਬਜਟ ਅਤੇ ਗਵਰਨੈਂਸ ਅਕਾਊਂਟੇਬਿਲਿਟੀ ਬਾਰੇ ਕੇਂਦਰ, ਨਵੀਂ ਦਿੱਲੀ ਵਿੱਚ ਪ੍ਰੋਗਰਾਮ ਸਲਾਹਕਾਰ ਹਨ)*

*e-mail :suraj@cbgaindia.org*

# ਵਸਤੂ ਤੇ ਸੇਵਾ ਕਰ ਅਤੇ ਵਪਾਰ ਕਰਨ ਦੀ ਸੌਖ ਉਤੇ ਇਸ ਦਾ ਪ੍ਰਭਾਵ

✍ ਦਾਨਿਸ਼ ਏ ਹਾਸ਼ਿਮ ਅਤੇ ਵਰਸ਼ਾ ਕੁਮਾਰੀ

## ਜਾਣ-ਪਛਾਣ

ਦੇਸ਼ ਵਿੱਚ ਸਭ ਤੋਂ ਅਹਿਮ ਕਰ ਸੁਧਾਰ ਦੀ 17 ਸਾਲ ਲੰਮੀ ਯਾਤਰਾ ਤੋਂ ਬਾਅਦ, ਜਿਸ ਵਿੱਚ ਵਿਚਾਰ ਚਰਚਾਵਾਂ, ਵਿਚਾਰ ਵਟਾਂਦਰੇ, ਬੈਠਕਾਂ, ਸਲਾਹਵਾਂ ਅਤੇ ਅਸਹਿਮਤੀਆਂ ਦੇ ਕਈ ਦੌਰ ਚੱਲੇ, ਵਸਤੂ ਤੇ ਸੇਵਾ ਕਰ ਭਾਰਤ ਵਿੱਚ 1 ਜੁਲਾਈ, 2017 ਤੋਂ ਲਾਗੂ ਹੋ ਗਿਆ। ਇਹ ਸਫਰ ਸੰਨ 2000 ਵਿੱਚ ਅਟੱਲ ਬਿਹਾਰੀ ਵਾਜਪਈ ਦੀ ਸਰਕਾਰ ਵੇਲੇ ਸ਼ੁਰੂ ਹੋਇਆ ਜਦੋਂ ਵਸਤੂ ਤੇ ਸੇਵਾ ਕਰ ਦੇ ਮਾਡਲ ਬਾਰੇ ਸੁਝਾਅ ਦੇਣ ਲਈ ਇਕ ਕਮੇਟੀ ਦਾ ਗਠਨ ਕੀਤਾ ਗਿਆ। ਇਸ ਤੋਂ ਬਾਅਦ 2003 ਵਿੱਚ ਵਿਜੇ ਕੇਲਕਰ ਦੀ ਅਗਵਾਈ ਹੇਠ ਇਕ ਟਾਸਕ ਫੋਰਸ ਦੀ ਸਥਾਪਨਾ ਕੀਤੀ ਗਈ। ਉਦੋਂ ਤੋਂ ਲੈ ਕੇ ਪਿੱਛੇ ਮੁੜ ਨਹੀਂ ਵੇਖਿਆ ਗਿਆ ਅਤੇ ਕੇਂਦਰ ਸਰਕਾਰ ਇਸ ਨੂੰ ਜਲਦੀ ਅਮਲ ਹੇਠ ਲਿਆਉਣ ਲਈ ਰਾਜ ਸਰਕਾਰਾਂ ਨਾਲ ਮਿਲ ਕੇ ਨਿਰੰਤਰ ਕੰਮ ਕਰਦੀ ਆ ਰਹੀ ਹੈ।

ਵਸਤੂ ਤੇ ਸੇਵਾ ਕਰ ਲਾਗੂ ਹੋਣ ਨਾਲ ਭਾਰਤ, ਜਰਮਨੀ, ਇਟਲੀ, ਯੂ.ਕੇ., ਦੱਖਣੀ ਕੋਰੀਆ, ਜਾਪਾਨ, ਕਨੇਡਾ, ਆਸਟ੍ਰੇਲੀਆ, ਰੂਸ, ਚੀਨ, ਸਿੰਗਾਪੁਰ ਅਤੇ ਮਲੇਸ਼ੀਆ ਵਰਗੇ 160 ਦੇਸ਼ਾਂ ਦੀ ਸੂਚੀ ਵਿੱਚ ਸ਼ੁਮਾਰ ਹੋ ਗਿਆ ਹੈ ਜਿਥੇ ਵਸਤੂ ਤੇ ਸੇਵਾ ਕਰ/ਵੈਟ ਨਿਜ਼ਾਮ ਲਾਗੂ ਕੀਤਾ ਜਾ ਚੁੱਕਾ ਹੈ। ਫਰਾਂਸ ਵਸਤੂ ਤੇ ਸੇਵਾ ਕਰ ਨਿਜ਼ਾਮ ਲਾਗੂ ਕਰਨ ਵਾਲਾ ਪਹਿਲਾ ਦੇਸ਼ ਸੀ ਜਦੋਂ ਕਰ ਚੋਰੀ ਦੀ ਸਮੱਸਿਆ ਨਾਲ ਸਿੱਝਣ ਲਈ 1954 ਵਿੱਚ ਹੀ ਇਸ ਵਲੋਂ ਜੀ ਐੱਸ ਟੀ ਲਾਗੂ ਕਰ ਦਿੱਤਾ ਗਿਆ ਸੀ। ਭਾਰਤ ਵਿੱਚ ਵਸਤੂ ਤੇ ਸੇਵਾ ਕਰ ਦੀ ਸ਼ੁਰੂਆਤ, ਵਪਾਰ ਕਰਨ ਦੀ ਸੌਖ ਦੇ ਮਾਮਲੇ ਵਿੱਚ ਭਾਰਤ ਦੀ ਦਰਜਾਬੰਦੀ ਸੁਧਾਰਨ ਦੀ ਦਿਸ਼ਾ ਵਿੱਚ ਇਕ ਵੱਡਾ ਕਦਮ ਹੈ। ਮੌਜੂਦਾ ਸਮੇਂ, ਵਿਸ਼ਵ ਬੈਂਕ ਦੀ ਵਪਾਰ ਕਰਨ ਦੀ ਸੌਖ ਬਾਰੇ ਰਿਪੋਰਟ ਵਿੱਚ 190 ਦੇਸ਼ਾਂ ਵਿੱਚੋਂ ਭਾਰਤ ਦਾ ਦਰਜਾ ਬਹੁਤ ਹੇਠਾਂ 130ਵਾਂ ਹੈ।

## ਵਸਤੂ ਤੇ ਸੇਵਾ ਕਰ ਨੂੰ ਸਮਝਣਾ

ਨਿਰਮਾਣਕਾਰਾਂ ਤੋਂ ਖਪਤਕਾਰਾਂ ਤੱਕ ਵਸਤਾਂ ਤੇ ਸੇਵਾਵਾਂ ਦੀ ਪੂਰਤੀ ਉਤੇ ਲੱਗਣ ਵਾਲਾ ਵਸਤੂ ਤੇ ਸੇਵਾ ਕਰ ਮੰਜ਼ਲ ਅਧਾਰਤ ਇਕਹਿਰਾ ਕਰ ਹੈ ਜਿਸ ਨੇ ਕੇਂਦਰ ਅਤੇ ਰਾਜ ਸਰਕਾਰਾਂ ਵਲੋਂ ਲਾਏ ਜਾਂਦੇ ਇਕ ਤੋਂ ਵੱਧ ਅਸਿੱਧੇ ਕਰਾਂ ਦੀ ਥਾਂ ਲਈ ਹੈ, ਸਿੱਟੇ ਵਜੋਂ ਦੇਸ਼ ਇਕ ਏਕੀਕ੍ਰਿਤ ਬਾਜ਼ਾਰ ਵਿੱਚ ਬਦਲ ਗਿਆ ਹੈ (ਤਾਲਿਕਾ-1)।

**ਹੋਰ ਫਾਇਦਿਆਂ ਦੇ ਨਾਲ-ਨਾਲ ਵਸਤੂ ਤੇ ਸੇਵਾ ਕਰ ਲਾਗੂ ਹੋਣ ਨਾਲ ਕਰ ਪਾਲਣਾ ਵਿੱਚ ਵਪਾਰ ਕਰਨ ਦੀ ਸੌਖ ਵਿੱਚ ਸੁਧਾਰ, ਕਰ ਤੇ ਕਰ ਲੱਗਣ ਨਾਲ ਕਰਾਂ ਦਾ ਬੋਝ ਘੱਟ ਹੋਣ, ਕਰ ਪ੍ਰਬੰਧਨ ਵਿੱਚ ਸੁਧਾਰ, ਕਰ ਚੋਰੀ ਵਿੱਚ ਕਮੀ, ਆਰਥਿਕਤਾ ਦੇ ਸੰਗਠਿਤ ਖੇਤਰ ਦਾ ਪਸਾਰ ਅਤੇ ਖਜ਼ਾਨੇ ਵਿੱਚ ਕਰ ਮਾਲੀਆ ਵਧਣ ਦੀ ਆਸ ਕੀਤੀ ਜਾਂਦੀ ਹੈ। ਇਸ ਨਾਲ ਉਦਯੋਗਿਕ ਉਤਪਾਦਾਂ ਲਈ ਅਦਾ ਕੀਤੇ ਜਾਂਦੇ ਕਰ ਘੱਟ ਹੋ ਗਏ ਹਨ, ਜੋ ਪਹਿਲਾਂ ਔਸਤ 25 ਤੋਂ 28 ਪ੍ਰਤਿਸ਼ਤ ਸਨ, ਉਹ ਹੁਣ ਘਟ ਕੇ 18 ਪ੍ਰਤਿਸ਼ਤ ਹੋ ਗਏ ਹਨ।**

ਵਸਤੂ ਤੇ ਸੇਵਾ ਕਰ 17 ਅਸਿੱਧੇ ਕਰਾਂ ਦੀ ਥਾਂ ਲਵੇਗਾ (8 ਕੇਂਦਰੀ +9 ਰਾਜ ਪੱਧਰੀ) ਅਤੇ ਕੇਂਦਰ ਅਤੇ ਰਾਜਾਂ ਵਲੋਂ ਲਾਏ ਜਾਂਦੇ 23 ਸੈਸ ਨੂੰ ਵੀ ਖਤਮ ਕਰ ਦੇਵੇਗਾ। ਇਸ ਨਾਲ ਇਕ ਤੋਂ ਵੱਧ ਰਿਟਰਨਾਂ ਅਤੇ ਸਮੀਖਿਆਵਾਂ ਦਾਖਲ ਕਰਨ ਦੀ ਜ਼ਰੂਰਤ ਖਤਮ ਹੋ ਜਾਵੇਗੀ ਅਤੇ ਉਤਪਾਦਕਾਂ ਤੋਂ ਖਪਤਕਾਰਾਂ ਤੱਕ ਪੂਰਤੀ ਲੜੀ ਲਈ ਲੱਗਣ ਵਾਲੇ ਵਸਤੂ ਤੇ ਸੇਵਾ ਕਰ ਤਰਕਸੰਗਤ ਹੋ ਜਾਣਗੇ। ਵਸਤੂ ਤੇ ਸੇਵਾ ਕਰ ਵਿੱਚ ਕੇਂਦਰੀ ਜੀ ਐੱਸ ਟੀ (ਸੀ ਜੀ ਐੱਸ ਟੀ) ਅਤੇ ਰਾਜ ਜੀ ਐੱਸ ਟੀ (ਐੱਸ ਜੀ ਐੱਸ ਟੀ) ਸ਼ਾਮਲ ਹਨ। ਕੇਂਦਰ ਅਤੇ ਰਾਜ ਸਰਕਾਰਾਂ ਵਲੋਂ ਪਿਛਲੇ ਸਮੇਂ ਵਿੱਚ ਲਾਏ ਜਾਂਦੇ ਕਰ ਜੀ ਐੱਸ ਟੀ ਵਿੱਚ ਜਜ਼ਬ ਹੋ ਗਏ ਹਨ। ਜੀ ਐੱਸ ਟੀ (ਸੀ ਜੀ ਐੱਸ ਟੀ + ਐੱਸ ਜੀ ਐੱਸ ਟੀ) ਮੁੱਲ ਵਾਧੇ ਦੇ ਹਰੇਕ ਪੜਾਅ ਉਤੇ ਲਾਇਆ ਜਾਂਦਾ ਹੈ ਅਤੇ ਪੂਰਤੀਕਾਰ ਮੁੱਲ ਲੜੀ ਦੇ ਪਿਛਲੇ ਪੜਾਵਾਂ ਵਿੱਚ ਲਾਗਤਾਂ ਉਤੇ ਲੱਗੇ ਕਰ ਦੀ ਭਰਪਾਈ ਟੈਕਸ ਕ੍ਰੈਡਿਟ ਤੰਤਰ ਰਾਹੀਂ ਕਰਦਾ ਹੈ। ਪੂਰਤੀ ਲੜੀ ਵਿਚਲਾ ਅਖੀਰਲਾ ਡੀਲਰ ਜੋੜੇ ਗਏ ਜੀ ਐੱਸ ਟੀ ਨੂੰ ਖਪਤਕਾਰ ਉਤੇ ਪਾ ਦਿੰਦਾ ਹੈ ਜਿਸ ਨਾਲ ਜੀ ਐੱਸ ਟੀ ਇਕ ਮੰਜ਼ਲ ਅਧਾਰਤ ਖਪਤਕਾਰ ਕਰ ਬਣ ਜਾਂਦਾ ਹੈ। ਮੁੱਲ ਲੜੀ ਦੇ ਹਰੇਕ ਪੜਾਅ ਉਤੇ ਇਨਪੁਟ ਕ੍ਰੈਡਿਟ ਲੈਣ ਦਾ ਪ੍ਰਾਵਧਾਨ ਜੀ ਐੱਸ ਟੀ ਤਹਿਤ ਟੈਕਸ ਦਰ ਟੈਕਸ ਲੱਗਣ ਦੇ ਪ੍ਰਭਾਵ ਤੋਂ ਬਚਣ ਵਿੱਚ ਮਦਦ ਕਰਦਾ ਹੈ ਜਿਸ ਨਾਲ ਵਸਤੂਆਂ ਦੀਆਂ ਕੀਮਤਾਂ ਘਟਣ ਅਤੇ ਖਪਤਕਾਰਾਂ ਨੂੰ ਲਾਭ ਮਿਲਣ ਦੀ ਆਸ ਕੀਤੀ ਜਾਂਦੀ ਹੈ। ਪਹਿਲੇ ਨਿਜ਼ਾਮ ਵਿੱਚ ਟੈਕਸ ਤੇ ਟੈਕਸ ਇਕ ਵੱਡਾ ਮੁੱਦਾ ਸੀ, ਜਿਸ ਨਾਲ ਉਤਪਾਦਨ ਦੀ ਲਾਗਤ ਵਧ ਜਾਂਦੀ ਸੀ। ਮਿਸਾਲ ਦੇ ਲਈ, ਇਕ ਨਿਰਮਾਤਾ 100 ਰੁਪਏ ਦੀ ਕਮੀਜ਼ ਉਤੇ 12 ਰੁਪਏ ਕੇਂਦਰੀ ਆਬਕਾਰੀ ਸ਼ੁਲਕ ਦਿੰਦਾ ਸੀ। ਅਗਲੇ ਪੜਾਅ ਉਤੇ ਰਾਜ ਸਰਕਾਰ 100 ਰੁਪਏ ਉਤੇ ਨਹੀਂ, ਸਗੋਂ 112

ਤਾਲਿਕਾ–1 : ਜੀ ਐੱਸ ਟੀ ਵਿੱਚ ਜਜ਼ਬ ਹੋਏ ਅਸਿੱਧੇ ਕਰ

| ਕ੍ਰਮ ਸੰ. | ਕੇਂਦਰ ਸਰਕਾਰ | ਰਾਜ ਸਰਕਾਰਾਂ |
|---|---|---|
| 1. | ਕੇਂਦਰੀ ਆਬਕਾਰੀ ਸ਼ੁਲਕ | ਰਾਜ ਵੈਟ |
| 2. | ਆਬਕਾਰੀ ਸ਼ੁਲਕ (ਔਸ਼ਧੀ ਮੂਲਕ ਅਤੇ ਟਾਇਲਟ ਤਿਆਰੀ) | ਕੇਂਦਰੀ ਵਿਕਰੀ ਕਰ |
| 3. | ਵਧੀਕ ਆਬਕਾਰੀ ਸ਼ੁਲਕ (ਵਿਸ਼ੇਸ਼ ਮਹੱਤਵ ਵਾਲੀਆਂ ਵਸਤਾਂ) | ਵਿਲਾਸਤਾ ਕਰ |
| 4. | ਵਧੀਕ ਆਬਕਾਰੀ ਸ਼ੁਲਕ (ਕੱਪੜਾ ਤੇ ਕੱਪੜਾ ਉਤਪਾਦ) | ਦਾਖਲਾ ਕਰ (ਹਰ ਪ੍ਰਕਾਰ ਦਾ) |
| 5. | ਵਧੀਕ ਸੀਮਾ ਸ਼ੁਲਕ (ਸੀ ਵੀ ਡੀ) | ਮਨੋਰੰਜਨ ਅਤੇ ਮਨਪ੍ਰਚਾਵਾ ਕਰ (ਸਿਰਫ ਸਥਾਨਕ ਸਰਕਾਰਾਂ ਵਲੋਂ ਲਗਾਏ ਕਰ ਨੂੰ ਛੱਡ ਕੇ) |
| 6. | ਵਿਸ਼ੇਸ਼ ਵਧੀਕ ਸੀਮਾ ਸ਼ੁਲਕ (ਐੱਸ ਏ ਡੀ) | ਇਸ਼ਤਿਹਾਰਬਾਜ਼ੀ ਉਤੇ ਕਰ |
| 7. | ਸੇਵਾ ਕਰ | ਖਰੀਦ ਕਰ |
| 8. | ਕੇਂਦਰੀ ਸਰਚਾਰਜ ਅਤੇ ਸੈਸ, ਜੋ ਵਸਤਾਂ ਤੇ ਸੇਵਾਵਾਂ ਦੀ ਪੂਰਤੀ ਨਾਲ ਸੰਬੰਧਿਤ ਹਨ | ਲਾਟਰੀ, ਸੱਟਾ ਅਤੇ ਜੂਏ ਉਤੇ ਕਰ |
| | | ਰਾਜ ਸਰਚਾਰਜ ਅਤੇ ਸੈਸ ਜੋ ਵਸਤਾਂ ਤੇ ਸੇਵਾਵਾਂ ਦੀ ਪੂਰਤੀ ਨਾਲ ਸੰਬੰਧ ਰੱਖਦੇ ਹਨ। |

*ਸਰੋਤ : ਸੀ ਬੀ ਈ ਸੀ*

ਰੁਪਏ ਉਤੇ 15 ਪ੍ਰਤਿਸ਼ਤ ਵੈਟ ਲਗਾ ਦਿੰਦੀ ਸੀ, ਜਿਸ ਨਾਲ ਟੈਕਸ ਉਤੇ ਟੈਕਸ ਲੱਗਣ ਦਾ ਮਾਮਲਾ ਬਣ ਜਾਂਦਾ ਸੀ।

ਰਾਜ ਵਿੱਚ ਵਸਤਾਂ ਤੇ ਸੇਵਾਵਾਂ ਦੀ ਬੇਰੋਕ ਆਵਾਜਾਈ ਨੂੰ ਸੁਲੱਭ ਬਣਾਉਣ ਲਈ, ਜੀ ਐੱਸ ਟੀ ਵਿੱਚ ਅੰਤਰ–ਰਾਜੀ ਲਾਂਘਿਆਂ ਉਤੇ ਲੱਗੇ ਕਰ ਨਾਕਿਆਂ ਨੂੰ ਹਟਾ ਕੇ ਏਕੀਕ੍ਰਿਤ ਜੀ ਐੱਸ ਟੀ ਦੀ ਸ਼ੁਰੂਆਤ ਕੇਂਦਰ ਵਲੋਂ ਕੀਤੀ ਗਈ ਹੈ ਅਤੇ ਅੰਤਰ–ਰਾਜੀ ਤਬਦੀਲੀਆਂ ਦੇ ਮਾਮਲੇ ਵਿੱਚ ਦੋ ਥਾਵਾਂ ਉਤੇ ਕਰ ਦੇਣ ਦੀ ਲੋੜ ਨੂੰ ਖਤਮ ਕਰ ਦਿੱਤਾ ਗਿਆ ਹੈ। ਪਾਲਣਾ ਦੇ ਬੋਝ ਨੂੰ ਸਰਲ ਕਰਨ ਦੇ ਨਾਲ–ਨਾਲ, ਇਸ ਨਾਲ ਲੈਣ–ਦੇਣ ਲਾਗਤ ਵਿੱਚ ਕਮੀ ਕਰਨ ਲਈ ਵੀ ਮਦਦ ਮਿਲੇਗੀ ਕਿਉਂਕਿ ਹਰੇਕ ਰਾਜ ਦੇ ਨਾਕਿਆਂ ਨੂੰ ਪਾਰ ਕਰਨ ਲਈ ਟਰੱਕਾਂ ਵਲੋਂ ਲਏ ਜਾਂਦੇ ਸਮੇਂ ਦੀ ਬਚਤ ਹੋ ਜਾਵੇਗੀ ਜੋ ਇਕ ਅੰਦਾਜ਼ੇ ਮੁਤਾਬਕ ਟਰੱਕਾਂ ਦੇ ਸਫਰ ਦਾ 60 ਪ੍ਰਤਿਸ਼ਤ ਸਮਾਂ ਖਾ ਜਾਂਦੇ ਹਨ।

ਜੀ ਐੱਸ ਟੀ ਚਾਰ ਪੜਾਵੀ ਕਰ ਢਾਂਚਾ ਹੈ – 5, 12, 18, 28 ਪ੍ਰਤਿਸ਼ਤ ਜਿਸ ਵਿੱਚ ਜ਼ਰੂਰੀ ਵਸਤਾਂ ਲਈ ਘੱਟ ਦਰਾਂ ਰੱਖੀਆਂ ਗਈਆਂ ਹਨ ਅਤੇ ਵਿਲਾਸਤਾ ਅਤੇ ਫਜ਼ੂਲ ਦੀਆਂ ਵਸਤਾਂ ਉਤੇ ਇਹ ਦਰ ਸਭ ਤੋਂ ਵੱਧ ਰੱਖੀ ਗਈ ਹੈ ਜਿਨ੍ਹਾਂ ਉਤੇ ਵਾਧੂ ਸੈੱਸ ਵੀ ਲਾਇਆ ਜਾਂਦਾ ਹੈ ਤਾਂ ਕਿ ਅਸਿੱਧੇ ਕਰਾਂ ਦੇ ਨੁਕਸਾਨ ਤੋਂ ਬਚਣ ਲਈ ਰਾਜਾਂ ਨੂੰ ਮੁਆਵਜ਼ਾ ਦਿੱਤਾ ਜਾ ਸਕੇ। ਖਪਤਕਾਰ ਕੀਮਤ ਸੂਚੀ (ਸੀ ਪੀ ਆਈ) ਸਮੂਹ ਦੀਆਂ ਲਗਭਗ 30–35 ਪ੍ਰਤਿਸ਼ਤ ਵੰਨਗੀਆਂ ਛੋਟ ਵਾਲੇ ਵਰਗ ਵਿੱਚ ਹਨ, ਜਿਸ ਨਾਲ ਜ਼ਰੂਰੀ ਚੀਜ਼ਾਂ ਦੀਆਂ ਕੀਮਤਾਂ ਕਾਬੂ ਹੇਠ ਰੱਖਣ ਵਿੱਚ ਸਹਾਇਤਾ ਮਿਲੇਗੀ। ਵਸਤਾਂ ਤੇ ਸੇਵਾਵਾਂ ਦੇ ਨਿਰਯਾਤ ਨੂੰ ਸਿਫਰ ਦਰ ਵਾਲੀ ਪੂਰਤੀ ਮੰਨਿਆ ਗਿਆ ਹੈ ਜਿਨ੍ਹਾਂ ਉਤੇ ਕੋਈ ਜੀ ਐੱਸ ਟੀ ਨਹੀਂ ਲਗੇਗਾ। ਇਹ ਯਕੀਨੀ ਬਣਾਉਣ ਲਈ ਵੀ ਕੋਸ਼ਿਸ਼ ਕੀਤੀ ਗਈ ਹੈ ਕਿ ਕੇਂਦਰ ਤੇ ਰਾਜ ਸਰਕਾਰਾਂ ਦੇ ਮਾਲੀਆ ਇਕੱਤਰ ਕਰਨ ਉਤੇ ਮਾੜਾ ਅਸਰ ਨਾ ਪਵੇ। ਜੀ ਐੱਸ ਟੀ ਤਹਿਤ ਸਾਰੀਆਂ ਵਸਤਾਂ ਵਿੱਚੋਂ ਲਗਭਗ 60 ਪ੍ਰਤਿਸ਼ਤ, 18 ਪ੍ਰਤਿਸ਼ਤ ਜਾਂ 28 ਪ੍ਰਤਿਸ਼ਤ ਦੀ ਕਰ ਦਰ ਹੇਠ ਆਉਂਦੀਆਂ ਹਨ ਅਤੇ ਲਗਭਗ 20 ਪ੍ਰਤਿਸ਼ਤ ਵਸਤਾਂ ਉਤੇ 28 ਪ੍ਰਤਿਸ਼ਤ ਦੀ ਦਰ ਨਾਲ ਜੀ ਐੱਸ ਟੀ ਵਸੂਲਿਆ ਜਾਂਦਾ ਹੈ, ਜਿਨ੍ਹਾਂ 'ਚ ਵਿਲਾਸਤਾ ਅਤੇ ਨਾਂਹ ਮੁਖੀ ਵਸਤਾਂ ਦੇ ਨਾਲ–ਨਾਲ ਚਾਕਲੇਟ, ਚਿੰਗਮ, ਸ਼ੈਂਪੂ, ਡੀਓਡ੍ਰੈਂਟ, ਰੰਗ ਆਦਿ ਉਤਪਾਦ ਸ਼ਾਮਲ ਹਨ। ਬਿਜਲੀ ਸ਼ੁਲਕ, ਸਟੈਂਪ ਡਿਊਟੀ, ਆਬਕਾਰੀ ਸ਼ੁਲਕ ਅਤੇ ਸ਼ਰਾਬ ਆਦਿ ਪੀਣ ਵਾਲੇ ਪਦਾਰਥਾਂ, ਪੈਟਰੋਲੀਅਮ ਉਤਪਾਦਾਂ (ਜਿਵੇਂ ਕੱਚਾ ਤੇਲ, ਕੁਦਰਤੀ ਗੈਸ, ਪੈਟਰੋਲ ਅਤੇ ਡੀਜ਼ਲ) ਉਤੇ ਲੱਗਣ ਵਾਲਾ ਵੈਟ, ਫਿਲਹਾਲ ਜੀ ਐੱਸ ਟੀ ਦੇ ਦਾਇਰੇ ਵਿੱਚੋਂ ਬਾਹਰ ਹਨ। ਉਹ ਵਾਪਰੀ, ਜੋ ਸਿਰਫ ਛੋਟ ਅਧੀਨ ਵਸਤਾਂ ਦਾ ਵਪਾਰ ਕਰਦੇ ਹਨ ਜਾਂ ਜਿਨ੍ਹਾਂ ਦਾ ਸਾਲਾਨਾ ਕਾਰੋਬਾਰ 20 ਲੱਖ ਰੁਪਏ ਤੋਂ ਘੱਟ ਹੈ ਅਤੇ ਜੋ ਅੰਤਰ–ਰਾਜੀ ਪੂਰਤੀ ਨਹੀਂ ਕਰਦੇ, ਉਨ੍ਹਾਂ ਨੂੰ ਜੀ ਐੱਸ ਟੀ ਲਈ ਰਿਟਰਨਾਂ ਭਰਨ ਤੋਂ ਛੋਟ ਹੈ।

ਕੁੱਲ ਮਿਲਾ ਕੇ, ਪ੍ਰਮੁੱਖ ਖੇਤਰਾਂ (ਜਿਵੇਂ ਖਪਤਕਾਰ ਟਿਕਾਊ, ਉਸਾਰੀ ਸਮੱਗਰੀ ਅਤੇ ਵਿਦੇਸ਼ ਵਿੱਚ ਬਣੀਆਂ ਖਪਤਕਾਰੀ ਵਸਤਾਂ) ਦੀਆਂ ਕੀਮਤਾਂ/ਲਾਗਤ ਤੇ ਅਲਪਕਾਲ ਵਿੱਚ ਮਾਮੂਲੀ ਜਿਹਾ ਅਸਰ ਪਵੇਗਾ ਕਿਉਂਕਿ ਉਨ੍ਹਾਂ ਉਤੇ ਕਰ ਦਰਾਂ ਆਮ ਕਰਕੇ ਪਹਿਲਾਂ ਵਾਲੀ ਕਰ ਦਰਾਂ ਦੇ ਮੁਤਾਬਕ ਹੀ ਹਨ। ਐੱਫ ਐੱਮ ਸੀ ਜੀ ਦੇ ਮਾਮਲੇ ਵਿੱਚ ਰਾਜ ਤੋਂ ਰਾਜ ਫਰਕ ਹੋਵੇਗਾ ਕਿਉਂਕਿ ਪਹਿਲਾਂ ਵੱਖ–ਵੱਖ ਰਾਜਾਂ ਵਿੱਚ ਵੈਟ ਦਰਾਂ ਵੱਖੋ–ਵੱਖ ਸਨ। ਪਹਿਲਾਂ ਵਧ ਕੇਂਦਰੀ ਵਿਕਰੀ ਦੇਣ ਵਾਲੇ ਵਪਾਰੀਆਂ ਨੂੰ ਵਸਤਾਂ ਦੀ ਅੰਤਰ–ਰਾਜੀ ਆਬਕਾਰੀ ਕਰਕੇ ਲਗਭਗ 2 ਪ੍ਰਤਿਸ਼ਤ ਦਾ ਲਾਭ ਹੋਵੇਗਾ। ਆਟੋਮੋਬਾਈਲ ਖੇਤਰ ਲਈ ਕਰ ਦੀ ਬੱਚਤ ਜ਼ਿਆਦਾ ਹੋਵੇਗੀ ਕਿਉਂਕਿ ਕਰ ਦੀ ਦਰ ਪਹਿਲਾਂ ਦੇ 50 ਪ੍ਰਤਿਸ਼ਤ ਤੋਂ ਘਟ ਕੇ 43 ਪ੍ਰਤਿਸ਼ਤ ਹੋ ਗਈ ਹੈ (28 ਪ੍ਰਤਿਸ਼ਤ ਜੀ ਐੱਸ ਟੀ + 15 ਪ੍ਰਤਿਸ਼ਤ ਸੈੱਸ)। ਕੁੱਲ ਮਿਲਾ ਕੇ, ਆਟੋਮੋਬਾਈਲ ਅਤੇ ਐੱਫ ਐੱਮ ਸੀ ਜੀ ਖੇਤਰਾਂ ਵਿੱਚ ਜੀ ਐੱਸ ਟੀ ਲਾਗੂ ਹੋਣ ਤੋਂ ਬਾਅਦ ਕੀਮਤਾਂ ਘੱਟ ਹੋ ਗਈਆਂ ਹਨ।

## ਵਪਾਰ ਕਰਨ ਦੀ ਸੌਖ ਤੇ ਜੀ ਐੱਸ ਟੀ ਦਾ ਪ੍ਰਭਾਵ

ਅਸਿੱਧੇ ਕਰਾਂ ਦੀ ਪਾਲਣਾ ਵਿੱਚ ਸਮੱਸਿਆ ਵਾਲੇ ਖੇਤਰਾਂ ਨੂੰ ਉਭਾਰਦਿਆਂ, ਜੋ ਭਾਰਤ ਵਿੱਚ ਵਪਾਰ ਕਰਨ ਦੀ ਸੌਖ ਉਤੇ ਬੁਰਾ ਪ੍ਰਭਾਵ ਪਾਉਂਦੇ ਹਨ, ਸੀ ਆਈ ਆਈ–ਕੇ ਪੀ ਐੱਮ ਜੀ (2014)



ਦੇ ਅਧਿਐਨ ਵਿੱਚ ਇਹ ਸਾਹਮਣੇ ਆਇਆ ਕਿ ਕੰਪਨੀਆਂ ਨੂੰ ਵੈਟ, ਆਬਕਾਰੀ ਸ਼ੁਲਕ, ਸੀਮਾ ਸ਼ੁਲਕ ਅਤੇ ਸੇਵਾ ਕਰ ਦੇ ਪੰਜੀਕਰਨ, ਵਸਤਾਂ ਦੀ ਆਵਾਜਾਈ, ਕਰ ਅਧਿਕਾਰੀਆਂ ਨਾਲ ਨਜਿੱਠਣ, ਕਰ ਝਗੜਿਆਂ ਦੇ ਨਿਪਟਾਰੇ, ਕਰ ਛੋਟਾਂ ਹਾਸਲ ਕਰਨ ਅਤੇ ਸਮੇਂ ਸਿਰ ਟੈਕਸ ਰਿਫੰਡ ਹਾਸਲ ਕਰਨ ਵਰਗੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਿਛਲੇ ਨਿਜ਼ਾਮ ਵਿੱਚ ਰਾਜਾਂ ਵਲੋਂ ਵੱਖ-ਵੱਖ ਕਰ ਲਾਏ ਜਾਂਦੇ ਸਨ, ਜਿਸ ਕਰਕੇ ਵਪਾਰੀਆਂ ਨੂੰ ਉੱਚ ਕਰ ਦਰਾਂ ਵਾਲੇ ਰਾਜਾਂ ਨਾਲ ਕੰਮ ਕਰਕੇ ਨੁਕਸਾਨ ਝੱਲਣਾ ਪੈਂਦਾ ਸੀ। ਅੰਤਰ-ਰਾਜੀ ਹੱਦਾਂ ਵਿੱਚ ਵਸਤਾਂ ਦੀ ਤਬਦੀਲੀ ਸਮੇਂ ਦੋਹਾਂ ਰਾਜਾਂ ਨੂੰ ਕਰ ਦੇਣਾ ਪੈਂਦਾ ਸੀ ਅਤੇ ਪਾਲਣਾ ਲਾਗਤ ਦਾ ਵੀ ਨੁਕਸਾਨ ਹੁੰਦਾ ਸੀ। ਵੱਖ-ਵੱਖ ਰਾਜਾਂ ਵਿੱਚ ਇਕਸਾਰ ਕਰ ਨਾ ਹੋਣ ਕਰਕੇ ਵਪਾਰਕ ਫੈਸਲਿਆਂ ਵਿੱਚ ਗ਼ੈਰ ਯਕੀਨੀ ਅਤੇ ਦੁਵਿਧਾ ਪੈਦਾ ਹੋ ਜਾਂਦੀ ਸੀ। ਵਸਤਾਂ ਤੇ ਸੇਵਾਵਾਂ ਉਤੇ ਲਾਏ ਕਰਾਂ 'ਤੇ, ਮੁੱਲ ਲੜੀ ਦੇ ਪਿਛਲੇ ਪੜਾਵਾਂ ਉਤੇ ਦਿੱਤੇ ਕਰਾਂ ਦੀ ਛੋਟ ਹਾਸਲ ਕਰਨ ਦਾ ਕੋਈ ਸਪੱਸ਼ਟ ਤੰਤਰ ਨਹੀਂ ਸੀ ਜਿਸ ਕਰਕੇ ਟੈਕਸਾਂ ਵਿੱਚ ਭਾਰੀ ਵਾਧਾ ਹੋ ਜਾਂਦਾ ਸੀ (ਟੈਕਸ ਉਤੇ ਟੈਕਸ)। ਜੀ ਐੱਸ ਟੀ ਉਤੇ ਪ੍ਰਭਾਵੀ ਅਮਲ ਨਾਲ ਇਨ੍ਹਾਂ ਸਾਰੇ ਮੁੱਦਿਆਂ ਦਾ ਹੱਲ ਹੋ ਜਾਵੇਗਾ ਅਤੇ ਕਰ ਪਾਲਣਾ ਨੂੰ ਸਰਲ ਬਣਾਉਣ ਨਾਲ ਵਸਤਾਂ ਦੀ ਅੰਤਰ-ਰਾਜੀ ਆਵਾਜਾਈ ਉਤੇ ਪਾਬੰਦੀਆਂ ਘੱਟ ਹੋ ਜਾਣਗੀਆਂ, ਕਰਾਂ ਦਾ ਬੋਝ ਘੱਟ ਹੋ ਜਾਵੇਗਾ, ਕਰਾਂ ਦਾ ਰਿਫੰਡ ਸਮੇਂ ਸਿਰ ਮਿਲ ਜਾਇਆ ਕਰੇਗਾ। ਸਿੱਟੇ ਵਜੋਂ, ਵਿਸ਼ਵ ਬੈਂਕ ਦੀ ਵਪਾਰ ਕਰਨ ਬਾਰੇ ਰਿਪੋਰਟ ਵਿੱਚ 'ਕਰ ਅਦਾ ਕਰਨ' ਬਾਰੇ ਦੇਸ਼ ਦੀ ਵਿਸ਼ਵ ਦਰਜਾਬੰਦੀ ਵਿੱਚ ਵੀ ਤੇਜ਼ੀ ਨਾਲ ਸੁਧਾਰ ਹੋਵੇਗਾ ਜੋ ਹੁਣ 190 ਦੇਸ਼ਾਂ ਵਿੱਚੋਂ ਬਹੁਤ ਮਾੜੀ 175ਵੇਂ ਥਾਂ ਉਤੇ ਹੈ।

ਵਪਾਰ ਕਰਨ ਦੀ ਸੌਖ ਬਾਰੇ ਜੀ ਐੱਸ ਟੀ ਦੇ ਮੁੱਖ ਲਾਭ ਹੇਠਾਂ ਦਿੱਤੇ ਜਾ ਰਹੇ ਹਨ :

- ***ਸਰਲ ਪਾਲਣਾ :*** ਪਿਛਲੇ ਕਰ ਨਿਜ਼ਾਮ ਵਿੱਚ ਵਪਾਰੀਆਂ ਨੂੰ ਬਹੁ-ਪ੍ਰਕਾਰੀ ਕਰਾਂ ਲਈ ਅਨੇਕ ਰਿਟਰਨਾਂ ਦਾਖਲ ਕਰਨੀਆਂ ਪੈਂਦੀਆਂ ਸਨ, ਕਈ ਅਧਿਕਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਸੀ ਅਤੇ ਵੱਖ-ਵੱਖ ਅਸਿੱਧੇ ਕਰਾਂ ਦੀ ਸਮੀਖਿਆ ਲਈ ਲੰਮੀਆਂ ਨੌਕਰਸ਼ਾਹੀ ਦੇਰੀਆਂ ਝੱਲਣੀਆਂ ਪੈਂਦੀਆਂ ਸਨ। ਸਾਰੇ ਅਸਿੱਧੇ ਕਰਾਂ ਦੇ ਇਕ ਕਰ ਵਿੱਚ ਸ਼ਾਮਲ ਹੋਣ ਕਰਕੇ ਜੀ ਐੱਸ ਟੀ ਨੇ ਵਪਾਰ ਲਈ ਪਾਲਣਾ ਬਹੁਤ ਸੌਖੀ ਕਰ ਦਿੱਤੀ ਹੈ। ਜੀ ਐੱਸ ਟੀ ਨੈੱਟਵਰਕ ਦਾ ਸੂਚਨਾ ਤਕਨੀਕ ਮੰਚ ਇਸਤੇਮਾਲ ਕਰਕੇ, ਜੋ ਕੇਂਦਰ ਅਤੇ ਰਾਜਾਂ ਦਰਮਿਆਨ ਸਾਂਝਾ ਸੂਚਨਾ ਤਕਨੀਕ ਦਾ ਢਾਂਚਾ ਹੈ ਜੋ ਜੀ ਐੱਸ ਟੀ ਦੇ ਸੁਚਾਰੂ ਕਾਰਜ ਲਈ ਭਰੋਸੇਯੋਗ ਅਤੇ ਨਿਪੁੰਨ ਸੂਚਨਾ ਤਕਨੀਕ ਦੀ ਰੀੜ੍ਹ ਦੀ ਹੱਡੀ ਹੈ, ਨਾਲ ਕਰ ਅਦਾ ਕਰਨ ਵਾਲੇ ਪੰਜੀਕਰਨ, ਰਿਟਰਨ ਦਾਖਲ ਕਰਨ, ਅਦਾਇਗੀਆਂ ਕਰਨ ਅਤੇ ਕਿਸੇ ਵੀ ਥਾਂ ਤੋਂ ਰਿਫੰਡ ਹਾਸਲ ਕਰਨ ਦੀ ਪ੍ਰਕਿਰਿਆ ਆਨਲਾਈਨ ਕਰ ਸਕਦੇ ਹਨ। ਇਸ ਦੇ ਲਈ ਉਨ੍ਹਾਂ ਨੂੰ ਕਰ ਅਧਿਕਾਰੀਆਂ ਕੋਲ ਜਾਣ ਦੀ ਲੋੜ ਨਹੀਂ। ਇਸ ਨਾਲ ਪਾਲਣਾ ਦੀ ਪ੍ਰਕਿਰਿਆ ਸੌਖੀ, ਪਾਰਦਰਸ਼ੀ, ਤੇਜ਼ ਅਤੇ ਕਾਗ਼ਜ਼ ਰਹਿਤ ਹੋ ਗਈ ਹੈ ਜਿਸ ਨਾਲ ਵਾਧੂ ਉਤਪਾਦਕਤਾ ਅਤੇ ਵਪਾਰਾਂ ਦੀ ਕੁਸ਼ਲਤਾ ਵਿੱਚ ਵਾਧਾ ਹੋਣ ਦਾ ਮੁੱਢ ਬੰਨ੍ਹਿਆ ਗਿਆ ਹੈ।

- ***ਵਸਤਾਂ ਦੀ ਸੌਖੀ ਅੰਤਰ-ਰਾਜੀ ਆਵਾਜਾਈ:*** ਪਹਿਲਾਂ ਆਵਾਜਾਈ ਵਾਲੇ ਵਾਹਨਾਂ ਨੂੰ ਵੱਖ-ਵੱਖ ਰਾਜਾਂ ਦੇ ਨਾਕਿਆਂ ਉਤੇ ਵਸਤਾਂ ਦੀ ਅੰਤਰ-ਰਾਜੀ ਆਵਾਜਾਈ ਉਤੇ ਲਗਦੇ ਕਰ ਅਦਾ ਕਰਨ ਲਈ ਬਹੁਤ ਦੇਰ ਹੋ ਜਾਂਦੀ ਸੀ। ਜੀ ਐੱਸ ਟੀ ਨੇ ਦਾਖਲਾ ਕਰ ਅਤੇ ਚੁੰਗੀ ਜਿਹੇ ਅਨੇਕ ਅਸਿੱਧੇ ਕਰਾਂ ਨੂੰ ਖਤਮ ਕਰਕੇ ਇਸ ਨੂੰ ਪੂਰੀ ਤਰ੍ਹਾਂ ਖਤਮ ਕਰ ਦਿੱਤਾ ਹੈ। ਇਸ ਨਾਲ ਵਪਾਰ ਲਈ ਪ੍ਰਬੰਧਨ ਲਾਗਤਾਂ (ਪੈਸਾ ਅਤੇ ਸਮਾਂ) ਅਤੇ ਖਪਤਕਾਰਾਂ ਲਈ ਕੀਮਤਾਂ ਵਿੱਚ ਕਮੀ ਆਵੇਗੀ। ਸਾਰੇ ਰਾਜਾਂ ਦੀਆਂ ਹੱਦਾਂ ਉਤੇ ਨਾਕੇ ਜੀ ਐੱਸ ਟੀ ਲਾਗੂ ਹੋਣ ਉਪਰੰਤ ਖਤਮ ਕਰ ਦਿੱਤੇ ਗਏ ਹਨ ਅਤੇ ਇਸ ਗੱਲ ਦੇ ਸਬੂਤ ਹਨ ਕਿ ਟਰੱਕਾਂ ਦਾ ਸਫਰ ਦਾ ਸਮਾਂ ਕਾਫੀ ਘਟ ਗਿਆ ਹੈ।

- ***ਸਾਰਿਆਂ ਲਈ ਇਕ ਸਥਾਨ :*** ਜੀ ਐੱਸ ਟੀ ਨੈੱਟਵਰਕ ਕਰਦਾਤਿਆਂ ਦੇ ਕਰ ਅਧਿਕਾਰੀਆਂ ਨਾਲ ਸੰਪਰਕ/ਸੰਵਾਦ ਲਈ ਇਕ ਹੀ ਮੰਚ ਪ੍ਰਦਾਨ ਕਰਦਾ ਹੈ ਜਿਥੇ ਮਤਭੇਦ ਸੁਲਝਾਏ ਜਾ ਸਕਦੇ ਹਨ। ਪੂਰਤੀਕਾਰਾਂ, ਖਰੀਦਦਾਰਾਂ ਅਤੇ ਕਰ ਅਧਿਕਾਰੀਆਂ ਦੀ ਸਾਰੀ ਪ੍ਰਸੰਗਿਕ ਜਾਣਕਾਰੀ ਤੱਕ ਪਹੁੰਚ ਹੋਣ ਕਰਕੇ, ਰਸੀਦਾਂ ਦੀ ਤੁਲਨਾ ਕਰਨਾ ਅਤੇ ਮਿਲਾਉਣਾ ਅਸਾਨ ਹੋਵੇਗਾ। ਨਾਲ ਹੀ, ਇਨਪੁਟ ਟੈਕਸ ਕ੍ਰੈਡਿਟ ਲਈ ਸਾਰੀਆਂ ਰਸੀਦਾਂ ਮਿਲਾਉਣ ਦੀ ਜ਼ਰੂਰਤ ਹੈ ਤਾਂ ਕਿ ਕ੍ਰੈਡਿਟ ਲਿਆ ਜਾ ਸਕੇ, ਇਹ ਸਿੱਧੀ ਜ਼ਿੰਮੇਵਾਰੀ ਖਰੀਦਦਾਰ ਦੀ ਬਣਾ ਦੇਵੇਗਾ ਕਿ ਪੂਰਤੀਕਾਰ ਰਿਟਰਨਾਂ ਦਾਖਲ ਕਰਨ ਅਤੇ ਸਮੇਂ ਸਿਰ ਟੈਕਸ ਭਰਨ।

- ***ਕਰਾਂ ਦੇ ਬੋਝ ਵਿੱਚ ਕਮੀ :*** ਪਿਛਲੇ ਨਿਜ਼ਾਮ ਦੇ ਉਲਟ, ਜੀ ਐੱਸ ਟੀ ਮੁੱਲ ਲੜੀ ਦੇ ਪਿਛਲੇ ਪੜਾਵਾਂ ਉਤੇ ਕੱਚੇ ਮਾਲ ਅਤੇ ਲਾਗਤਾਂ ਉਤੇ ਲੱਗੇ ਕਰਾਂ ਦਾ ਕ੍ਰੈਡਿਟ ਲੈਣ ਦੀ ਆਗਿਆ ਦਿੰਦਾ ਹੈ ਜੋ ਟੈਕਸ ਉਤੇ ਟੈਕਸ ਲੱਗਣ ਦੇ ਬੋਝ ਨੂੰ ਘੱਟ ਕਰ ਦਿੰਦਾ ਹੈ। ਕਿਉਂਕਿ ਹੁਣ ਇਕ ਨਿਰਮਾਣਕਾਰ ਪ੍ਰਕਿਰਿਆ ਦੇ ਇਕ ਖ਼ਾਸ ਪੜਾਅ ਉਤੇ ਕੀਤੇ ਮੁੱਲ ਵਾਧੇ ਉਤੇ ਹੀ ਕਰ ਅਦਾ

ਕਰਦਾ ਹੈ ਬਜਾਇ ਕਿ ਉਤਪਾਦਾਂ ਦੀ ਕੁੱਲ ਲਾਗਤ ਦੇ, ਇਸ ਲਈ ਕਰਾਂ ਦਾ ਬੋਝ ਵੀ ਘਟ ਜਾਵੇਗਾ।

• ***ਸਾਂਝੇ ਬਾਜ਼ਾਰ ਦਾ ਨਿਰਮਾਣ ਕਰਦਾ ਹੈ :*** ਕੱਚਾ ਮਾਲ ਹਾਸਲ ਕਰਨ, ਨਿਰਮਾਣ ਦੇ ਸਥਾਨ ਅਤੇ ਗੁਦਾਮ ਦੀਆਂ ਸਹੂਲਤਾਂ ਅਤੇ ਉਤਪਾਦਨ ਦੀ ਵਿਕਰੀ ਬਾਰੇ ਨਿਰਮਾਣਕਾਰ ਹੁਣ ਜ਼ਿਆਦਾ ਤਰਕਸੰਗਤ ਫੈਸਲੇ ਲੈ ਸਕਣਗੇ ਕਿਉਂਕਿ ਭਾਰਤ ਜੀ ਐੱਸ ਟੀ ਲਾਗੂ ਹੋਣ ਤੋਂ ਬਾਅਦ ਇਕ ਸਾਂਝਾ ਤੇ ਵੱਡਾ ਬਾਜ਼ਾਰ ਬਣ ਗਿਆ ਹੈ। ਪ੍ਰਕਿਰਿਆ ਅਤੇ ਕੇਂਦਰੀ ਪੰਜੀਕਰਨ ਵਿੱਚ ਇਕਸਾਰਤਾ ਰਾਜਾਂ ਵਿੱਚ ਵਪਾਰ ਦੇ ਪਸਾਰ ਨੂੰ ਹੋਰ ਸੌਖਾ ਤੇ ਸਰਲ ਬਣਾ ਦੇਵੇਗੀ।

• ***ਨਿਰਯਾਤ ਮੁਕਾਬਲੇਬਾਜ਼ੀ ਵਿੱਚ ਵਾਧਾ ਕਰਨਾ :*** ਪਿਛਲੇ ਕਰ ਨਿਜ਼ਾਮ ਵਿੱਚ, ਦੋਹਰੇ ਕਰਾਂ ਕਰਕੇ, ਕਰਾਂ ਦਾ ਇਕ ਭਾਗ ਅਸੀਂ ਨਿਰਯਾਤ ਕਰ ਦਿੰਦੇ ਸਾਂ, ਜੋ ਕਰ ਪਾਲਣਾ ਲਈ ਉੱਚ ਲੈਣ-ਦੇਣ ਲਾਗਤ ਨਾਲ ਮਿਲ ਕੇ ਵਿਸ਼ਵ ਬਾਜ਼ਾਰ ਵਿੱਚ ਭਾਰਤ ਦੀ ਮੁਕਾਬਲੇਬਾਜ਼ੀ ਨੂੰ ਖੋਰਾ ਲਾਉਂਦਾ ਸੀ। ਟੈਕਸ ਉਤੇ ਟੈਕਸ ਲੱਗਣ ਤੋਂ ਛੁਟਕਾਰਾ ਪਾ ਕੇ ਅਤੇ ਕਰ ਪਾਲਣਾ ਦੇ ਬੋਝ ਨੂੰ ਘੱਟ ਕਰਕੇ, ਜੀ ਐੱਸ ਟੀ ਨਿਰਯਾਤ ਨੂੰ ਹੁਲਾਰਾ ਦੇਣ ਵਿੱਚ ਮਦਦਗਾਰ ਹੋ ਸਕਦਾ ਹੈ, ਜਿਵੇਂ ਕਿ ਅਨੇਕ ਅਰਥਚਾਰਿਆਂ ਵਿੱਚ ਵਾਪਰਿਆ ਹੈ, ਜਿਵੇਂ ਨਿਊਜ਼ੀਲੈਂਡ ਅਤੇ ਆਸਟ੍ਰੇਲੀਆ। ਉਦਾਹਰਨ ਦੇ ਲਈ, ਨਿਊਜ਼ੀਲੈਂਡ ਦਾ ਨਿਰਯਾਤ 1986 ਵਿੱਚ ਜੀ ਐੱਸ ਟੀ ਲਾਗੂ ਕਰਨ ਦੇ ਇਕ ਸਾਲ ਬਾਅਦ ਹੀ 22 ਪ੍ਰਤਿਸ਼ਤ ਤੋਂ ਜ਼ਿਆਦਾ ਵਧ ਗਿਆ।

• ***ਸਰੋਤਾਂ ਦੀ ਵੰਡ ਵਿੱਚ ਵਿਤਕਰੇ ਨੂੰ ਘੱਟ ਕਰਨਾ :*** ਵਪਾਰ ਵਿੱਚ ਇਕ ਆਦਤ ਹੁੰਦੀ ਹੈ ਕਿ ਉਹ ਅਜਿਹੇ ਰਾਜ ਅਤੇ ਖੇਤਰ ਵਿੱਚ ਸਰੋਤ ਵੰਡਦੇ ਹਨ ਜੋ ਮਨਪਸੰਦ ਕਰ ਪਾਲਣਾ ਅਤੇ ਦਰਾਂ ਪੇਸ਼ ਕਰਦੇ ਹੋਣ, ਜਿਸ ਕਰਕੇ ਦੂਜੇ ਅਸਿੱਧੇ ਪੱਖ/ਲਾਭ ਅੱਖੋਂ ਪਰੋਖੇ ਰਹਿ ਜਾਂਦੇ ਹਨ। ਇਸ ਨਾਲ ਸਰੋਤਾਂ ਦੀ ਵੰਡ ਅਤੇ ਪੂਰਤੀ ਵਿੱਚ ਵਿਗਾੜ ਪੈਦਾ ਹੁੰਦੇ ਹਨ, ਜਿਸ ਨਾਲ ਕਿਸੇ ਇਕਾਈ ਦੀ ਸਮੁੱਚੀ ਮੁਕਾਬਲੇਬਾਜ਼ੀ ਨੂੰ ਢਾਹ ਲਗਦੀ ਹੈ। ਜੀ ਐੱਸ ਟੀ ਦੇਸ਼ ਵਿੱਚ ਕਰ ਨਿਰਪੱਖ ਵਾਤਾਵਰਨ ਵਿੱਚ ਵਪਾਰ ਕਰਨ ਲਈ ਸਹਾਇਤਾ ਕਰਕੇ, ਬਿਨਾਂ ਵਪਾਰ ਦੇ ਸਥਾਨ ਬਾਰੇ ਸੋਚਿਆ ਖੇਤਰ ਅਤੇ ਰਾਜ ਦੀ ਭਿੰਨਤਾ ਨੂੰ ਘੱਟ ਤੋਂ ਘੱਟ ਰੱਖ ਕੇ, ਇਸ ਮੁੱਦੇ ਦਾ ਹੱਲ ਕਰਦਾ ਹੈ ਅਤੇ ਪਾਲਣਾ ਅਤੇ ਦਰਾਂ ਸੰਬੰਧਿਤ ਮੁੱਦਿਆਂ ਦਾ ਵੀ ਸਮਾਧਾਨ ਕਰਦਾ ਹੈ।



• ***ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਲਈ ਵਪਾਰ ਕਰਨ ਦੀ ਸੌਖ ਵਿੱਚ ਸੁਧਾਰ:*** ਪਿਛਲੇ ਕਰ ਸ਼ਾਸਨ ਵਿੱਚ 5 ਲੱਖ ਸਾਲਾਨਾ ਕਾਰੋਬਾਰ ਵਾਲੇ ਐੱਮ ਐੱਸ ਐੱਮ ਈਜ਼ ਨੂੰ ਵੈਟ ਲਈ ਪੰਜੀਕ੍ਰਿਤ ਹੋਣਾ ਜ਼ਰੂਰੀ ਸੀ। ਇਕ ਤੋਂ ਜ਼ਿਆਦਾ ਰਾਜਾਂ ਵਿੱਚ ਸੰਚਾਲਨ ਦੇ ਮਾਮਲੇ ਵਿੱਚ, ਕਾਰੋਬਾਰਾਂ ਨੂੰ ਵੱਖ-ਵੱਖ ਕਰ ਦਰਾਂ ਨਿਯਮਾਂ ਅਤੇ ਪ੍ਰਕਿਰਿਆਵਾਂ ਦਾ ਵੱਖ-ਵੱਖ ਰਾਜਾਂ ਵਿੱਚ ਪਾਲਣ ਕਰਨਾ ਪੈਂਦਾ ਸੀ। ਇਸ ਨਾਲ ਨਾ ਸਿਰਫ ਐੱਮ ਐੱਸ ਐੱਮ ਈਜ਼ ਉਤੇ ਉੱਚ ਪਾਲਣ ਦਾ ਬੋਝ ਪੈਂਦਾ ਸੀ, ਸਗੋਂ ਬਹੁਤ ਸਾਰਿਆਂ ਨੂੰ ਕਰ ਪਾਲਣਾ ਕਰਨ ਲਈ ਪੇਸ਼ੇਵਰ ਲੋਕਾਂ ਦੀਆਂ ਸੇਵਾਵਾਂ ਵੀ ਲੈਣੀਆਂ ਪੈਂਦਿਆਂ ਸਨ। ਜੀ ਐੱਸ ਟੀ ਨੇ ਸਾਰੇ ਰਾਜਾਂ ਵਿੱਚ ਇਕਸਮਾਨ, ਆਨਲਾਈਨ, ਤੇਜ਼ ਅਤੇ ਪਾਰਦਰਸ਼ੀ ਕਰ ਪ੍ਰਸ਼ਾਸਨ ਮੁਹੱਈਆ ਕਰਵਾਇਆ ਹੈ ਜਿਸ ਨਾਲ ਪਾਲਣਾ ਕਰਨੀ ਹੋਰ ਵੀ ਸੌਖੀ ਹੋ ਜਾਵੇਗੀ ਅਤੇ ਪੈਸੇ ਦੀ ਬਚਤ ਵੀ ਹੋਵੇਗੀ। ਐੱਮ ਐੱਸ ਐੱਮ ਈਜ਼ ਨੂੰ ਵੀ ਜੀ ਐੱਸ ਟੀ ਤਹਿਤ ਕਰਾਂ ਉਤੇ ਇਨਪੁਟ ਟੈਕਸ ਕ੍ਰੈਡਿਟ ਪ੍ਰਾਵਧਾਨ ਤੋਂ ਲਾਭ ਪੁੱਜੇਗਾ, ਜਿਸ ਨਾਲ ਉਨ੍ਹਾਂ ਨੂੰ ਹੋਰ ਜ਼ਿਆਦਾ ਮੁਕਾਬਲੇ ਵਾਲੇ ਬਣਨ ਵਿੱਚ ਸਹਾਇਤਾ ਮਿਲੇਗੀ।

## ਅਗਾਂਹ ਦਾ ਰਸਤਾ

ਜੀ ਐੱਸ ਟੀ ਵਪਾਰ ਕਰਨ ਦੀ ਸੌਖ ਵਿੱਚ ਸੁਧਾਰ ਕਰਨ, ਉਤਪਾਦਕਾਂ ਅਤੇ ਖਪਤਕਾਰਾਂ ਲਈ ਕਰਾਂ ਦਾ ਬੋਝ ਘੱਟ ਕਰਨ ਅਤੇ ਸਰਕਾਰਾਂ ਦੀ ਕਰ ਇਕੱਤਰਤਾ ਵਿੱਚ ਵਾਧਾ ਕਰਨ ਦਾ ਵਾਅਦਾ ਕਰਦਾ ਹੈ।

**ਇਸ ਸੁਧਾਰ ਦਾ ਅਰਥਚਾਰੇ ਦੀਆਂ ਸਾਰੀਆਂ ਤਿੰਨ ਧਿਰਾਂ ਦੀਆਂ ਜ਼ਿੰਦਗੀਆਂ ਉਤੇ ਵਿਆਪਕ ਪ੍ਰਭਾਵ ਪਵੇਗਾ। ਖਪਤਕਾਰ, ਉਤਪਾਦਕ ਅਤੇ ਸਰਕਾਰ, ਇਹ ਸਾਰੀਆਂ ਰਾਜ ਸਰਕਾਰਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਸਹਿਕਾਰੀ ਸੰਘਵਾਦ ਦੀ ਮਿਸਾਲੀ ਭਾਵਨਾ ਵਿੱਚ ਇਕਜੁਟ ਕਰੇਗਾ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਭਾਰਤ ਸਰਕਾਰ ਨੂੰ, ਸਾਰੇ ਹਿਤਧਾਰਕਾਂ ਨੂੰ ਇਕ ਮੰਚ ਉਤੇ ਲਿਆਉਣ ਅਤੇ ਜੀ ਐੱਸ ਟੀ ਨੂੰ ਸਭ ਲਈ ਅੱਛਾ ਤੇ ਸਥਿਰ ਬਣਾਉਣ ਲਈ ਮੁਬਾਰਕਬਾਦ ਦੇਣੀ ਬਣਦੀ ਹੈ।**

ਵਪਾਰ ਕਰਨ ਦੀ ਸੌਖ ਬਾਰੇ ਜੀ ਐੱਸ ਟੀ ਦੇ ਆਗਾਜ਼ ਦੇ ਹਾਂ-ਪੱਖੀ ਪ੍ਰਭਾਵਾਂ ਬਾਰੇ ਕੋਈ ਵੀ ਸ਼ੱਕ ਨਹੀਂ ਹੈ। ਵਪਾਰ ਲਈ ਪ੍ਰਤੱਖ ਲਾਭਾਂ ਵਿੱਚ ਘਟੀ ਹੋਈ ਪਾਲਣਾ ਲਾਗਤ, ਕਰ ਬੋਝ ਵਿੱਚ ਕਮੀ ਅਤੇ ਅਨੇਕ ਹੋਰਨਾਂ ਤੋਂ ਇਲਾਵਾ ਸਾਰੇ ਰਾਜਾਂ ਵਿੱਚ ਵਸਤਾਂ ਦੀ ਸੌਖੀ ਆਵਾਜਾਈ ਆਦਿ ਸ਼ਾਮਲ ਹਨ। ਅਜਿਹੇ ਵਿਆਪਕ ਸੁਧਾਰ ਨੂੰ ਸਫਲਤਾ ਸਹਿਤ ਲਾਗੂ ਕਰਨ ਤੋਂ ਬਾਅਦ ਹੁਣ ਜੀ ਐੱਸ ਟੀ ਨੂੰ ਨਿਰੰਤਰ ਅਗੇ ਪੱਧਰ ਤੱਕ

ਲਿਜਾਣ ਲਈ ਯਤਨ ਕਰਨੇ ਬਣਦੇ ਹਨ। ਸਾਨੂੰ ਆਪਣੀਆਂ ਕੋਸ਼ਿਸ਼ਾਂ ਇਸ ਦਿਸ਼ਾ ਵੱਲ ਕਰਨੀਆਂ ਹੋਣਗੀਆਂ ਕਿ ਜੀ ਐੱਸ ਟੀ 'ਇਕ ਦੇਸ਼ ਇਕ ਕਰ' ਦੇ ਮੂਲ ਮੰਤਰ ਉਤੇ ਸਹੀ ਅਰਥਾਂ ਵਿੱਚ ਖਰਾ ਉੱਤਰੇ, ਜਿਸ ਤਹਿਤ ਬਹੁ-ਪ੍ਰਕਾਰੀ ਦਰਾਂ ਅਤੇ ਅਨੇਕ ਨਜ਼ਰ ਅੰਦਾਜ਼ ਕਰਨ ਯੋਗ ਛੋਟਾਂ ਦੇ ਹਾਲਾਤ ਤੋਂ ਛੁਟਕਾਰਾ ਪਾਇਆ ਜਾ ਸਕੇ। ਉਦਯੋਗਾਂ ਅਤੇ ਦੂਜੇ ਹਿਤਧਾਰਕਾਂ ਤੋਂ ਨਿਯਮਤ ਹੁੰਗਾਰੇ ਪ੍ਰਾਪਤ ਕਰਨ ਲਈ ਮੰਚ ਉਤੇ ਤੰਤਰ ਦਾ ਨਿਰਮਾਣ ਕਰਨਾ ਵੀ ਬਹੁਤ ਮਦਦਗਾਰ ਸਾਬਤ ਹੋਵੇਗਾ। ਨਾਲ ਦੀ ਨਾਲ, ਰਾਜ ਸਰਕਾਰਾਂ ਅਤੇ ਸਥਾਨਕ ਸਭਾਵਾਂ ਨੂੰ ਜੀ ਐੱਸ ਟੀ ਉਤੇ ਵੱਧ ਤੋਂ ਵੱਧ ਲਾਭ ਹਾਸਲ ਕਰਨ ਦੇ ਹਿੱਤ ਵਿੱਚ ਵੱਖ-ਵੱਖ ਅਸਿੱਧੇ ਕਰਾਂ ਦੇ ਰੂਪ ਵਿੱਚ ਵਾਧੂ ਸ਼ੁਲਕ ਲਾਉਣ ਤੋਂ ਰੋਕਣ ਲਈ ਵੀ ਰਾਜ਼ੀ ਕੀਤਾ ਜਾਣਾ ਚਾਹੀਦਾ ਹੈ। ਜੀ ਐੱਸ ਟੀ ਦਾ ਦਾਇਰਾ ਵਿਸ਼ਾਲ ਕਰਨ ਅਤੇ ਅਸੰਗਠਿਤ ਖੇਤਰ ਨੂੰ ਇਸ ਮੰਚ ਵਿੱਚ ਸ਼ਾਮਲ ਕਰਲ ਦੇ ਯਤਲ ਜਾਰੀ ਰਹਿਣੇ ਚਾਹੀਦੇ ਹਨ ਜੋ ਇਕ ਹੋਰ ਅਹਿਮ ਟੀਚਾ ਹੋਵੇਗਾ। ਸਿੰਗਾਪੁਰ ਅਤੇ ਮਲੇਸ਼ੀਆ ਵਾਂਗ, ਜਿਥੇ ਜੀ ਐੱਸ ਟੀ ਦਰ ਕ੍ਰਮਵਾਰ 7 ਪ੍ਰਤਿਸ਼ਤ ਅਤੇ 6 ਪ੍ਰਤਿਸ਼ਤ ਹੈ, ਭਾਰਤ ਨੂੰ ਵੀ ਤੇਜ਼ੀ ਨਾਲ ਇਕ ਦਰ ਵੱਲ ਵਧਣਾ ਚਾਹੀਦਾ ਹੈ ਜੋ ਘੱਟ ਹੋਵੇ ਅਤੇ ਸੰਭਵਤਾ ਘੱਟ ਤੋਂ ਘੱਟ ਛੋਟਾਂ ਵਾਲੀ ਹੋਵੇ। ਇਹ ਵੀ ਮਹੱਤਵਪੂਰਨ ਹੈ ਕਿ ਅੱਗੇ ਵਧਦਿਆਂ ਇਸ ਮਾਡਲ ਨੂੰ ਸਾਰੇ ਰਾਜਾਂ ਵਿੱਚ ਵੱਖੋ-ਵੱਖ ਪੰਜੀਕਰਨ ਅਤੇ ਕਰ ਦਾਖਲ ਕਰਨ ਦਾ ਝੰਜਟ ਖਤਮ ਕਰ ਦੇਣਾ ਚਾਹੀਦਾ ਹੈ, ਜਿਹੜੇ ਵਪਾਰ ਵੱਖ-ਵੱਖ ਰਾਜਾਂ ਵਿੱਚ ਕੰਮ ਕਰ ਰਹੇ ਹਨ। ਅਜਿਹੇ ਕਦਮ ਭਾਰਤ ਵਿੱਚ ਵਪਾਰ ਕਰਨ ਦੀ ਸੌਖ ਵਿੱਚ ਹੋਰ ਸੁਧਾਰ ਕਰਨ ਦੀਆਂ ਸੰਭਾਵਨਾਵਾਂ ਤਲਾਸ਼ਣ ਲਈ ਮਹੱਤਵਪੂਰਨ ਹੋਣਗੇ ਜੋ ਵਿਸ਼ਵ ਵਿੱਚ ਸਮੁੱਚੀ ਮੁਕਾਬਲੇਬਾਜ਼ੀ ਵਿੱਚ ਵੀ ਵਾਧਾ ਕਰਨਗੇ ਅਤੇ ਜੋ ਸਰਕਾਰ ਦੇ ਮੇਕ ਇਨ ਇੰਡੀਆ ਪ੍ਰੋਗਰਾਮ ਦੀ ਸਫਲਤਾ ਲਈ ਵੀ ਅਹਿਮ ਹਨ। ਜੀ ਐੱਸ ਟੀ ਉਤੇ ਅਮਲ ਦੀ ਲੰਮੀ ਯਾਤਰਾ ਪੂਰੀ ਕਰਨ ਤੋਂ ਬਾਅਦ ਹੁਣ ਸਾਨੂੰ ਤੇਜ਼ੀ ਨਾਲ ਨਵਾਂ ਸਫਰ ਸ਼ੁਰੂ ਕਰਨ ਦੀ ਲੋੜ ਹੈ ਤਾਂ ਕਿ ਯਕੀਨੀ ਬਣਾਇਆ ਜਾ ਸਕੇ ਕਿ ਇਸ ਉਤੇ ਅਮਲ ਵਿਸ਼ਵ ਵਿੱਚ ਸਭ ਤੋਂ ਆਲ੍ਹਾ ਦਰਜੇ ਦਾ ਹੋਵੇ।

**ਰੀਫੰਡ ਦਾਅਵਿਆਂ ਲਈ ਮਾਨਕੀਕਰਨ ਰੂਪ**



ਦਾਅਵਾ ਅਤੇ ਸਵੀਕ੍ਰਿਤੀ ਪ੍ਰਕਿਰਿਆ ਪੂਰਣ: ਆਨਲਾਈਨ ਅਤੇ ਸਮਾਬੱਧ ਹੋਵੇਗੀ

ਰੀਫੰਡ ਦਾਅਵਾ ਸਿੱਧੇ ਆਵੇਦਕ ਦੇ ਬੈਂਕ ਖਾਤੇ ਵਿੱਚ ਜਮ੍ਹਾਂ ਕੀਤਾ ਜਾਵੇਗਾ


*(ਲੇਖਕ ਦਾਨਿਸ਼ ਏ ਹਾਸ਼ਿਮ ਕਾਨਫੈਡਰੇਸ਼ਨ ਆਫ ਇੰਡੀਅਨ ਇੰਡਸਟਰੀ (ਸੀ ਆਈ ਆਈ), ਨਵੀਂ ਦਿੱਲੀ ਵਿੱਚ ਅਸਾਨੀ ਨਾਲ ਵਪਾਰ ਕਰਨ ਅਤੇ ਆਰਥਿਕ ਮਾਮਲਿਆਂ ਬਾਰੇ ਵਿਭਾਗ ਦੇ ਮੁਖੀ ਹਨ। ਵਰਸ਼ਾ ਕੁਮਾਰੀ, ਸੀ ਆਈ ਆਈ ਨਵੀਂ ਦਿੱਲੀ ਦੇ ਅਸਾਨੀ ਨਾਲ ਵਪਾਰ ਕਰਨ ਅਤੇ ਆਰਥਿਕ ਮਾਮਲਿਆਂ ਬਾਰੇ ਵਿਭਾਗ ਵਿੱਚ ਸਲਾਹਕਾਰ ਹਨ।)*

*e-mail :danish_hashim@yahoo.com*
*:varshak.kumari44@gmail.com*





# ਮੁਨਾਫਾਖੋਰੀ, ਜੀ ਐੱਸ ਟੀ ਲਾਗੂ ਕਰਨ ਵਿੱਚ ਚੁਨੌਤੀ

ਗਿਰੀਸ਼ ਚੰਦਰ ਪ੍ਰਸਾਦ

ਭਾਰਤ ਵਿੱਚ ਕੇਂਦਰੀ ਅਤੇ ਰਾਜਾਂ ਵਲੋਂ ਲਗਾਏ ਜਾ ਰਹੇ 17 ਕਰਾਂ ਦੇ ਬਦਲੇ, ਇਕੋ-ਇਕ ਕਰ, ਵਸਤੂ ਤੇ ਸੇਵਾ ਕਰ (ਜੀ ਐੱਸ ਟੀ) ਲਾਗੂ ਹੋਣ ਨਾਲ ਅਤੇ ਰਾਜਾਂ ਵਲੋਂ ਲਗਾਏ ਜਾ ਰਹੇ ਨਾਕਿਆਂ ਨੂੰ ਹਟਾ ਕੇ 2.3 ਕਰੋੜ ਖਰਬ ਡਾਲਰ ਦੀ ਇਕ ਮਾਰਕੀਟ ਬਣ ਜਾਣ ਨਾਲ, ਵਪਾਰੀਆਂ ਅਤੇ ਨਿਵੇਸ਼ਕਾਂ ਲਈ ਕਾਰਜ ਅਸਾਨ ਹੋ ਜਾਵੇਗਾ। ਪਰ ਨੀਤੀ ਨਿਰਧਾਰਕਾਂ ਦੀ ਸਭ ਤੋਂ ਵੱਡੀ ਚਿੰਤਾ ਇਹ ਯਕੀਨੀ ਬਣਾਉਣਾ ਹੈ ਕਿ ਨਵੇਂ ਅਸਿੱਧੇ ਕਰ ਕੋਡ ਹੇਠ ਮਿਲਣ ਵਾਲੇ ਲਾਭ ਜੋ ਵਸਤੂਆਂ ਅਤੇ ਸੇਵਾਵਾਂ ਉਪਰ ਕਰ ਭਾਰ ਘਟਣ ਨਾਲ ਮਿਲੇ ਹਨ, ਉਪਭੋਗਤਾਵਾਂ ਤੱਕ ਪਹੁੰਚਦੇ ਹਨ ਜਾਂ ਨਹੀਂ। ਇਹ ਯਕੀਨੀ ਬਣਾਉਣ ਲਈ ਕਿ ਕਾਰੋਬਾਰੀ ਅਤੇ ਵਪਾਰੀ ਇਹ ਲਾਭ ਉਪਭੋਗਤਾ ਤੱਕ ਪਹੁੰਚਾਉਣ, ਜੋ ਕਦਮ ਉਠਾਏ ਗਏ ਹਨ, ਜਿਵੇਂ ਕਿ ਮੁਨਾਫਾਖ਼ੋਰੀ ਵਿਰੋਧੀ ਅਥਾਰਿਟੀ ਦੀ ਸਥਾਪਨਾ ਅਤੇ ਵਪਾਰੀਆਂ ਅਤੇ ਉਪਭੋਗਤਾਵਾਂ ਵਿੱਚ ਜਾਗਰੂਕਤਾ ਪੈਦਾ ਕਰਨਾ, ਮਲੇਸ਼ੀਆ ਅਤੇ ਆਸਟਰੇਲੀਆ ਜਿਹੇ ਦੇਸ਼ਾਂ ਵਿੱਚ ਜੀ ਐੱਸ ਟੀ ਵਿੱਚ ਬਦਲਾਅ ਸਮੇਂ ਆਈਆਂ ਮੁਨਾਫਾਖ਼ੋਰੀ ਦੀਆਂ ਸ਼ਿਕਾਇਤਾਂ ਨੂੰ ਦੇਖਦੇ ਹੋਏ, ਬਹੁਤ ਮਹੱਤਵਪੂਰਨ ਹਨ।

ਪਹਿਲਾਂ ਅਸਪੱਸ਼ਟ ਅਤੇ ਘੁੰਮਣਘੇਰੀ ਵਾਲੀ ਅਸਿੱਧੀ ਕਰ ਪ੍ਰਣਾਲੀ ਚਲ ਰਹੀ ਸੀ, ਉਸ ਦੇ ਮੁਕਾਬਲੇ ਜੀ ਐੱਸ ਟੀ ਪਾਰਦਰਸ਼ੀ ਹੈ ਅਤੇ ਉਪਭੋਗਤਾ ਨੂੰ ਇਹ ਸਾਫ ਪਤਾ ਲਗ ਜਾਂਦਾ ਹੈ ਕਿ ਉਸ ਨੇ ਕਿਸੇ ਵਸਤੂ ਜਾਂ ਸੇਵਾ ਉਪਰ ਕਿੰਨਾ ਟੈਕਸ ਦੇਣਾ ਹੈ, ਜਿਸ ਤੋਂ ਇਹ ਖ਼ਿਆਲ ਆਉਂਦਾ ਹੈ ਕਿ ਟੈਕਸ ਦਰ ਵਧ ਗਈ ਹੈ।

ਪਹਿਲਾਂ ਤੋਂ ਚਲੀ ਆ ਰਹੀ ਪ੍ਰਣਾਲੀ ਵਿੱਚ, ਉਪਭੋਗਤਾ ਸਿਰਫ ਖੁਦਰਾ ਵਿਕਰੀ ਵੇਲੇ ਰਾਜਾਂ ਵਲੋਂ ਲਗਾਏ ਜਾ ਰਹੇ ਮੁੱਲ ਵਰਧਕ ਟੈਕਸ (ਵੈਟ) ਜਾਂ ਕੇਂਦਰ ਵਲੋਂ ਲਗਾਈ ਜਾ ਰਹੀ ਸੇਵਾ ਟੈਕਸ ਲੇਵੀ ਬਾਰੇ ਹੀ ਜਾਣ ਸਕਦਾ ਸੀ ਅਤੇ ਉਸ ਨੂੰ ਉਤਪਾਦਨ ਜਾਂ ਸਪਲਾਈ ਦੇ ਪੱਧਰ ਉਤੇ ਲਗੇ ਕਰਾਂ ਬਾਰੇ, ਜੋ ਵਸਤੂ ਜਾਂ ਸੇਵਾ ਵਿੱਚ ਸਮਾ ਚੁੱਕੇ ਸਨ, ਕੋਈ ਪਤਾ ਨਹੀਂ ਲਗਦਾ ਸੀ। ਉਦਾਹਰਣ ਦੇ ਤੌਰ ਤੇ ਫੈਕਟਰੀ ਗੇਟ ਤੋਂ ਮਾਲ ਬਾਹਰ ਜਾਣ ਵੇਲੇ ਉਸ ਉਪਰ ਲਗਿਆ ਉਤਪਾਦਨ ਸ਼ੁਲਕ ਜਾਂ ਕਿਸੇ ਦੂਰ ਸੰਚਾਰ ਕੰਪਨੀ ਵਲੋਂ ਆਪਣੀ ਵਰਤੋਂ ਵਿੱਚ ਲਿਆਂਦੇ ਜਾ ਰਹੇ ਸਾਜ ਸਮਾਨ ਉਪਰ ਦਿੱਤਾ ਕਰ, ਆਦਿ। ਸਰਕਾਰੀ ਅਮਲਾ ਇਹ ਨਹੀਂ ਚਾਹੁੰਦਾ ਕਿ ਵਪਾਰੀ ਵਰਗ ਉਪਭੋਗਵਤਾਵਾਂ ਨੂੰ ਗੁੰਮਰਾਹ ਕਰੇ ਅਤੇ ਵਧੀ ਹੋਈ ਪਾਰਦਰਸ਼ਿਤਾ ਦਾ ਦੁਰਉਪਯੋਗ ਕਰ ਕੇ ਉਨ੍ਹਾਂ ਤੋਂ ਵਧੇਰੇ ਕੀਮਤਾਂ ਵਸੂਲੇ। ਜੀ ਐੱਸ ਟੀ ਪ੍ਰਣਾਲੀ ਵਿੱਚ ਉਤਪਾਦਨਾਂ ਅਤੇ ਸੇਵਾਵਾਂ ਉਪਰ ਪਹਿਲਾਂ ਦਿੱਤੇ ਕਰਾਂ ਦਾ ਲਾਭ ਪਿਛਲੀ ਕਰ ਪ੍ਰਣਾਲੀ ਨਾਲੋਂ ਵਧੇਰੇ ਪ੍ਰਾਪਤ ਹੈ। ਇਸ ਤਰ੍ਹਾਂ, ਕੋਈ ਦੂਰ ਸੰਚਾਰ ਸੇਵਾ ਦੇਣ ਵਾਲਾ, ਉਸ ਵਲੋਂ ਵਰਤੋਂ ਵਿੱਚ ਲਿਆਂਦੇ ਜਾ ਰਹੇ ਸਾਜ ਸਮਾਨ ਅਤੇ ਸੇਵਾਵਾਂ ਉਪਰ ਦਿੱਤੇ ਕਰ ਦਾ ਲਾਭ, ਉਪਭੋਗਤਾਵਾਂ ਨੂੰ ਦੇਅ ਜੀ ਐੱਸ ਟੀ ਦੇ ਕੁੱਝ ਹਿੱਸੇ ਦੇ ਤੌਰ ਤੇ ਦੇ ਸਕਦਾ ਹੈ। ਇਸ ਨਾਲ ਕਿਸੇ ਵਸਤੂ ਜਾਂ ਸੇਵਾ ਉਪਰ ਜੀ ਐੱਸ ਟੀ ਦਾ ਭਾਰ, ਜੇਕਰ ਜੀ ਐੱਸ ਟੀ ਕਰ ਦਰ ਪਿਛਲੀ ਪ੍ਰਣਾਲੀ ਵਿੱਚ ਲਗਣ ਵਾਲੇ ਕਰ ਨਾਲੋਂ ਵਧੇਰੇ ਹੋਵੇ, ਘੱਟ ਹੋ ਸਕੇਗਾ।

ਵਿੱਤ ਮੰਤਰੀ ਅਰੁਣ ਜੇਟਲੀ ਨੇ 11 ਜੂਨ ਨੂੰ ਕਿਹਾ ਕਿ ਜੀ ਐੱਸ ਟੀ ਕੌਂਸਲ ਨੇ, ਜਿਸ ਦੀ ਉਸ ਦਿਨ ਬੈਠਕ ਹੋਈ ਸੀ, ਉਦਾਰਤਾ ਦਿਖਾਉਂਦੇ ਹੋਏ, ਕਈ ਵਸਤੂਆਂ ਉਪਰ ਲਗਣ ਵਾਲੇ ਕਰ ਨੂੰ, ਪਿਛਲੀ ਪ੍ਰਣਾਲੀ ਅਧੀਨ ਲਗ ਰਹੇ ਟੈਕਸ ਤੋਂ ਵੀ ਘੱਟ ਕਰ ਦਿੱਤਾ ਹੈ। ਅਜਿਹਾ ਇਨ੍ਹਾਂ ਵਸਤੂਆਂ ਦੀ ਬਦਲ ਰਹੀ ਖੱਪਤ ਰੌਂ ਅਤੇ ਆਰਥਿਕ ਸਚਾਈਆਂ ਨੂੰ ਦੇਖਦੇ ਹੋਏ ਕੀਤਾ ਗਿਆ ਸੀ। ਕੌਂਸਲ ਨੇ ਉਸ ਦਿਨ 66 ਵਸਤੂਆਂ ਉਪਰ, ਆਪਣੀ ਮਈ ਵਿੱਚ ਸ਼੍ਰੀਨਗਰ ਵਿੱਚ ਹੋਈ ਬੈਠਕ ਵਿੱਚ ਲਏ ਫੈਸਲੇ ਤੋਂ, ਜੀ ਐੱਸ ਟੀ ਦਰ ਘਟਾ ਦਿੱਤੀ ਸੀ।

ਜੀ ਐੱਸ ਟੀ ਲਾਗੂ ਕਰਨ ਅਤੇ ਉਸ ਦੇ ਨਾਲ-ਨਾਲ ਮੁਨਾਫਾਖੋਰੀ ਵਿਰੋਧੀ ਕਾਨੂੰਨ ਲਿਆਉਣ



ਦਾ ਉਦੇਸ਼ ਕਾਰੋਬਾਰੀਆਂ ਅਤੇ ਵਪਾਰੀਆਂ ਵਲੋਂ ਕਰਾਂ ਵਿੱਚ ਕਮੀ ਦੇ ਲਾਭ ਨੂੰ ਉਪਭੋਗਤਾ ਨੂੰ ਦੇਣ ਦੀ ਬਜਾਇ ਖੁਦ ਰੱਖਣ ਦੀ ਸੰਭਾਵਨਾ ਖਤਮ ਕਰਨਾ ਹੈ। ਅੱਜ ਦੀ ਸਰਕਾਰ ਦੀ ਇਹੋ ਮਨਸ਼ਾ ਹੈ।

ਕੇਂਦਰੀ ਜੀ ਐੱਸ ਟੀ ਕਾਨੂੰਨ ਵਿੱਚ ਸਪੱਸ਼ਟ ਕਿਹਾ ਗਿਆ ਹੈ ਕਿ, "ਵਸਤੂਆਂ ਅਤੇ ਸੇਵਾਵਾਂ ਵਿੱਚ ਕਰ ਦਰ ਦੀ ਕਮੀ ਦਾ ਲਾਭ ਜਾਂ ਇਨਪੁਟ ਟੈਕਸ ਦਾ ਲਾਭ, ਉਨ੍ਹਾਂ ਦੀਆਂ ਕੀਮਤਾਂ ਵਿੱਚ ਕਮੀ ਕਰਕੇ ਪ੍ਰਾਪਤ ਕਰਤਾ ਨੂੰ ਦੇਣਾ ਹੋਵੇਗਾ।" ਇਸ ਮਦ ਨੂੰ ਲਾਗੂ ਕਰਨ ਵਾਲੀ ਪ੍ਰਸਤਾਵਤ ਮੁਨਾਫਾਖ਼ੋਰੀ ਵਿਰੋਧੀ ਅਥਾਰਿਟੀ, ਜਿਸ ਦਾ ਮੁਖੀ ਸਕੱਤਰ ਪੱਧਰ ਦਾ ਅਫ਼ਸਰ ਹੋਵੇਗਾ, ਮੁਨਾਫਾਖ਼ੋਰੀ ਦੇ ਸ਼ੱਕ ਦੇ ਘੇਰੇ ਵਿੱਚ ਆਏ ਮਾਮਲਿਆਂ ਨੂੰ, ਉਤਪਾਦਨ ਅਤੇ ਸੀਮਾ ਕਰ, ਕੇਂਦਰੀ ਬੋਰਡ (ਸੀ ਬੀ ਈ ਸੀ) ਅਧੀਨ ਸਥਾਪਤ ਸੁਰੱਖਿਆ ਸੰਸਥਾ ਦੇ ਡਾਇਰੈਕਟਰ ਜਨਰਲ ਕੋਲ ਵਿਸਤ੍ਰਿਤ ਜਾਂਚ ਲਈ ਭੇਜੇਗੀ।

ਇਹ ਸੰਸਥਾ ਵਸਤੂ ਸਪਲਾਈ ਕਰਨ ਵਾਲਿਆਂ ਜਾਂ ਸੇਵਾ ਦੇਣ ਵਾਲਿਆਂ ਨੂੰ ਕੀਮਤਾਂ ਘੱਟ ਕਰਨ ਲਈ ਕਹਿ ਸਕਦੀ ਹੈ ਜਾਂ ਜੀ ਐੱਸ ਟੀ ਕਰ ਪ੍ਰਣਾਲੀ ਅਧੀਨ ਟੈਕਸ ਦੇ ਘਟੇ ਭਾਰ ਬਰਾਬਰ ਖਰੀਦਾਦਰ ਨੂੰ ਨਕਦ ਰਕਮ ਦੇਣ ਲਈ ਕਹਿ ਸਕਦੀ ਹੈ। ਜੇਕਰ ਕੋਈ ਕਾਰੋਬਾਰੀ ਜਾਂ ਵਪਾਰੀ ਮੁਨਾਫਾਖ਼ੋਰੀ ਦਾ ਦੋਸ਼ੀ ਪਾਇਆ ਜਾਵੇ ਤਾਂ ਉਸ ਨੂੰ, ਘੱਟ ਹੋਈ ਟੈਕਸ ਰਕਮ ਜੋ ਉਪਭੋਗਤਾ ਨੂੰ ਨਹੀਂ ਦਿੱਤੀ ਗਈ, 18 ਪ੍ਰਤਿਸ਼ਤ ਵਿਆਜ ਦਰ ਨਾਲ ਚੁਕਾਉਣੀ ਪਵੇਗੀ। ਜੇਕਰ ਕੋਈ ਖਰੀਦਦਾਰ, ਘਟੇ ਟੈਕਸ ਭਾਰ ਦਾ ਲਾਭ ਦੇਣ ਦੀ ਉਜਰਤ ਵੀ ਨਹੀਂ ਕਰਦਾ ਤਾਂ ਵੀ ਅਥਾਰਿਟੀ ਸਪਲਾਈ ਕਰਨ ਵਾਲੇ ਕੋਲੋਂ ਇਹ ਵਸੂਲ ਸਕਦੀ ਹੈ। ਮੁਨਾਫਾਖ਼ੋਰੀ ਦੇ ਜੁਰਮ ਲਈ ਜੁਰਮਾਨਾ ਵੀ ਲਗ ਸਕਦਾ ਹੈ ਅਤੇ ਕਾਰੋਬਾਰੀ ਦੀ ਰਜਿਸਟ੍ਰੇਸ਼ਨ ਵੀ ਰੱਦ ਹੋ ਸਕਦੀ ਹੈ।

ਭਾਵੇਂ ਇਹ ਧਾਰਾ ਕੁੱਝ ਸਖਤ ਲਗੇ ਪਰ ਸਰਕਾਰ ਦਾ ਇਰਾਦਾ ਇਕ ਅਸਰਦਾਰ ਵਰਜਕ ਲਿਆਉਣਾ ਹੈ ਅਤੇ ਇਸ ਨੂੰ ਸਿਰਫ ਉਸ ਵੇਲੇ ਵਰਤੋਂ ਵਿੱਚ ਲਿਆਉਣ ਦਾ ਇਰਾਦਾ ਹੈ ਜਦੋਂ ਕਿਸੇ ਉਦਯੋਗ ਵਿੱਚ ਜਾਂ ਕਿਸੇ ਵਸਤੂ ਵਿੱਚ ਵੱਡੇ ਪੈਮਾਨੇ ਉਤੇ ਮੁਨਾਫਾਖ਼ੋਰੀ ਹੋ ਰਹੀ ਹੋਵੇ ਅਤੇ ਨਾ ਕਿ ਇਕ ਸੁਤੰਤਰ ਮਾਰਕੀਟ ਅਰਥਤੰਤਰ ਵਿੱਚ ਕੀਮਤਾਂ ਦੇ ਸੂਖਮ ਪ੍ਰਬੰਧਨ ਵਿੱਚ ਦਖਲਅੰਦਾਜ਼ੀ ਕਰਨਾ ਹੈ। ਮੁਨਾਫਾਖ਼ੋਰੀ ਵਿਰੋਧੀ ਧਾਰਾ ਸਿਰਫ ਨਵੀਂ ਅਸਿੱਧੀ ਕਰ ਪ੍ਰਣਾਲੀ ਵਿੱਚ ਬਦਲਾਉ ਦੇ ਸਮੇਂ ਵਿੱਚ ਹੀ ਲਾਗੂ ਰਹੇਗੀ।

ਹੁਣ ਤੱਕ, ਇਹ ਬਦਲਾਅ ਬਹੁਤ ਸਾਵਾਂ ਰਿਹਾ ਹੈ। ਕਾਰੋਬਾਰੀਆਂ ਨੇ ਉਪਭੋਗਤਾਵਾਂ ਤੱਕ ਲਾਭ ਪਹੁੰਚਾਉਣ ਵਿੱਚ ਬਹੁਤ ਤੇਜ਼ੀ ਦਿਖਾਈ ਹੈ। ਕਈਆਂ ਨੇ ਤਾਂ ਇਕ ਜੁਲਾਈ ਨੂੰ ਅੱਧੀ ਰਾਤ ਤੋਂ ਹੀ ਇਹ ਕਰ ਦਿਖਾਇਆ, ਜਦੋਂ ਰਾਸ਼ਟਰਪਤੀ ਸ਼੍ਰੀ ਪ੍ਰਣਬ ਮੁਖਰਜੀ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸੰਸਦ ਦੇ ਕੇਂਦਰੀ ਹਾਲ ਵਿੱਚ ਜੀ ਐੱਸ ਟੀ ਲਾਗੂ ਹੋ ਜਾਣ ਦੀ ਘੋਸ਼ਣਾ ਕੀਤੀ ਸੀ। ਉਸ ਸ਼ਨੀਵਾਰ ਦੀ ਅੱਧੀ ਰਾਤ, ਜਦੋਂ ਜੀ ਐੱਸ ਟੀ ਲਾਗੂ ਹੋਣ ਦੀ ਘੋਸ਼ਣਾ ਕੀਤੀ ਗਈ, ਦੇ ਇਕ ਹਫ਼ਤੇ ਦੇ ਅੰਤ ਤੱਕ ਐਪਲ ਨੇ ਆਪਣੇ ਆਈ ਫ਼ੋਨ, ਆਈ ਪੈਡ, ਮੈਕਸ ਅਤੇ ਐਪਲ ਘੜੀਆਂ ਦੀਆਂ ਕੀਮਤਾਂ ਭਾਰਤ ਵਿੱਚ ਆਪਣੇ ਉਪਭੋਗਤਾਵਾਂ ਲਈ ਘਟਾ ਦਿੱਤੀਆਂ ਸਨ। ਤੇਜ਼ੀ ਨਾਲ ਵਿਕਾਸ ਕਰ ਰਹੀ ਉਪਭੋਗਤਾ ਵਸਤਾਂ ਦੀ ਕੰਪਨੀ ਹਿੰਦੁਸਤਾਨ ਯੂਨੀਲੀਵਰ ਲਿਮਟਿਡ ਨੇ ਆਪਣੇ ਕੁੱਝ ਕੱਪੜੇ ਧੋਣ ਦੇ ਪਾਊਡਰਾਂ ਅਤੇ ਸਾਬਣਾਂ ਦੀਆਂ ਕੀਮਤਾਂ ਵਿੱਚ ਕਮੀ ਕੀਤੀ। ਦੁਪਹਿਆ ਉਤਪਾਦਕ ਹੀਰੋ ਮੋਟੋਕਾਰਪ ਲਿਮਟਿਡ ਨੇ ਆਪਣੇ ਮਾਡਲਾਂ ਦੀਆਂ ਕੀਮਤਾਂ 400 ਤੋਂ 1800 ਰੁਪਏ ਤੱਕ ਘੱਟ ਕਰ ਦਿੱਤੀਆਂ ਸਨ।

ਵਸਤਾਂ ਅਤੇ ਸੇਵਾਵਾਂ ਦੇ ਕਰ ਭਾਰ ਵਿੱਚ ਕਮੀ ਉਪਭੋਗਤਾ ਤੱਕ ਪਹੁੰਚਣੀ ਇਸ ਲਈ ਵੀ ਮਹੱਤਵਪੂਰਨ ਹੈ ਕਿ ਅਸਿੱਧੇ ਕਰਾਂ ਦਾ ਭਾਰ ਅਮੀਰਾਂ ਅਤੇ ਗਰੀਬਾਂ ਉਪਰ ਇਕੋ ਜਿਹਾ ਪੈਂਦਾ ਹੈ ਅਤੇ ਨਾ ਕਿ ਆਮਦਨ ਕਰ ਦੀ ਤਰ੍ਹਾਂ ਲੋਕਾਂ ਦੀ ਕਰ ਦੇਣ ਦੀ ਸਮਰੱਥਾ ਨਾਲ ਜੁੜਿਆ ਹੈ। ਆਮਦਨ ਕਰ, ਕਰਦਾਤਾਵਾਂ ਦੀ ਆਮਦਨ ਵਧਣ ਨਾਲ ਵਧਦਾ ਜਾਂਦਾ ਹੈ।

ਕੌਂਸਲ ਵਲੋਂ ਮੁਨਾਫਾਖ਼ੋਰੀ ਵਿਰੋਧੀ ਤਰੀਕੇ ਅਪਣਾਉਣ ਨੂੰ ਬਲ ਇਸ ਗੱਲ ਤੋਂ ਮਿਲਦਾ ਹੈ ਕਿ ਘੱਟ ਕਰ ਭਾਰ ਦੇ ਸਦਕੇ ਖੁਦਰਾ ਮੁਦਰਾ ਸਫੀਤੀ ਵਿੱਚ ਕਮੀ ਆਵੇਗੀ ਜਿਸ ਨਾਲ ਅਰਥਤੰਤਰ ਵਿੱਚ ਮੰਗ ਵਧੇਗੀ ਅਤੇ ਕਰਾਂ ਵਿੱਚ ਉਤਸ਼ਾਹ ਨੂੰ ਹੁੰਗਾਰਾ ਮਿਲੇਗਾ। ਵਧੇਰੇ ਕਰ ਆਮਦਨ ਨਾਲ ਕੇਂਦਰੀ ਅਤੇ ਰਾਜ ਸਰਕਾਰਾਂ ਨੂੰ ਕਲਿਆਣਕਾਰੀ ਕਾਰਜਾਂ ਅਤੇ ਬੁਨਆਦੀ ਢਾਂਚੇ ਉਪਰ ਵਧੇਰੇ ਖਰਚ ਕਰਨ ਵਿੱਚ ਮਦਦ ਮਿਲੇਗੀ। ਬਹੁਤ ਹੱਦ ਤੱਕ, ਮਾਰਕੀਟ ਵਿੱਚ ਮੁਕਾਬਲੇ ਦੀਆਂ ਕੀਮਤਾਂ ਰੱਖਣ ਦੀ ਹੋੜ ਇਹ ਯਕੀਨੀ ਬਣਾਉਂਦੀ ਹੈ ਕਿ ਕਾਰੋਬਾਰੀ ਲਾਭ ਉਪਭੋਗਤਾਵਾਂ ਕੋਲ ਪਹੁੰਚਾਉਣ ਕਿਉਂਕਿ ਕੋਈ ਵੀ ਫਰਮ ਮਾਰਕੀਟ ਵਿੱਚ ਆਪਣਾ ਹਿੱਸਾ ਗੁਆਉਣਾ ਨਹੀਂ ਚਾਹੇਗੀ।

ਇਹ ਯਕੀਨੀ ਬਣਾਉਣ ਲਈ ਕਿ ਜੀ ਐੱਸ ਟੀ ਗਰੀਬਾਂ ਨੂੰ ਚੋਟ ਨਾ ਪਹੁੰਚਾਏ, ਸੰਘੀ ਅਸਿੱਧੀ ਕਰ ਸੰਸਥਾ, ਜੀ ਐੱਸ ਟੀ ਕੌਂਸਲ ਜਿਸ ਦੇ ਮੁਖੀ ਵਿੱਤ ਮੰਤਰੀ ਅਰੁਣ ਜੇਟਲੀ ਹਨ, ਨੇ ਜੀ ਐੱਸ ਟੀ ਦੀ ਵਸਤੂਆਂ ਅਤੇ ਸੇਵਾਵਾਂ ਲਈ ਇਕ ਦਰ ਦੀ ਆਦਰਸ਼ ਧਾਰਨਾ ਤੋਂ ਹਟ ਕੇ ਚਾਰ ਕਿਸਮ ਦੇ ਸਲੈਬ ਰਖੇ - 5 ਪ੍ਰਤਿਸ਼ਤ, 12 ਪ੍ਰਤਿਸ਼ਤ, 18 ਪ੍ਰਤਿਸ਼ਤ ਅਤੇ 28 ਪ੍ਰਤਿਸ਼ਤ। ਇਸ ਤਰ੍ਹਾਂ ਆਮ ਵਰਤੋਂ ਵਿੱਚ ਆਉਣ ਵਾਲੀਆਂ ਵਸਤਾਂ ਘੱਟ ਸਲੈਬ ਵਿੱਚ ਰਖੀਆਂ ਗਈਆਂ ਅਤੇ ਲਗਜ਼ਰੀ ਵਸਤਾਂ, ਉੱਚ ਸਲੈਬ ਵਿੱਚ।

ਜੀ ਐੱਸ ਟੀ ਦਰਾਂ, ਸਮਾਨਤਾ ਦੇ ਅਸੂਲ ਅਨੁਸਾਰ ਤੈਅ ਕੀਤੀਆਂ ਗਈਆਂ ਹਨ - ਜਿਵੇਂ ਕਿ, ਵਸਤਾਂ ਅਤੇ ਸੇਵਾਵਾਂ ਉਪਰ ਲਗ ਰਹੇ ਚਾਲੂ ਕਰਾਂ ਦੀਆਂ ਦਰਾਂ ਦੇ ਇੰਨਾ ਨਜ਼ਦੀਕ, ਜਿੰਨਾ ਹੋ ਸਕੇ। ਕੁੱਝ ਉਦਯੋਗਿਕ ਵਰਗ, ਜਿਵੇਂ ਕਿ ਕੱਪੜਾ ਉਦਯੋਗ ਜੀ ਐੱਸ ਟੀ ਤੋਂ ਛੋਟ ਦੀ ਮੰਗ ਕਰ ਰਹੇ ਹਨ, ਪਰ ਅਜਿਹਾ ਕੋਈ ਵੀ ਕਦਮ ਲਾਭ ਦੇਣ ਦੀ ਬਜਇ ਨੁਕਸਾਨ ਕਰੇਗਾ। ਜੇਕਰ ਕਿਸੇ ਵਸਤੂ ਨੂੰ ਜੀ ਐੱਸ ਟੀ ਮੁਕਤ ਕਰ ਦਿੱਤਾ ਜਾਂਦਾ ਹੈ ਤਾਂ ਵਿਕਰੇਤਾ ਨੂੰ ਕੱਚੇ ਮਾਲ ਤੋਂ ਵਸਤੂ ਉਤਪਾਦਨ ਤੱਕ ਦੇ ਪਹਿਲੇ ਪੜਾਵਾਂ ਉਪਰ ਦਿੱਤੇ ਕਰ ਦਾ ਜੋ ਵਸਤੂ ਵਿੱਚ ਸ਼ਾਮਲ ਹੋ ਚੁੱਕਿਆ ਹੈ, ਲਾਭ ਨਹੀਂ ਮਿਲੇਗਾ। ਉਦਯੋਗ ਨੂੰ ਕੁੱਝ ਸੇਵਾਵਾਂ ਉਪਰ ਕਰ ਭਾਰ ਵਧ ਜਾਣ ਦੀ ਸੰਭਾਵਨਾ ਕਾਰਨ ਵੀ ਚਿੰਤਾ ਹੈ। ਸੇਵਾਵਾਂ ਉਪਰ ਵਸਤੂਆਂ ਦੇ ਬਰਾਬਰ ਦਰ ਤੇ ਕਰ ਲਗਾਉਣਾ ਵਿਸ਼ਵਵਿਆਪੀ ਰੀਤ ਹੈ ਜੋ ਜੀ ਐੱਸ ਟੀ ਦੀ ਕੌਂਸਲ ਨੇ ਅਪਣਾਈ ਹੈ। ਉਦਾਹਰਣ ਦੇ ਤੌਰ ਤੇ, ਦੂਰ ਸੰਚਾਰ ਸੇਵਾਵਾਂ ਉਪਰ ਜੀ ਐੱਸ ਟੀ ਦੀ ਦਰ, ਪਹਿਲਾਂ ਦੇ 15 ਪ੍ਰਤਿਸ਼ਤ ਸੇਵਾ ਕਰ ਦੇ ਮੁਕਾਬਲੇ 18 ਪ੍ਰਤਿਸ਼ਤ ਹੋ ਗਈ ਹੈ। ਦੂਰ ਸੰਚਾਰ ਸੇਵਾ ਉਦਯੋਗ ਦਾ ਮੰਨਣਾ ਹੈ ਕਿ ਇਸ ਨਾਲ

*ਬਾਕੀ ਸਫ਼ਾ 46 ਉੱਤੇ*

# ਵਸਤੂ ਅਤੇ ਸੇਵਾ ਕਰ : ਇਕ ਸੰਭਾਵਿਤ ਬਦਲਾਅ ਦਾ ਪ੍ਰਤੀਕ

ਦੇਵਰਾਜਾ ਰੈਡੀ ਐੱਮ

ਵਸਤੂ ਅਤੇ ਸੇਵਾ ਕਰ (ਜੀ ਐੱਸ ਟੀ) ਨਾਮਕ ਇਕ ਇਤਿਹਾਸਕ ਕਰ ਸੁਧਾਰ 1 ਜੁਲਾਈ, 2017 ਤੋਂ ਅਮਲ ਵਿੱਚ ਆ ਗਿਆ ਹੈ ਜਿਸ ਦਾ ਉਦੇਸ਼ ਦੇਸ਼ ਦੇ ਅਸਿੱਧੇ ਕਰਾਂ ਦੀ ਪ੍ਰਣਾਲੀ ਵਿੱਚ ਮੁਕੰਮਲ ਬਦਲਾਅ ਲਿਆਉਣਾ ਹੈ। ਇਸ ਵਿੱਚ ਕੇਂਦਰ ਅਤੇ ਰਾਜ ਸਰਕਾਰਾਂ ਵਲੋਂ ਲਾਏ ਜਾਂਦੇ ਟੈਕਸ ਸ਼ਾਮਲ ਹਨ। ਵਸਤੂ ਤੇ ਸੇਵਾ ਕਰ, ਜੋ ਆਜ਼ਾਦੀ ਤੋਂ ਬਾਅਦ ਸਭ ਤੋਂ ਵੱਡਾ ਕਰ ਸੁਧਾਰ ਹੈ – ਇਹ ਇਕ ਦੇਸ਼ ਇਕ ਕਰ – ਇਕ ਬਾਜ਼ਾਰ ਦੇ ਟੀਚੇ ਨੂੰ ਹਕੀਕਤ ਵਿੱਚ ਬਦਲ ਦੇਵੇਗਾ। ਇਸ ਦਾ ਸਾਰੇ ਹਿਤਧਾਰਕਾਂ, ਜਿਵੇਂ ਉਦਯੋਗ, ਸਰਕਾਰ ਅਤੇ ਖਪਤਕਾਰ ਨੂੰ ਲਾਭ ਮਿਲਣ ਦੀ ਆਸ ਕੀਤੀ ਜਾਂਦੀ ਹੈ। ਅਨੁਮਾਨ ਲਾਇਆ ਗਿਆ ਹੈ ਕਿ ਜੀ ਐੱਸ ਟੀ ਤਹਿਤ ਵਸਤਾਂ ਅਤੇ ਸੇਵਾਵਾਂ ਦੀਆਂ ਕੀਮਤਾਂ ਘੱਟ ਹੋ ਜਾਣਗੀਆਂ, ਆਰਥਿਕਤਾ ਨੂੰ ਹੁਲਾਰਾ ਮਿਲੇਗਾ ਅਤੇ ਭਾਰਤ ਦੇ ਉਤਪਾਦ ਅਤੇ ਸੇਵਾਵਾਂ ਵਿਸ਼ਵ ਬਾਜ਼ਾਰ ਵਿੱਚ ਮੁਕਾਬਲੇਬਾਜ਼ੀ ਕਰਨ ਦੇ ਸਮਰੱਥ ਹੋ ਜਾਣਗੇ। ਸਿੱਟੇ ਵਜੋਂ 'ਮੇਕ ਇਨ ਇੰਡੀਆ' ਪਹਿਲਕਦਮੀ ਨੂੰ ਵੀ ਵੱਡਾ ਹੁਲਾਰਾ ਮਿਲੇਗਾ। ਜੀ ਐੱਸ ਟੀ ਨਿਜ਼ਾਮ ਤਹਿਤ ਨਿਰਯਾਤ ਬਿਲਕੁਲ ਸਿਫਰ ਦਰ ਵਾਲਾ ਹੋਵੇਗਾ ਬਜਾਇ ਕਿ ਮੌਜੂਦਾ ਪ੍ਰਣਾਲੀ ਵਾਂਗ ਜਿਸ ਵਿੱਚ ਕਰਾਂ ਦਾ ਰੀਫੰਡ ਕੇਂਦਰ ਅਤੇ ਰਾਜਾਂ ਦਰਮਿਆਨ ਅਸਿੱਧੇ ਕਰਾਂ ਦਾ ਖੰਡਿਤ ਰੂਪ ਹੋਣ ਕਰਕੇ ਹੁੰਦਾ ਹੀ ਨਹੀਂ ਸੀ। ਜੀ ਐੱਸ ਟੀ ਤਹਿਤ ਭਾਰਤ ਦੇ ਇਕ ਬਾਜ਼ਾਰ ਬਣਨ ਦੀ ਉਮੀਦ ਕੀਤੀ ਜਾਂਦੀ ਹੈ ਜਿਸ ਵਿੱਚ ਇਕਸਮਾਨ ਕਰ ਦਰਾਂ ਅਤੇ ਪ੍ਰਕਿਰਿਆਵਾਂ ਹੋਣਗੀਆਂ ਤੇ ਆਰਥਿਕ ਅੜਿੱਕੇ ਹਟ ਜਾਣਗੇ। ਜੀ ਐੱਸ ਟੀ ਮੁੱਖ ਤੌਰ ਤੇ ਤਕਨਾਲੋਜੀ ਅਧਾਰਤ ਹੈ ਜਿਸ ਨੇ ਮਨੁੱਖੀ ਸੰਵਾਦ ਕਾਫੀ ਹੱਦ ਤੱਕ ਘੱਟ ਕਰ ਦਿੱਤਾ ਹੈ ਅਤੇ ਇਸ ਨਾਲ ਭਾਰਤ ਵਿੱਚ ਵਪਾਰ ਕਰਨ ਦੀ ਸੌਖ ਵਿੱਚ ਸੁਧਾਰ ਹੋਣ ਦੀ ਆਸ ਕੀਤੀ ਜਾਂਦੀ ਹੈ।

ਉਦਾਹਰਣ – ਇਕ ਉਤਪਾਦ ਜਿਸ ਦੀ ਮੁਢਲੀ ਕੀਮਤ 100 ਰੁਪਏ ਹੈ ਅਤੇ 12 ਪ੍ਰਤਿਸ਼ਤ ਦੀ ਦਰ ਨਾਲ ਆਬਕਾਰੀ ਸ਼ੁਲਕ ਲਾਗੂ ਹੋਣ ਉਪਰੰਤ ਉਤਪਾਦ ਦੀ ਕੀਮਤ 112 ਰੁਪਏ ਹੋ ਜਾਂਦੀ ਹੈ। ਅਜਿਹੀਆਂ ਵਸਤਾਂ ਦੀ ਵਿਕਰੀ ਹੋਣ ਉਤੇ 12 ਪ੍ਰਤਿਸ਼ਤ ਵੈਟ (ਮੰਨਿਆ ਗਿਆ) ਲੱਗ ਜਾਂਦਾ ਹੈ ਅਤੇ ਅਖੀਰ ਵਿੱਚ ਖਪਤਕਾਰ ਨੂੰ ਇਹ ਉਤਪਾਦ 126 ਰੁਪਏ ਵਿੱਚ ਪੈਂਦਾ ਹੈ। ਪ੍ਰਸਤਾਵਿਤ ਜੀ ਐੱਸ ਟੀ ਪ੍ਰਣਾਲੀ ਅਧੀਨ 100 ਰੁਪਏ ਦੀ ਮੁਢਲੀ ਕੀਮਤ ਉਤੇ ਸੀ ਜੀ ਐੱਸ ਟੀ ਅਤੇ ਐੱਸ ਜੀ ਐੱਸ ਟੀ ਦੋਵੇਂ ਮੰਨ ਲਓ 9 ਪ੍ਰਤਿਸ਼ਤ ਦੀ ਦਰ ਨਾਲ ਲਾਏ ਜਾਂਦੇ ਹਨ ਤਾਂ ਅਖੀਰ ਵਿੱਚ ਖਪਤਕਾਰ ਨੂੰ ਕੀਮਤ 118 ਰੁਪਏ ਪਵੇਗੀ। ਅਜਿਹੇ ਮਾਮਲੇ ਵਿੱਚ ਉਦਯੋਗ ਵਿਸ਼ਵ ਵਾਤਾਵਰਨ ਵਿੱਚ ਬੇਹਤਰ ਮੁਕਾਬਲੇਬਾਜ਼ੀ ਕਰ ਸਕਦੇ ਹਨ। ਇਸ ਲਈ, ਜੀ ਐੱਸ ਟੀ ਇਕ ਵਿਆਪਕ ਅਧਾਰ ਵਾਲਾ, ਇਕਹਿਰਾ ਕਰ ਹੈ ਜੋ ਕਿਸੇ ਅਰਥਚਾਰੇ ਵਿੱਚ ਖਪਤ ਕੀਤੀਆਂ ਜਾਂਦੀਆਂ ਵਸਤਾਂ ਤੇ ਸੇਵਾਵਾਂ ਉਤੇ ਲਾਇਆ ਜਾਂਦਾ ਹੈ। ਜੀ ਐੱਸ ਟੀ ਉਤਪਾਦਨ ਵੰਡ ਲੜੀ ਦੇ ਹਰੇਕ ਪੜਾਅ ਉਤੇ ਲਾਇਆ ਜਾਂਦਾ ਹੈ ਜਿਸ ਵਿੱਚ ਪਿਛਲੇ ਪੜਾਵਾਂ ਉਤੇ ਅਦਾ ਕੀਤੇ ਕਰਾਂ ਨੂੰ ਲਾਗੂ ਦਰ ਤਹਿਤ ਛੋਟ ਦਿੱਤੀ ਜਾਂਦੀ ਹੈ। ਇਹ ਬੁਨਿਆਦੀ ਤੌਰ ਤੇ ਆਖਰੀ ਖਪਤ ਉਤੇ ਲੱਗਣ ਵਾਲਾ ਕਰ ਹੈ। ਸੌਖੇ ਸ਼ਬਦਾਂ ਵਿੱਚ ਜੀ ਐੱਸ ਟੀ ਵਸਤਾਂ ਤੇ ਸੇਵਾਵਾਂ ਉਤੇ ਲੱਗਣ ਵਾਲਾ ਅਜਿਹਾ ਕਰ ਹੈ ਜੋ ਪੂਰਤੀ ਦੇ ਹਰੇਕ ਬਿੰਦੂ ਉਤੇ ਲਾਗੂ ਹੋਣ ਯੋਗ ਹੈ (ਮਤਲਬ ਕਿਸੇ ਵਸਤੂ ਦੀ ਵਿਕਰੀ ਜਾਂ ਸੇਵਾ ਦੇਣਾ), ਜਿਸ ਵਿੱਚ ਵਸਤੂ ਦੀ ਵਿਕਰੀ



ਜਾਂ ਸੇਵਾ ਦੇਣ ਸਮੇਂ ਵਿਕਰੇਤਾ ਜਾਂ ਸੇਵਾ ਦੇਣ ਵਾਲਾ ਇਨਪੁਟ ਟੈਕਸ ਕ੍ਰੈਡਿਟ ਹਾਸਲ ਕਰਨ ਲਈ ਦਾਅਵਾ ਕਰ ਸਕਦਾ ਹੈ ਜੋ ਉਸ ਵਲੋਂ ਵਸਤਾਂ ਦੀ ਖਰੀਦ ਜਾਂ ਸੇਵਾ ਹਾਸਲ ਕਰਨ ਵੇਲੇ ਅਦਾ ਕੀਤਾ ਗਿਆ ਸੀ। ਜੀ ਐੱਸ ਟੀ ਦੀਆਂ ਮੁੱਖ ਵਿਸ਼ੇਸ਼ਤਾਵਾਂ ਹੇਠ ਲਿਖੇ ਅਨੁਸਾਰ ਹਨ :

- ਜੀ ਐੱਸ ਟੀ ਮੁੱਲ ਵਾਧਾ ਕਰ ਦੇ ਸਿਧਾਂਤ ਉਤੇ ਅਧਾਰਤ ਹੈ ਅਤੇ ਜਾਂ ਤਾਂ "ਇਨਪੁਟ ਟੈਕਸ ਤਰੀਕਾ" ਜਾਂ 'ਮਨਫੀ' ਤਰੀਕਾ, ਜਿਸ ਵਿੱਚ ਸਵੈ-ਪਾਲਣਾ ਅਤੇ ਲੇਖਾ ਅਧਾਰਤ ਪ੍ਰਣਾਲੀ ਉਤੇ ਜ਼ੋਰ ਦਿੱਤਾ ਜਾਂਦਾ ਹੈ।
- ਇਹ ਵਸਤਾਂ ਅਤੇ ਸੇਵਾਵਾਂ ਉਤੇ ਇਕੋ ਦਰ ਨਾਲ ਲਾਇਆ ਅਤੇ ਵਸੂਲਿਆ ਜਾਣ ਵਾਲਾ ਵਿਆਪਕ ਕਰ ਹੈ ਜਿਸ ਵਿੱਚ ਇਨਪੁਟ ਟੈਕਸ ਕ੍ਰੈਡਿਟ ਜਾਂ ਆਖਰੀ ਲੈਣ ਦੇਣ ਮੁੱਲ ਦੀ ਕੀਮਤ ਨੂੰ ਮਨਫੀ ਕਰਨ ਦਾ ਲਾਭ ਹੈ।
- ਕਰ ਦੀਆਂ ਘੱਟ ਤੋਂ ਘੱਟ ਬੁਨਿਆਦੀ ਦਰਾਂ, ਆਮ ਤੌਰ ਤੇ ਦੋ ਤੋਂ ਵੱਧ ਨਹੀਂ।
- ਸੈਸ, ਪੁਨਰ ਵਿਕਰੀ ਕਰ, ਵਧੀਕ ਕਰ, ਵਿਸ਼ੇਸ਼ ਕਰ, ਕਾਰੋਬਾਰ ਕਰ ਆਦਿ ਲਾਉਣ ਦੀ ਕੋਈ ਗੁੰਜਾਇਸ਼ ਨਹੀਂ।
- ਵਸਤਾਂ ਅਤੇ ਸੇਵਾਵਾਂ ਉਤੇ ਇਕ ਤੋਂ ਵੱਧ ਕਰ ਲਾਉਣ ਦੀ ਕੋਈ ਗੁੰਜਾਇਸ਼ ਨਹੀਂ, ਜਿਵੇਂ ਕਿ ਵਿਕਰੀ ਕਰ, ਦਾਖਲਾ ਕਰ, ਚੁੰਗੀ, ਮਨੋਰੰਜਨ ਕਰ, ਵਿਲਾਸਤਾ ਕਰ ਆਦਿ।
- ਨਿਰਯਾਤ ਅਤੇ ਵਸਤਾਂ ਦੀ ਵਿਕਰੀ ਉਤੇ ਸੇਵਾਵਾਂ ਦੀ ਅੰਤਰ-ਰਾਜੀ ਪੂਰਤੀ ਉਤੇ ਸਿਫਰ ਦਰ ਨਾਲ ਕਰ।
- ਨਿਰਮਾਤਾ ਨਾਲ ਸੰਬੰਧਿਤ ਪੂੰਜੀਕਰ ਵਸਤਾਂ ਅਤੇ ਨਿਵੇਸ਼, ਭਾਵੇਂ ਉਹ ਵਸਤਾਂ ਜਾਂ ਸੇਵਾਵਾਂ ਹੋਣ, ਉਤੇ ਘੱਟ ਦਰ ਨਾਲ ਕਰ ਲਾਉਣਾ ਤਾਂ ਕਿ ਵਸਤੂ ਸੂਚੀ ਲੈ ਕੇ ਜਾਣ ਦੀ ਲਾਗਤ ਅਤੇ ਉਤਪਾਦਨ ਲਾਗਤ ਨੂੰ ਘੱਟ ਕੀਤਾ ਜਾ ਸਕੇ।
- ਇਕ ਪ੍ਰਸ਼ਾਸਨ ਅਧੀਨ ਦੇਸ਼ ਭਰ ਵਿੱਚ ਇਕਸਮਾਨ ਕਾਨੂੰਨ ਅਤੇ ਵਿਧੀ।
- ਜੀ ਐੱਸ ਟੀ ਇਕ ਮੰਜ਼ਿਲ ਅਧਾਰਤ ਕਰ ਹੈ ਜੋ ਅੰਤਿਮ ਖਪਤਕਾਰ ਵਲੋਂ ਵਸਤਾਂ ਜਾਂ ਸੇਵਾਵਾਂ ਦੀ ਖਪਤ ਸਮੇਂ ਇਕ ਹੀ ਬਿੰਦੂ ਉਤੇ ਲਾਇਆ ਜਾਂਦਾ ਹੈ।

## ਜੀ ਐੱਸ ਟੀ ਦੇ ਲਾਭ

ਜੀ ਐੱਸ ਟੀ ਇਕਹਿਰਾ, ਏਕੀਕ੍ਰਿਤ ਭਾਰਤੀ ਬਾਜ਼ਾਰ ਪੈਦਾ ਕਰ ਦੇਵੇਗਾ ਜਿਸ ਨਾਲ ਆਰਥਿਕਤਾ ਮਜਬੂਤ ਹੋਵੇਗੀ। ਸਮੁੱਚੇ ਰੂਪ ਵਿੱਚ ਜੀ ਐੱਸ ਟੀ ਲੰਮੇ ਸਮੇਂ ਵਿੱਚ ਸਰਕਾਰ ਅਤੇ ਖਪਤਕਾਰਾਂ ਲਈ ਫਾਇਦੇਮੰਦ ਹੋਵੇਗਾ ਜਿਸ ਨਾਲ ਦੋਵਾਂ ਲਈ ਬਰਾਬਰ ਦੇ ਫਾਇਦੇ ਵਾਲੀ ਸਥਿਤੀ ਬਣ ਜਾਵੇਗੀ। ਜੀ ਐੱਸ ਟੀ ਦੇ ਕੁੱਝ ਲਾਭ ਹੇਠਾਂ ਲਿਖੇ ਜਾ ਰਹੇ ਹਨ :

### • *ਬਹੁ-ਪ੍ਰਕਾਰ ਦੇ ਕਰਾਂ ਦਾ ਖਾਤਮਾ*

ਭਾਰਤ ਵਿੱਚ ਜੀ ਐੱਸ ਟੀ ਲਾਗੂ ਹੋਣ ਨਾਲ ਕੇਂਦਰੀ ਆਬਕਾਰੀ, ਸੇਵਾ ਕਰ ਵਿਕਰੀ ਕਰ, ਵੈਟ ਆਦਿ ਮੌਜੂਦਾ ਕਰ ਏਕੀਕ੍ਰਿਤ ਹੋ ਕੇ ਇਕ ਕਰ, ਮਤਲਬ ਜੀ ਐੱਸ ਟੀ ਦਾ ਰੂਪ ਲੈ ਲੈਣਗੇ। ਇਸ ਨਾਲ ਮੌਜੂਦਾ ਸਮੇਂ ਉਤਪਾਦਾਂ ਅਤੇ ਸੇਵਾਵਾਂ ਉਤੇ ਲਗ ਰਹੇ ਬਹੁਤੇ ਕਰਾਂ ਤੋਂ ਨਿਜਾਤ ਮਿਲ ਜਾਵੇਗੀ। ਮਿਸਾਲ ਦੇ ਲਈ, ਰੈਸਤਰਾਂ ਸੇਵਾਵਾਂ ਦੀ ਵਰਤੋਂ ਕਰਨ ਸਮੇਂ ਸਾਨੂੰ ਸੇਵਾ ਕਰ ਅਤੇ ਵੈਟ, ਦੋਵਾਂ ਦਾ ਭੁਗਤਾਨ ਕਰਨਾ ਪੈਂਦਾ ਹੈ ਜਿਸ ਨਾਲ ਕਰ ਯੋਗ ਰਕਮ ਕੁੱਲ ਰਕਮ ਲਈ ਲਗਭਗ 140 ਪ੍ਰਤਿਸ਼ਤ ਬਣ ਜਾਂਦੀ ਹੈ (100 ਪ੍ਰਤਿਸ਼ਤ ਕੀਮਤ ਉਤੇ ਵੈਟ ਅਤੇ 40 ਪ੍ਰਤਿਸ਼ਤ ਘੱਟ ਕੀਤੀ ਕੀਮਤ ਉਤੇ ਸੇਵਾ ਕਰ)।

### • *ਕਰਾਂ ਦੇ ਵਾਧੇ ਦੀ ਰੋਕਥਾਮ*

ਜੀ ਐੱਸ ਟੀ ਨਿਜ਼ਾਮ ਅਧੀਨ ਅੰਤਮ ਕਰ ਵਸਤਾਂ/ਸੇਵਾਵਾਂ ਦੇ ਉਪਭੋਗੀ ਵਲੋਂ ਅਦਾ ਕੀਤਾ ਜਾਵੇਗਾ ਪਰ ਇਸ ਵਿੱਚ ਇਨਪੁਟ ਟੈਕਸ ਕ੍ਰੈਡਿਟ ਪ੍ਰਣਾਲੀ ਮੌਜੂਦ ਹੋਵੇਗੀ ਜੋ ਇਹ ਯਕੀਨੀ ਬਣਾਵੇਗੀ ਕਿ ਕਰ ਉਤੇ ਕਰ ਨਾ ਲੱਗਣ। ਜੀ ਐੱਸ ਟੀ ਸਿਰਫ ਹਰੇਕ ਪੜਾਅ ਉਤੇ ਜੋੜੀ ਗਈ ਕੀਮਤ ਉਤੇ ਲਾਇਆ ਜਾਵੇਗਾ, ਨਾ ਕਿ ਮੌਜੂਦਾ ਪ੍ਰਣਾਲੀ ਵਾਂਗ ਜਿਸ ਵਿੱਚ ਕੁੱਝ ਮਾਮਲਿਆਂ ਵਿੱਚ ਕਰ ਉਤੇ ਕਰ ਦੇਣ ਦੀ ਲੋੜ ਪੈਂਦੀ ਹੈ, ਜਿਵੇਂ ਕਿ ਆਬਕਾਰੀ ਸ਼ੁਲਕ ਉਤੇ ਵੈਟ ਅਦਾਇਗੀ ਯੋਗ ਹੈ।

### • *ਸਾਂਝੇ ਰਾਸ਼ਟਰੀ ਬਾਜ਼ਾਰ ਨੂੰ ਵਿਕਸਤ ਕਰਨਾ*

ਅਸਿੱਧੇ ਕਰਾਂ ਦੇ ਮਾਮਲੇ ਵਿੱਚ ਜੀ ਐੱਸ ਟੀ ਸਾਰੇ ਰਾਜਾਂ ਅਤੇ ਵੱਖ-ਵੱਖ ਖੇਤਰਾਂ ਵਿੱਚ ਇਕ-ਸਮਾਨ ਕਰ ਕਾਨੂੰਨ ਦੀ ਸ਼ੁਰੂਆਤ ਕਰੇਗਾ ਜਿਸ ਨਾਲ ਦੇਸ਼ ਭਰ ਵਿੱਚ ਵਸਤਾਂ ਅਤੇ ਸੇਵਾਵਾਂ ਦੀ ਪੂਰਤੀ ਸੌਖੀ ਅਤੇ ਰੁਕਾਵਟ ਰਹਿਤ ਹੋ ਜਾਵੇਗੀ। ਇਸ ਨਾਲ ਆਰਥਿਕ ਖਰਾਬੀਆਂ ਦੂਰ ਕਰਨ ਵਿੱਚ ਮਦਦ ਮਿਲੇਗੀ, ਨਿਰਯਾਤ ਨੂੰ ਉਤਸ਼ਾਹ ਮਿਲੇਗਾ ਅਤੇ ਸਾਂਝੇ ਰਾਸ਼ਟਰੀ ਬਾਜ਼ਾਰ ਨੂੰ ਵਿਕਸਤ ਕਰਨ ਵਿੱਚ ਸਹਾਇਤਾ ਮਿਲੇਗੀ। ਯਕੀਨੀ ਤੌਰ ਤੇ ਇਸ ਨਾਲ ਭਾਰਤ ਦੇ ਕਰ – ਕੁੱਲ ਘਰੇਲੂ ਉਤਪਾਦ ਅਨੁਪਾਤ ਨੂੰ ਹੁਲਾਰਾ ਮਿਲੇਗਾ। ਸਿੱਟੇ ਵਜੋਂ ਦੇਸ਼ ਦੀ ਆਰਥਿਕ ਕੁਸ਼ਲਤਾ ਅਤੇ ਦੀਰਘਕਾਲੀ ਸਥਿਰ ਆਰਥਿਕ ਵਿਕਾਸ ਵਿੱਚ ਵਾਧਾ ਹੋਵੇਗਾ।

### • *ਸਵੈ-ਇੱਛਕ ਪਾਲਣਾ ਵਿੱਚ ਵਾਧਾ*

ਜੀ ਐੱਸ ਟੀ ਪ੍ਰਣਾਲੀ ਤਹਿਤ ਪ੍ਰਕਿਰਿਆ ਸਰਲ ਅਤੇ ਸਪੱਸ਼ਟ ਹੋਵੇਗੀ ਜਿਸ ਵਿੱਚ ਗਲਤੀਆਂ ਦੀ ਗੁੰਜਾਇਸ਼ ਬਹੁਤ ਘੱਟ ਹੋਵੇਗੀ। ਕਿਉਂਕਿ ਸਾਰੀ ਜਾਣਕਾਰੀ ਸਾਂਝੇ ਜੀ ਐੱਸ ਟੀ ਤੋਂ ਆਵੇਗੀ, ਇਸ ਨਾਲ ਕਰ ਅਦਾਇਗੀ ਅਤੇ ਪਾਲਣਾ ਇਕ ਆਮ ਵਰਤਾਰਾ ਬਣ ਜਾਵੇਗਾ ਜਿਸ ਵਿੱਚ ਗਲਤੀਆਂ ਦੀ ਸੰਭਾਵਨਾ ਬਹੁਤ ਘੱਟ ਹੋ ਜਾਵੇਗੀ। ਖਪਤਕਾਰਾਂ ਨੂੰ ਨਿਵੇਸ਼ ਤੋਂ ਅਦਾ ਕੀਤੇ ਕਰਾਂ ਦਾ ਟੈਕਸ ਦਾ ਕ੍ਰੈਡਿਟ ਤਾਂ ਹੀ ਮਿਲ ਸਕੇਗਾ ਜੇ ਉਨ੍ਹਾਂ ਵਲੋਂ ਕਰ ਭੁਗਤਾਨ ਕੀਤਾ ਗਿਆ ਹੋਵੇਗਾ। ਇਸ ਨਾਲ ਉਤਪਾਦਨ ਲੜੀ ਵਿੱਚ ਮੁੱਲ ਵਾਧੇ ਅਤੇ ਆਮਦਨ ਦੀ ਸਵੈਚਾਲਿਤ ਪੈੜ ਬਣ ਜਾਵੇਗੀ, ਜਿਸ ਨਾਲ ਕਰ ਸੰਭਾਵਨਾ ਦਾ ਏਕੀਕ੍ਰਿਤ ਅਧਾਰ ਬਣ ਜਾਵੇਗਾ ਜਿਸ ਦਾ ਲਾਭ ਲਿਆ ਜਾ ਸਕਦਾ ਹੈ। ਇਸ ਪ੍ਰਕਾਰ ਜੀ ਐੱਸ ਟੀ ਅਧੀਨ ਅਸਿੱਧੇ ਕਰਾਂ ਦੀ ਮੌਜੂਦਾ ਉਲਝਣ ਬੰਦ ਹੋ ਜਾਵੇਗੀ।

### • *ਘੱਟ ਮੁਕੱਦਮੇਬਾਜ਼ੀ*

ਜੀ ਐੱਸ ਟੀ ਤਹਿਤ ਕਰ ਪ੍ਰਣਾਲੀ ਦੇ ਅਧਿਕਾਰਾਂ ਸੰਬੰਧੀ ਸਪੱਸ਼ਟਤਾ ਕਾਰਨ ਵਾਪਰਨ ਵਾਲੀ ਮੁਕੱਦਮੇਬਾਜ਼ੀ ਵਿੱਚ ਕਮੀ ਹੋ ਜਾਵੇਗੀ, ਜਿਵੇਂ ਕਿ ਮੌਜੂਦਾ ਢਾਂਚੇ ਵਿੱਚ ਹੋ ਰਿਹਾ ਹੈ ਜਿਸ ਵਿੱਚ ਸਾਫਟਵੇਅਰ, ਵਸਤਾਂ ਦੀ ਵਰਤੋਂ ਦੇ ਅਧਿਕਾਰ ਆਦਿ ਸੰਬੰਧੀ ਮਾਮਲਿਆਂ ਵਿੱਚ ਕੇਂਦਰ ਅਤੇ ਰਾਜਾਂ ਦਰਮਿਆਨ ਕਰ ਪ੍ਰਣਾਲੀ ਦੇ ਅਧਿਕਾਰ ਖੇਤਰ ਬਾਰੇ ਹਾਲੇ ਵੀ ਗ਼ੈਰ-ਯਕੀਨੀ ਮੌਜੂਦ ਹੈ। ਜੀ ਐੱਸ ਟੀ ਨਿਜ਼ਾਮ ਵਿੱਚ ਇਕੋ ਕਰ ਹੋਣ ਨਾਲ, ਵੱਖ-ਵੱਖ ਕਰ ਕਾਨੂੰਨਾਂ ਵਿੱਚ ਬਹੁ-ਸਮੀਖਿਆਵਾਂ

ਦੇ ਮੁਕਾਬਲੇ ਰੁਕਾਵਟ ਰਹਿਤ ਸਮੀਖਿਆ ਹੋ ਸਕੇਗੀ।

***• ਸਰਕਾਰ ਦੁਆਰਾ ਕੁਸ਼ਲ ਪ੍ਰਬੰਧਨ***

ਵਰਤਮਾਨ ਸਮੇਂ, ਬਹੁਤੇ ਕਰਾਂ ਅਤੇ ਉਨ੍ਹਾਂ ਦੇ ਵਾਧੇ ਦੇ ਪ੍ਰਭਾਵਾਂ ਦੇ ਚਲਦਿਆਂ ਏਕੀਕ੍ਰਿਤ ਨੈੱਟਵਰਕ, ਅਸਿੱਧੇ ਕਰਾਂ ਦਾ ਪ੍ਰਬੰਧਨ ਸਰਕਾਰ ਲਈ ਪਹਾੜ ਜਿੱਡਾ ਕੰਮ ਹੈ ਜਿਸ ਨਾਲ ਪਾਲਣਾ ਅਤੇ ਪ੍ਰਬੰਧਨ ਲਾਗਤਾਂ ਵਿੱਚ ਵੀ ਵਾਧਾ ਹੁੰਦਾ ਹੈ। ਪ੍ਰਸਤਾਵਿਤ ਜੀ ਐੱਸ ਟੀ ਨਿਜ਼ਾਮ ਅਧੀਨ ਏਕੀਕ੍ਰਿਤ ਕਰਾਂ ਦੀ ਦਰ, ਇਨਪੁਟ ਟੈਕਸ ਕ੍ਰੈਡਿਟ ਦਾ ਸਰਲ ਤੰਤਰ ਅਤੇ ਏਕੀਕ੍ਰਿਤ ਜੀ ਐੱਸ ਟੀ ਨੈੱਟਵਰਕ ਹੋਣ ਕਰਕੇ ਜਾਣਕਾਰੀ ਸੌਖੀ ਉਪਲਬਧ ਹੋਵੇਗੀ ਅਤੇ ਸਰਕਾਰ ਲਈ ਸਰੋਤ ਪ੍ਰਬੰਧਨ ਸੌਖਾ ਅਤੇ ਕੁਸ਼ਲ ਹੋਵੇਗਾ। ਇਕੋ ਕਰ ਹੋਵੇਗਾ, ਗਲਤੀਆਂ ਘੱਟ ਹੋਣਗੀਆਂ ਮੁਕੱਦਮੇਬਾਜ਼ੀ ਵੀ ਘਟੇਗੀ ਜਿਸ ਦਾ ਸਿੱਟਾ ਘੱਟ ਪ੍ਰਬੰਧਨ ਲਾਗਤਾਂ ਦੇ ਰੂਪ ਵਿੱਚ ਵੀ ਨਿਕਲੇਗਾ।

## ਜੀ ਐੱਸ ਟੀ ਤਹਿਤ ਚੁਨੌਤੀਆਂ

ਵਸਤੂ ਅਤੇ ਸੇਵਾ ਕਰ, ਜਿਸ ਨੂੰ ਵਪਾਰ, ਨਿਰਮਾਣਕਾਰਾਂ, ਵਪਾਰੀਆਂ ਅਤੇ ਦੇਸ਼ ਭਰ ਦੇ ਸੇਵਾ ਪ੍ਰਦਾਤਿਆਂ ਉਤੇ ਪੈਣ ਵਾਲੇ ਦੂਰਗਾਮੀ ਪ੍ਰਭਾਵ ਕਾਰਨ "ਸੰਭਾਵੀ ਬਦਲਾਅ ਦਾ ਕਾਰਕ" ਆਖਿਆ ਗਿਆ ਹੈ, ਨੂੰ ਇਕ ਸੰਯੁਕਤ ਕਰ ਛਤਰੀ ਅਧੀਨ ਰੱਖਿਆ ਗਿਆ ਹੈ ਅਤੇ ਪਹਿਲੇ ਤੋਂ ਉਲਟ ਵੱਖ-ਵੱਖ ਕਰਾਂ ਨਾਲ ਮੱਥਾ-ਮਾਰੀ ਕਰਨ ਦੀ ਹੁਣ ਕੋਈ ਲੋੜ ਨਹੀਂ ਰਹਿ ਗਈ।

ਆਜ਼ਾਦੀ ਦੇ 70 ਵਰ੍ਹਿਆਂ ਵਿੱਚ ਐੱਨ ਡੀ ਏ ਸਰਕਾਰ ਵਲੋਂ ਕੀਤਾ ਗਿਆ ਇਹ ਇਕੱਲਾ ਸਭ ਤੋਂ ਵੱਡਾ ਕਰ ਸੁਧਾਰ ਹੈ ਜਿਸ ਵਿੱਚ "ਇਕ ਦੇਸ਼ ਇਕ ਬਾਜ਼ਾਰ, ਇਕ ਕਰ" ਦੇ ਸੰਕਲਪ ਨੂੰ ਵੇਖਿਆ ਗਿਆ ਹੈ। ਪਰ ਕਿਸੇ ਵੀ ਨਵੇਂ ਕਾਨੂੰਨ ਨਾਲ ਕੁੱਝ ਸ਼ੁਰੂਆਤੀ ਸਮੱਸਿਆਵਾਂ ਵੀ ਆਉਂਦੀਆਂ ਹਨ।

ਕੁੱਝ ਦਰਪੇਸ਼ ਚੁਨੌਤੀਆਂ ਹੇਠ ਲਿਖੇ ਅਨੁਸਾਰ ਹਨ :

***• ਸੂਚਨਾ ਤਕਨੀਕ ਦੀ ਤਿਆਰੀ ਅਤੇ ਬੁਨਿਆਦੀ ਢਾਂਚਾ :*** ਜੀ ਐੱਸ ਟੀ ਇਕ ਸੂਚਨਾ ਤਕਨਾਲੋਜੀ ਮੁਖੀ ਕਾਨੂੰਨ ਹੈ ਅਤੇ ਇਹ ਯਕੀਨ ਨਾਲ ਨਹੀਂ ਕਿਹਾ ਜਾ ਸਕਦਾ ਕਿ ਕੀ ਮੌਜੂਦਾ ਸਮੇਂ ਭਾਰਤ ਦੇ ਸਾਰੇ ਰਾਜ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਇਸ ਨਵੇਂ ਕਾਨੂੰਨ ਨੂੰ ਲਾਗੂ ਕਰਨ ਲਈ ਬੁਨਿਆਦੀ ਢਾਂਚੇ ਅਤੇ ਲੋੜੀਂਦੀ ਮਨੁੱਖੀ ਸ਼ਕਤੀ ਨਾਲ ਲੈਸ ਹਨ। ਕਰਨਾਟਕ, ਮਹਾਰਾਸ਼ਟਰ ਅਤੇ ਗੁਜਰਾਤ ਵਰਗੇ ਕੁੱਝ ਰਾਜਾਂ ਨੂੰ ਛੱਡ ਕੇ, ਜੋ ਈ-ਸ਼ਾਸਨ ਮਾਡਲ ਦੇ ਮੋਹਰੀ ਹਨ, ਬਾਕੀ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਅਜਿਹੇ ਰੁਝਾਨ ਬਾਰੇ ਸਾਨੂੰ ਸੁਣਨ ਨੂੰ ਨਹੀਂ ਮਿਲਿਆ। ਕੁੱਝ ਰਾਜਾਂ ਅੰਦਰ ਅੱਜ ਵੀ ਵੈਟ ਰਿਟਰਨਾਂ ਹੱਥੀਂ ਦਾਖਲ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਨੂੰ ਵੀ ਨਾਲ ਲੈ ਕੇ ਤੁਰਨ ਦੀ ਲੋੜ ਹੈ।

***• ਅਫ਼ਸਰਾਂ ਦੀ ਸਿਖਲਾਈ :*** ਕਿਸੇ ਵੀ ਨਵੇਂ ਜਾਂ ਪੁਰਾਣੇ ਕਾਨੂੰਨ ਅਤੇ ਨਵੀਂ ਵਿਚਾਰ ਪ੍ਰਕਿਰਿਆ ਵਿੱਚ ਭਰੋਸਾ ਦਿਖਾਉਣ ਦੀ ਲੋੜ ਹੁੰਦੀ ਹੈ। ਪੁਰਾਣੇ ਕਾਨੂੰਨ ਨੂੰ ਭੁੱਲਣਾ ਅਤੇ ਜੀ ਐੱਸ ਟੀ ਦੇ ਪ੍ਰਾਵਧਾਨਾਂ ਨੂੰ ਸਿੱਖਣਾ ਜ਼ਰੂਰੀ ਹੈ। ਕੇਂਦਰ ਅਤੇ ਰਾਜ ਸਰਕਾਰਾਂ ਦੇ ਸਾਰੇ ਅਧਿਕਾਰੀ, ਭਾਵੇਂ ਉਹ ਵੈਟ, ਸੇਵਾ ਕਰ, ਆਬਕਾਰੀ ਜਾਂ ਸੀਮਾ ਸ਼ੁਲਕ ਖੇਤਰਾਂ ਵਿੱਚ ਕੰਮ ਕਰਦੇ ਹੋਣ, ਉਨ੍ਹਾਂ ਨੂੰ ਜੀ ਐੱਸ ਟੀ ਦੇ ਪ੍ਰਾਵਧਾਨਾਂ ਅਤੇ ਇਸ ਦੇ ਸੰਭਵ ਪ੍ਰਭਾਵਾਂ ਨੂੰ ਕਰਾਂ ਦੀ ਮੌਜੂਦਾ ਵਿਵਸਥਾ ਦੇ ਨਾਲ-ਨਾਲ ਸਿਖਣਾ ਹੋਵੇਗਾ।

ਹੋਰ, ਜੀ ਐੱਸ ਟੀ ਕਾਨੂੰਨ ਸੂਚਨਾ ਤਕਨਾਲੋਜੀ ਤੋਂ ਬਹੁਤ ਜ਼ਿਆਦਾ ਨਿਰਭਰ ਹੈ, ਇਸ ਲਈ ਇਸ ਦੀ ਪ੍ਰਭਾਵੀ ਵਰਤੋਂ ਅਤੇ ਅਮਲ ਲਈ ਵਿਭਾਗੀ ਅਫ਼ਸਰਾਂ ਨੂੰ ਢੁੱਕਵੀਂ ਸਿਖਲਾਈ ਦੇਣ ਦੀ ਲੋੜ ਹੈ।

***• ਨਵਾਂ ਪੰਜੀਕਰਨ ਕਰਵਾਉਣ ਵਾਲੇ:*** ਉਮੀਦ ਕੀਤੀ ਜਾਂਦੀ ਹੈ ਕਿ ਬਹੁਤ ਸਾਰੇ ਨਵੇਂ ਪੰਜੀਕਰਨ ਕਰਵਾਉਣ ਵਾਲੇ ਜੀ ਐੱਸ ਟੀ ਦੇ ਦਾਇਰੇ ਹੇਠ ਆਉਣਗੇ ਜੋ ਹਾਲੇ ਤੱਕ ਛੋਟਾਂ ਕਰਕੇ ਕਰ ਦਾਇਰੇ ਤੋਂ ਬਾਹਰ ਚਲੇ ਆ ਰਹੇ ਸਨ ਕਿਉਂਕਿ ਜੀ ਐੱਸ ਟੀ ਵਿੱਚ ਕਰ ਯੋਗ ਵੰਨਗੀਆਂ ਦੀ ਗੁੰਜਾਇਸ਼ ਵੱਧ ਹੈ। ਮੌਜੂਦਾ ਪੰਜੀਕ੍ਰਿਤ ਕਰਦਾਤਿਆਂ ਨੂੰ ਨਵੀਂ ਪ੍ਰਣਾਲੀ ਵਿੱਚ ਲਿਆਉਣਾ ਨਵੇਂ ਕਰਦਾਤਿਆਂ ਦਾ ਪੰਜੀਕਰਨ ਅਤੇ ਬਦਲਾਅ ਦੇ ਮੁੱਦਿਆਂ ਨੂੰ ਹੱਲ ਕਰਨਾ ਇਕ ਵੱਡੀ ਚੁਨੌਤੀ ਹੈ।

***• ਬਦਲਾਅ ਸੰਬੰਧੀ ਮੁੱਦੇ :*** ਬਹੁਤ ਸਾਰੇ ਅਜਿਹੇ ਖੇਤਰ ਹਨ ਜਿਨ੍ਹਾਂ ਦਾ ਜੀ ਐੱਸ ਟੀ ਵੱਲ ਬਦਲਾਅ ਦੇ ਹਿੱਸੇ ਵਜੋਂ ਹੱਲ ਕਰਨਾ ਪਵੇਗਾ। ਪੰਜੀਕਰਨ, ਕ੍ਰੈਡਿਟ ਨੂੰ ਅੱਗੇ ਲੈ ਕੇ ਜਾਣ, ਨਵਾਂ ਕ੍ਰੈਡਿਟ ਲੈਣ, ਬਕਾਇਆ ਰਿਫੰਡ/ਛੋਟ ਦਾਅਵੇ, ਠੇਕਿਆਂ ਦੀ ਸਮੀਖਿਆ, ਅਧੂਰੇ ਲੈਣ-ਦੇਣ ਲਈ ਕਰ ਦਰਾਂ ਵਿੱਚ ਬਦਲਾਅ, ਬਕਾਇਆ ਸਮੀਖਿਆਵਾਂ, ਜਾਬ ਵਰਕ ਲੈਣ-ਦੇਣ, ਹੱਥ ਵਿਚਲੇ ਸਟਾਕ ਨਾਲ ਸਿੱਝਣਾ, ਰਿਟਰਨਾਂ ਦਾਖਲ ਕਰਨਾ ਆਦਿ ਸੰਬੰਧੀ ਕਈ ਤੌਖਲੇ ਹਨ। ਰੁਕਾਵਟ ਰਹਿਤ ਬਦਲਾਅ ਦੀ ਲੋੜ ਜੀ ਐੱਸ ਟੀ ਸਫਲਤਾ ਲਈ ਬਹੁਤ ਜ਼ਰੂਰੀ ਹੈ। ਬਦਲਾਅ ਦੇ ਨਿਯਮ ਹੋਣ ਦੇ ਬਾਵਜੂਦ ਇਸ ਮੋਰਚੇ ਉਤੇ ਕਈ ਪੇਚੀਦਾ ਹਾਲਾਤ ਪੈਦਾ ਹੋ ਸਕਦੇ ਹਨ। ਮਾਹਰਾਂ ਅਤੇ ਸਲਾਹਕਾਰਾਂ ਨੂੰ ਇਨ੍ਹਾਂ ਉੱਠਣ ਵਾਲੇ ਸਵਾਲਾਂ ਦੇ ਹੱਲ ਲਈ ਖੂਬ ਮੱਥਾ-ਮਾਰੀ ਕਰਨੀ ਹੋਵੇਗੀ।

***• ਬਕਾਇਆ ਮਾਮਲੇ/ਪਿਛਲੇ ਝਗੜੇ :*** ਮੌਜੂਦਾ ਅਸਿੱਧੇ ਕਰ ਕਾਨੂੰਨਾਂ ਦੇ ਸੰਦਰਭ ਵਿੱਚ ਬਹੁਤ ਸਾਰੇ ਝਗੜੇ ਬਕਾਇਆ ਪਏ ਹਨ (ਕੇਂਦਰ ਅਤੇ ਰਾਜਾਂ ਦੇ), ਜੋ ਵੱਖ-ਵੱਖ ਪੜਾਵਾਂ ਉਤੇ ਹਨ ਜਿਵੇਂ ਨਿਆਂਇਕ ਫੈਸਲਾ ਜਾਂ ਅਪੀਲੀ ਪੱਧਰ ਉਤੇ। ਨਿਆਂਇਕ ਫੈਸਲਾ/ਅਪੀਲੀ ਅਧਿਕਾਰੀ, ਅਦਾਲਤਾਂ ਅਤੇ ਟ੍ਰਿਬਿਊਨਲ ਬਕਾਇਆ ਮਾਮਲਿਆਂ ਦੇ ਬੋਝ ਥੱਲੇ ਦੱਬੇ ਪਏ ਹਨ। ਜੀ ਐੱਸ ਟੀ ਹੁਣ ਲਾਗੂ ਹੋਣ ਤੋਂ ਬਾਅਦ ਸਰਕਾਰ ਨੂੰ ਇਨ੍ਹਾਂ ਝਗੜਿਆਂ ਦੇ ਹੱਲ ਲਈ ਢੰਗ ਤਰੀਕੇ ਲੱਭਣੇ ਚਾਹੀਦੇ ਹਨ। ਕਰ ਵਿਵਾਦ ਸਮਾਧਾਨ ਸਕੀਮ ਦੀ ਤਰਜ਼ ਉਤੇ ਝਗੜੇ ਦੇ ਨਿਪਟਾਰੇ ਲਈ ਸਕੀਮ ਦੀ ਸੰਭਾਵਨਾ ਬਾਰੇ ਸੋਚਣ ਦੀ ਲੋੜ ਹੈ ਜਿਸ ਨਾਲ ਵਾਦੀਆਂ ਨੂੰ ਪਹਿਲੇ ਕਾਨੂੰਨਾਂ ਤਹਿਤ ਬਕਾਇਆ ਪਏ ਮਾਮਲਿਆਂ ਦੇ ਹੱਲ ਲਈ ਸਹਾਇਤਾ ਮਿਲੇਗੀ। ਜੇ ਪਿਛਲੇ ਝਗੜੇ ਚੱਲਦੇ ਰਹੇ ਤਾਂ ਫਿਰ ਨਿਆਂਇਕ ਫੈਸਲੇ/ਅਪੀਲੀ ਅਧਿਕਾਰੀ, ਅਦਾਲਤਾਂ/ਟ੍ਰਿਬਿਊਨਲ ਪੁਰਾਣੇ ਮਾਮਲਿਆਂ ਵਿੱਚ ਹੀ ਫਸੇ ਰਹਿਣਗੇ ਅਤੇ ਉਨ੍ਹਾਂ ਕੋਲ ਜੀ ਐੱਸ ਟੀ ਕਾਨੂੰਨ ਤਹਿਤ ਪੈਦਾ ਹੋਣ ਵਾਲੇ ਮੁੱਦਿਆਂ/ਝਗੜਿਆਂ ਦੇ ਹੱਲ ਲਈ ਸਮਾਂ ਹੀ ਨਹੀਂ ਹੋਵੇਗਾ।

***• ਕਰ ਪ੍ਰਬੰਧਨ (ਅਨੁਕੂਲਣ/ਰਲੇਵਾਂ) :*** ਜੀ ਐੱਸ ਟੀ ਢਾਂਚਾ ਬਣਨ ਨਾਲ ਕੇਂਦਰ ਅਤੇ ਰਾਜ ਪੱਧਰੀ ਅਧਿਕਾਰੀਆਂ ਵਲੋਂ ਇਕ ਛੱਤ ਥੱਲੇ ਨਾਲੋਂ ਨਾਲ ਕੰਮ ਕਰ ਲਦੀ ਉਮੀਦ ਕੀਤੀ ਜਾਂਦੀ ਹੈ ਜਿਸ ਲਈ ਉਨ੍ਹਾਂ ਨੂੰ ਪੁਰਾਣੇ ਨਿਜ਼ਾਮ ਤਹਿਤ ਝਗੜਿਆਂ ਅਤੇ ਮੱਤ ਭੇਦਾਂ ਨੂੰ ਛੱਡਣਾ ਹੋਵੇਗਾ।

ਕਾਡਰ ਸੰਬੰਧੀ ਮੱਤਭੇਦ ਉੱਠ ਸਕਦੇ ਹਨ ਕਿਉਂਕਿ ਮੌਜੂਦਾ ਸਮੇਂ ਕੇਂਦਰੀ ਆਬਕਾਰੀ ਅਤੇ ਸੇਵਾ ਕਰ ਵਿੱਚ ਵਿਭਾਗਾਂ ਦੇ ਮੁਖੀ ਭਾਰਤੀ ਮਾਲੀਆ ਸੇਵਾ ਤੋਂ ਹਨ ਜਦ ਕਿ ਰਾਜ ਵਪਾਰਕ ਵਿਭਾਗ ਅਤੇ ਕਮਿਸ਼ਨਰ ਪੱਧਰ ਦੇ ਅਧਿਕਾਰੀ ਭਾਰਤੀ ਪ੍ਰਸ਼ਾਸਨਿਕ ਸੇਵਾ ਤੋਂ ਹਨ। ਉਨ੍ਹਾਂ ਦੇ ਮਾਤਹਿਤ ਰਾਜ ਪ੍ਰਸ਼ਾਸਨ ਸੇਵਾ ਤੋਂ ਹੋਣਗੇ। ਕੇਂਦਰੀ ਆਬਕਾਰੀ ਅਤੇ ਸੇਵਾ ਕਰ ਵਿੱਚ ਪ੍ਰਿੰਸੀਪਲ ਚੀਫ ਕਮਿਸ਼ਨਰ ਜਾਂ ਕਮਿਸ਼ਨਰ ਅਤੇ ਚੀਫ ਕਮਿਸ਼ਨਰ ਜਾਂ ਕਮਿਸ਼ਨਰ ਆਦਿ ਦੇ ਪਦ ਹੁੰਦੇ ਹਨ। ਜੀ ਐੱਸ ਟੀ ਨਿਜ਼ਾਮ ਵਿੱਚ ਇਨ੍ਹਾਂ ਮੱਤਭੇਦਾਂ ਨੂੰ ਕਿਵੇਂ ਹੱਲ ਕੀਤਾ ਜਾਵੇਗਾ, ਇਹ ਵੇਖਣਾ ਹਾਲੇ ਬਾਕੀ ਹੈ।

### ਛੋਟੇ ਉੱਦਮਾਂ ਉਤੇ ਅਸਰ

ਛੋਟੇ ਉੱਦਮਾਂ ਉਤੇ ਜੀ ਐੱਸ ਟੀ ਉਤੇ ਪ੍ਰਭਾਵ ਨੂੰ ਅਕਸਰ ਤੌਖਲੇ ਵਜੋਂ ਪੇਸ਼ ਕੀਤਾ ਜਾਂਦਾ ਹੈ। ਜੀ ਐੱਸ ਟੀ ਨਿਜ਼ਾਮ ਵਿੱਚ ਛੋਟੇ ਉੱਦਮਾਂ ਦੇ ਤਿੰਨ ਵਰਗ ਹੋ ਸਕਦੇ ਹਨ :

- ਉਹ ਜਿਨ੍ਹਾਂ ਦਾ ਕਾਰੋਬਾਰ 20 ਲੱਖ ਰੁਪਏ ਤੋਂ ਘੱਟ ਹੈ (ਵਿਸ਼ੇਸ਼ ਮਾਮਲਿਆਂ ਵਿੱਚ 10 ਲੱਖ) ਜਿਨ੍ਹਾਂ ਨੂੰ ਜੀ ਐੱਸ ਟੀ ਤਹਿਤ ਪੰਜੀਕਰਨ ਦੀ ਜ਼ਰੂਰਤ ਨਹੀਂ। ਵਿਹਾਰਕ ਤੌਰ ਤੇ, ਉਹ ਸਿਰਫ ਖਪਤਕਾਰ ਵਪਾਰੀ/ਨਿਰਮਾਤਾ/ਖਾਣੇ ਦੀ ਸੇਵਾ ਪ੍ਰਦਾਨ ਕਰਨ ਵਾਲਾ ਵਪਾਰ ਹੀ ਕਰ ਸਕਦੇ ਹਨ।

- 75 ਲੱਖ ਤੱਕ ਦੇ ਕਾਰੋਬਾਰ ਕਰਨ ਵਾਲੇ ਨਿਰਮਾਤਾਵਾਂ ਕੋਲ 2.5 ਪ੍ਰਤਿਸ਼ਤ ਕਰ ਦੇਣ ਦਾ ਬਦਲ ਹੈ। ਵਪਾਰੀਆਂ ਲਈ ਇਹ ਦਰ 1 ਪ੍ਰਤਿਸ਼ਤ ਹੋਵੇਗੀ। ਇਨਪੁਟ ਟੈਕਸ ਕ੍ਰੈਡਿਟ ਦੀਆਂ ਸੰਭਾਵਨਾਵਾਂ ਨੂੰ ਵੇਖਦਿਆਂ ਲਗਦਾ ਹੈ ਕਿ ਬੀ2ਬੀ ਵਪਾਰ ਕਰਨ ਵਾਲੇ ਸਾਰੇ ਛੋਟੇ ਉੱਦਮ ਕਾਰੋਬਾਰੀ ਕਰ ਬਦਲ ਨੂੰ ਨਹੀਂ ਚੁਣਨਗੇ। ਵਿਹਾਰਕ ਤੌਰ ਤੇ ਉਹ ਸਿਰਫ ਖਪਤਕਾਰ ਵਪਾਰੀ/ਨਿਰਮਾਤਾ/ਖਾਣੇ ਦੀ ਸੇਵਾ ਪ੍ਰਦਾਨ ਕਰਨ ਵਾਲਾ ਵਪਾਰ ਹੀ ਕਰ ਸਕਦੇ ਹਨ।

- ਛੋਟੇ ਉੱਦਮਾਂ ਦਾ ਤੀਜਾ ਵਰਗ, ਜਿਨ੍ਹਾਂ ਦਾ ਕਾਰੋਬਾਰ ਬੁਨਿਆਦੀ ਸੀਮਾ ਤੋਂ ਉਤਾਂਹ ਹੋਵੇਗਾ, ਉਨ੍ਹਾਂ ਨੂੰ ਜੀ ਐੱਸ ਟੀ ਢਾਂਚੇ ਵਿੱਚ ਆਉਣਾ ਪਵੇਗਾ।

### ਦੂਸਰੇ ਮੁੱਦੇ

- ਜੀ ਐੱਸ ਟੀ ਕਾਨੂੰਨ ਨੂੰ ਪੂਰੀ ਤਰ੍ਹਾਂ ਸਮਝਣਾ ਤਾਂ ਜੋ ਵਪਾਰ ਉਤੇ ਪੈਣ ਵਾਲੇ ਸੰਭਾਵੀ ਪ੍ਰਭਾਵਾਂ ਨੂੰ ਖਤਮ ਕੀਤਾ ਜਾ ਸਕੇ।

- ਜੀ ਐੱਸ ਟੀ ਤਹਿਤ ਉਪਲਬਧ ਇਨਪੁਟ ਕ੍ਰੈਡਿਟ ਦੇ ਢੰਗ ਅਤੇ ਮਾਤਰਾ ਦੀ ਸਮੀਖਿਆ ਕਰਨਾ।

- ਨਵੇਂ ਜੀ ਐੱਸ ਟੀ ਕੀਮਤ ਢਾਂਚੇ ਦੀ ਪਿੱਠਭੂਮੀ ਵਿੱਚ ਉਤਪਾਦਾਂ ਲਈ ਮੁਕਾਬਲੇਬਾਜ਼ੀ ਅਤੇ ਮੰਗ ਦਾ ਮੁੱਲਾਂਕਣ ਕਰਨਾ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਤਪਾਦਾਂ ਦੀ ਕੀਮਤ ਨਾ ਵੱਧ ਹੋਵੇ ਅਤੇ ਨਾ ਹੀ ਘੱਟ।

- ਸੰਗਠਨ ਲਈ ਵਿਧੀਆਂ/ਐੱਸ ਓ ਪੀਜ਼ ਤਿਆਰ ਕਰਨੇ।

- ਦਿੱਤੀ ਤਾਰੀਖ ਤੱਕ ਰਿਕਾਰਡ ਪੂਰਾ ਕਰਨ ਅਤੇ ਰਿਕਾਰਡ ਵਿੱਚ ਜ਼ਰੂਰੀ ਸੋਧਾਂ/ਵਾਧੇ/ਘਾਟੇ ਕਰਨੇ ਤਾਂ ਕਿ ਨਵੇਂ ਕਾਨੂੰਨ ਦੀਆਂ ਲੋੜਾਂ ਪੂਰੀਆਂ ਕੀਤੀਆਂ ਜਾ ਸਕਣ।

- ਬਦਲਾਅ ਸੰਬੰਧੀ ਜ਼ਰੂਰਤਾਂ।

- ਰਿਟਰਨਾਂ ਵਿੱਚ ਵਪਾਰ ਦੇ ਸਹੀ ਵੇਰਵੇ ਦੇਵੇ, ਮਿਸਾਲ ਦੇ ਲਈ ਸੀ ਈ ਐੱਲ ਵੀ ਏ ਟੀ ਕ੍ਰੈਡਿਟ, ਜੋ 30 ਜੂਨ, 2017 ਨੂੰ ਖਤਮ ਹੋ ਰਹੇ ਸਮੇਂ ਦੀ ਰਿਟਰਨ ਵਿੱਚ ਦਿਖਾਇਆ ਗਿਆ ਹੈ, ਨੂੰ ਹੀ ਦਿੱਤੀ ਤਾਰੀਖ ਤੋਂ ਬਾਅਦ ਅੱਗੇ ਲੈ ਕੇ ਜਾਣ ਦੀ ਆਗਿਆ ਦਿੱਤੀ ਜਾਵੇਗੀ।

- ਵਸਤੂ ਸੂਚੀ ਦੀ ਪੜਚੋਲ ਅਤੇ ਢੁਕਵੇਂ ਤਰੀਕੇ ਨਾਲ ਦਰਜ ਕਰਨਾ।

- ਜੀ ਐੱਸ ਟੀ ਦੀਆਂ ਜ਼ਰੂਰਤਾਂ ਮੁਤਾਬਕ ਸੂਚਨਾ ਤਕਨਾਲੋਜੀ ਢਾਂਚਾ ਵਿਕਸਤ ਕਰਨਾ।

- ਐੱਮ ਆਈ ਐੱਸ ਰਿਪੋਰਟਾਂ ਦਾ ਮੁੱਲਾਂਕਣ ਕਰਨਾ ਜਿਨ੍ਹਾਂ ਦੀ ਜੀ ਐੱਸ ਟੀ ਉਤੇ ਅਮਲ ਉਪਰੰਤ ਜ਼ਰੂਰਤ ਪਵੇਗੀ।

- ਦੂਸਰੇ ਕਾਨੂੰਨਾਂ ਅਤੇ ਕਸਟਮਜ਼ ਅਤੇ ਐੱਫ ਟੀ ਪੀ ਨਾਲ ਏਕੀਕਰਨ ਦਾ ਮੁੱਲਾਂਕਣ।

ਉਪਰੋਕਤ ਚੁਨੌਤੀਆਂ ਅਤੇ ਸਮੱਸਿਆਵਾਂ ਦੇ ਬਾਵਜੂਦ, ਜੀ ਐੱਸ ਟੀ ਇਕ ਪਾਰਦਰਸ਼ਤਾ ਲਿਆਵੇਗੀ ਜਿਸ ਨਾਲ ਕਿਸੇ ਉਤਪਾਦ ਉਤੇ ਲੱਗਣ ਵਾਲੇ ਕਰਾਂ ਨੂੰ ਮਾਪਿਆ ਜਾ ਸਕੇਗਾ ਅਤੇ ਛੁਪੇ ਹੋਏ ਕਰਾਂ ਦਾ ਖਾਤਮਾ ਹੋ ਸਕੇਗਾ ਜੋ ਹੁਣ ਤੱਕ ਅਦਾ ਕਰਦੇ ਆਏ ਹਾਂ। ਜੀ ਐੱਸ ਟੀ ਨਾਲ ਦੇਸ਼ ਭਰ ਵਿੱਚ ਵਸਤਾਂ ਤੇ ਸੇਵਾਵਾਂ ਦੀ ਰੁਕਾਵਟ ਰਹਿਤ ਆਮਦੋ ਰਫਤ ਹੋ ਸਕੇਗੀ ਜਿਸ ਨਾਲ ਭਾਰਤ ਦੇ ਕੁੱਲ ਘਰੇਲੂ ਉਤਪਾਦ ਵਿੱਚ 1 ਤੋਂ 1.8 ਪ੍ਰਤਿਸ਼ਤ ਵਾਧਾ ਹੋਣ ਦੀ ਉਮੀਦ ਕੀਤੀ ਜਾ ਰਹੀ ਹੈ। ਬਹੁਤੇ ਕਰਾਂ ਵਿੱਚ ਕਮੀ ਹੋਣ ਨਾਲ ਵਿਦੇਸ਼ੀ ਨਿਵੇਸ਼ਕਾਂ ਦਾ ਭਰੋਸਾ ਜਾਗੇਗਾ ਜਿਸ ਨਾਲ ਦੇਸ਼ ਵਿੱਚ ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਉਤਸ਼ਾਹ ਮਿਲੇਗਾ।

ਇਕ ਚੰਗੀ ਸ਼ੁਰੂਆਤ ਵਜੋਂ ਜੀ ਐੱਸ ਟੀ ਲਾਗੂ ਕਰਨ ਲਈ ਸਾਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਉਨ੍ਹਾਂ ਦੀ ਟੀਮ ਦੀ ਸ਼ਲਾਘਾ ਕਰਨੀ ਚਾਹੀਦੀ ਹੈ। ਸੁਧਾਰ ਏਥੇ ਹੀ ਖਤਮ ਨਹੀਂ ਹੋ ਜਾਂਦੇ ਪਰ ਸਭ ਤੋਂ ਲੋੜੀਂਦਾ ਪਹਿਲਾ ਕਦਮ ਪੁੱਟਿਆ ਗਿਆ ਹੈ। ਹੋਰ ਸੁਧਾਰ ਹੋਣ ਨਾਲ ਅਸੀਂ ਉਮੀਦ ਕਰਦੇ ਹਾਂ ਕਿ ਭਾਰਤ ਦੀ ਆਰਥਿਕਤਾ ਨਵੀਆਂ ਬੁਲੰਦੀਆਂ ਸਰ ਕਰੇਗੀ।

*(ਲੇਖਕ ਆਈ ਸੀ ਏ ਆਈ ਦੇ ਸਾਬਕਾ ਮੁਖੀ ਹਨ)*

*e-mail :devarajareddy@yahoo.com*

**ਯੋਜਨਾ (ਪੰਜਾਬੀ)**

**ਦਾ ਅਗਲਾ ਅੰਕ**

- **ਸਤੰਬਰ 2017 – ਇਹ ਅੰਕ 'ਸਭ ਲਈ ਘਰ' ਉੱਤੇ ਕੇਂਦਰਿਤ ਹੋਵੇਗਾ।**

**ਯੋਜਨਾ (ਪੰਜਾਬੀ) ਦੀਆਂ ਚੰਦਾ ਦਰਾਂ**

***ਇਕ ਸਾਲ : ₹230, ਦੋ ਸਾਲ : ₹430, ਤਿੰਨ ਸਾਲ : ₹610***

***ਗੁਆਂਢੀ ਦੇਸ਼ਾਂ ਲਈ ਸਾਲਾਨਾ ₹530,***

***ਯੂਰਪ ਤੇ ਹੋਰ ਦੇਸ਼ਾਂ ਲਈ ਸਾਲਾਨਾ ₹730***

# ਫ਼ੈਡਰਲ ਮਾਲੀ ਸੰਬੰਧਾਂ ਵਿੱਚ ਸੰਤੁਲਨ

**ਜੈਯੰਤਾ ਰਾਏ ਚੌਧਰੀ**

ਟੈਕਸ ਲਗਾਉਣ ਦੀ ਆਪਣੀ ਸੰਵਿਧਾਨਿਕ ਸਮਰੱਥਾ ਨੂੰ ਛੱਡਦੇ ਹੋਏ, ਰਾਜਾਂ ਨੇ ਨਵੇਂ ਸਰਬ ਭਾਰਤੀ ਵਸਤਾਂ ਅਤੇ ਸੇਵਾਵਾਂ ਕਾਨੂੰਨ ਨੂੰ ਸਫਲ ਬਣਾਉਣ ਲਈ ਇਕ ਵੱਡਾ ਜੂਆ ਖੇਡਿਆ ਹੈ।

**ਪਰ ਆਪਣੇ ਆਪ ਨੂੰ ਜੀ ਐੱਸ ਟੀ ਦੇ ਵਧੇਰੇ ਆਮਦਨ ਦੇਣ ਦੇ ਵਾਅਦੇ ਦੇ ਅਸਫਲ ਹੋਣ ਤੋਂ ਬਚਾਉਣ ਲਈ ਸੂਬਿਆਂ ਨੂੰ ਕਾਫੀ ਸਖਤ ਲੜਾਈ ਲੜਨੀ ਪਈ ਹੈ ਤਾਂ ਜੋ ਕੇਂਦਰ ਇਕ ਸੈੱਸ ਲੈ ਕੇ ਆਵੇ ਜਿਸ ਨਾਲ ਲਗਭਗ 50,000 ਕਰੋੜ ਰੁਪਏ ਤੋਂ ਵੱਧ ਇਕੱਠੇ ਹੋਣ ਜੋ ਕਿ ਸੂਬਿਆਂ ਵਿੱਚ ਆਮਦਨ ਦੀ ਕਿਸੇ ਕਮੀ ਦੇ ਮੁਆਵਜ਼ੇ ਵਜੋਂ ਵੰਡੇ ਜਾਣ।**

ਇਸ ਸੋਚ ਦੇ ਪਿੱਛੇ ਦਾ ਕਾਰਨ ਇਹ ਹੈ ਕਿ ਜੇ ਆਰਥਿਕਤਾ ਨੂੰ ਵਿਸ਼ਵ ਵਿੱਚ ਤੇਲ ਸੰਕਟ ਕਾਰਨ ਜਾਂ ਕਿਸੇ ਵੀ ਹੋਰ ਕਾਰਨ ਕਰਕੇ ਇਕ ਹੋਰ ਮੰਦੀ ਵਿੱਚੋਂ ਲੰਘਣਾ ਪਵੇ ਤਾਂ ਉਨ੍ਹਾਂ ਨਾਲ ਕੀਤੇ ਗਏ ਵਾਅਦੇ ਅਨੁਸਾਰ 7.5 ਜਾਂ 8 ਪ੍ਰਤਿਸ਼ਤ ਦੀ ਆਰਥਿਕ ਵਾਧਾ ਦਰ ਹਾਸਿਲ ਨਹੀਂ ਹੋ ਸਕੇਗੀ ਅਤੇ ਨਾ ਹੀ ਆਮਦਨ ਵਿੱਚ ਵਾਅਦੇ ਅਨੁਸਾਰ ਵਾਧਾ ਹੋ ਸਕੇਗਾ।

ਜੀ ਐੱਸ ਟੀ ਨਾਲ ਸਮੱਸਿਆ ਇਹ ਹੈ ਕਿ ਇਹ ਬਾਕੀ ਟੈਕਸਾਂ ਵਾਂਗ ਹੀ ਇਸ ਗੱਲ ਉੱਤੇ ਨਿਰਭਰ ਹੋ ਜਾਵੇਗਾ ਕਿ ਆਰਥਿਕਤਾ ਠੀਕ ਢੰਗ ਨਾਲ ਕੰਮ ਕਰੇ। ਵਿਚਾਰਧਾਰਕ ਅਧਾਰ ਉਤੇ ਤਾਂ ਜੀ ਐੱਸ ਟੀ ਨੂੰ ਆਪਣਾ ਟੈਕਸ ਦਾਇਰਾ ਵਧਾਉਣਾ ਚਾਹੀਦਾ ਹੈ। ਟੈਕਸ – ਜੀ ਡੀ ਪੀ ਅਨੁਪਾਤ ਮੌਜੂਦਾ ਦੇ 10 ਪ੍ਰਤਿਸ਼ਤ ਤੋਂ ਵਧਾ ਕੇ 16 ਪ੍ਰਤਿਸ਼ਤ ਹੋਣਾ ਚਾਹੀਦਾ ਹੈ। ਪਰ ਕੀ ਇਹ ਹਾਸਿਲ ਹੋ ਸਕੇਗਾ, ਇਹ ਇਸ ਗੱਲ ਉੱਤੇ ਨਿਰਭਰ ਕਰੇਗਾ ਕਿ ਅਗਲੇ ਸਾਲ ਜਾਂ ਉਸ ਤੋਂ ਬਾਅਦ ਕੀ ਹੁੰਦਾ ਹੈ। ਇਹ ਇਸ ਗੱਲ ਉਤੇ ਨਿਰਭਰ ਕਰਦਾ ਹੈ ਕਿ ਸਰਕਾਰ ਅਤੇ ਸੱਨਅਤ ਕਿਵੇਂ ਇਕ ਦੂਜੇ ਨਾਲ ਸਹਿਯੋਗ ਕਰਦੀਆਂ ਹਨ, ਇਸ ਨਾਲ ਹੀ ਸਮੁੱਚਾ ਲੈਣ-ਦੇਣ ਸਹੀ ਚੱਲ ਸਕੇਗਾ ਅਤੇ ਇਸ ਉੱਤੇ ਸਹੀ ਅਮਲ ਹੋ ਸਕੇਗਾ।

ਭਾਰਤੀ ਰਿਜ਼ਰਵ ਬੈਂਕ ਨੇ ਆਪ ਵੀ ਸੂਬਿਆਂ ਦੇ ਵਿੱਤ ਬਾਰੇ ਆਪਣੀ ਰਿਪੋਰਟ ਵਿੱਚ ਚੇਤਾਵਨੀ ਦਿੱਤੀ ਹੈ, "ਜੀ ਐੱਸ ਟੀ ਲਾਗੂ ਹੋਣ ਉੱਤੇ ਹੋਣ ਵਾਲੀ ਆਮਦਨ ਦੀ ਮੌਜੂਦਾ ਅਨਿਸਚਿਤਤਾ ਭਰੀ ਸਥਿਤੀ ਕਾਰਨ ਸੂਬਿਆਂ ਦੀਆਂ ਹੋਣ ਵਾਲੀਆਂ ਆਮਦਨ ਪ੍ਰਾਪਤੀਆਂ ਅਨਿਸਚਿਤਤਾ ਦੇ ਦੌਰ ਵਿੱਚੋਂ ਲੰਘ ਸਕਦੀਆਂ ਹਨ।"

ਦੂਜੇ ਪਾਸੇ ਸੂਬਿਆਂ ਨੂੰ ਇਕ ਲਗਾਤਾਰ ਵਧਣ ਵਾਲੇ ਖਰਚੇ ਵਾਲੇ ਮੋੜ ਦਾ ਸਾਹਮਣਾ ਕਰਨਾ ਪੈਂਦਾ ਹੈ। ਸੱਤਵੇਂ ਤਨਖ਼ਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕੀਤਾ ਜਾ ਰਿਹਾ ਹੈ, ਇਸ ਨਾਲ ਉਨ੍ਹਾਂ ਦਾ ਤਨਖ਼ਾਹਾਂ ਦਾ ਬਿੱਲ ਕਾਫੀ ਵਧਣ ਦੀ ਆਸ ਹੈ। ਉੱਤਰ ਪ੍ਰਦੇਸ਼ ਨੇ ਕਿਸਾਨਾ ਦੇ ਕਰਜ਼ੇ ਮਾਫ਼ ਕਰਨ ਵਿੱਚ ਕਾਹਲੀ ਵਿਖਾਈ ਹੈ ਅਤੇ ਉਸ ਤੋਂ ਬਾਅਦ ਤਿੰਨ ਹੋਰ ਰਾਜ ਸਰਕਾਰਾਂ ਵੀ ਅਜਿਹੇ ਕਰਜ਼ਾ ਮਾਫ਼ ਕਰਨ ਦੀ ਹਾਮੀ ਭਰ ਚੁੱਕੀਆਂ ਹਨ।

ਰਾਜਾਂ ਅਤੇ ਕੇਂਦਰ ਦੀ ਸਮੱਸਿਆ ਇਹ ਹੈ ਕਿ ਇਸ ਵੇਲੇ ਕਰਜ਼ੇ ਦਾ ਇਕ ਵੱਡਾ ਟਾਈਮ ਬੰਬ ਉਨ੍ਹਾਂ ਦੇ ਸਿਰ ਉਤੇ ਲਟਕ ਰਿਹਾ ਹੈ, ਜਿਸ ਨਾਲ ਭਾਰਤ ਦੇ ਇਕ ਹੋਰ ਯੂਨਾਨ ਵਿੱਚ ਤਬਦੀਲ ਹੋਣ ਦਾ ਖ਼ਤਰਾ ਹੈ। ਭਾਰਤ ਦਾ ਜਨਤਕ ਕਰਜ਼ਾ, ਜੋ ਕਿ ਕੇਂਦਰ ਅਤੇ ਰਾਜਾਂ ਦਾ ਕੁੱਲ ਮਿਲਾ ਕੇ ਕੁੱਲ ਘਰੇਲੂ ਉਤਪਾਦ ਦੇ 67 ਪ੍ਰਤਿਸ਼ਤ ਦੇ ਬਰਾਬਰ ਹੈ, ਜੋ ਕਿ ਏਸ਼ੀਆ ਦੀਆਂ ਪ੍ਰਮੁੱਖ ਆਰਥਿਕਤਾਵਾਂ ਵਿੱਚੋਂ ਜਾਪਾਨ ਨੂੰ ਛੱਡ ਕੇ ਸਭ ਤੋਂ ਵੱਧ ਹੈ।



ਇਸ ਵਾਰੀ ਜੇ ਸਾਰੀਆਂ ਰਾਜ ਸਰਕਾਰਾਂ ਨੂੰ ਖੇਤੀ ਕਰਜ਼ੇ ਮਾਫ਼ ਕਰਨੇ ਪਏ ਅਤੇ ਇਸ ਕਰਜ਼ਾ ਕਾਫੀ ਲਈ ਉਨ੍ਹਾਂ ਨੂੰ ਤਾਜ਼ਾ ਕਰਜ਼ਾ ਲੈਣਾ ਪਿਆ ਤਾਂ ਉਨ੍ਹਾਂ ਦੇ ਨਵੇਂ ਕਰਜ਼ੇ ਹੀ 3 ਲੱਖ ਕਰੋੜ ਦੇ ਹੋ ਜਾਣਗੇ। ਇਹ ਅੰਦਾਜ਼ਾ ਵਿੱਤ ਮੰਤਰਾਲਾ ਦੇ ਅਧਿਕਾਰੀਆਂ ਨੇ ਲਗਾਇਆ ਹੈ।

ਇਸ ਤਰ੍ਹਾਂ ਦਾ ਕਰਜ਼ਾ ਲੈਣਾ ਕਿਸੇ ਲੰਬੇ ਸਮੇਂ ਤੱਕ ਸੰਭਵ ਨਹੀਂ ਹੈ। ਪਰ ਮੌਜੂਦਾ ਸਥਿਤੀ ਵਿੱਚ ਜਦੋਂ ਕਿ ਅਸੀਂ ਨਵੇਂ ਟੈਕਸ ਢਾਂਚੇ ਦਾ ਤਜਰਬਾ ਕਰ ਰਹੇ ਹਾਂ ਅਤੇ ਨਹੀਂ ਜਾਣਦੇ ਕਿ ਸੂਬਿਆਂ ਦੇ ਵਿੱਤ ਕਿਵੇਂ ਵਤੀਰਾ ਕਰਨਗੇ, ਕੀ ਉਹ ਉਪਰ ਜਾਣਗੇ ਜਾਂ ਹੇਠਾਂ, ਇਹ ਹੋਰ ਵਧੇਰੇ ਜੋਖਿਮ ਭਰਿਆ ਹੋ ਜਾਂਦਾ ਹੈ ਅਤੇ ਸੂਬੇ ਇਹ ਗੱਲ ਜਾਣਦੇ ਹਨ।

ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਨੇ ਦੱਸਿਆ ਹੈ ਕਿ ਰਾਜਾਂ ਨੂੰ ਕਰਜ਼ੇ ਅਤੇ ਕੁੱਲ ਘਰੇਲੂ ਉਤਪਾਦ ਅਨੁਪਾਤ ਘੱਟੋ-ਘੱਟ 17 ਰਾਜਾਂ ਦਾ ਪਿਛਲੇ ਸਾਲ ਵਿੱਚ ਵਧਿਆ ਹੈ। ਭਾਰਤੀ ਰਿਜ਼ਰਵ ਬੈਂਕ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ, ''ਪਿਛਲੇ ਸਾਲਾਂ ਵਿੱਚ ਰਾਜਾਂ ਦੇ ਸੰਚਿਤ ਵਿੱਤ ਕਾਫੀ ਵਿਗੜੇ ਹਨ ... 25 ਰਾਜਾਂ ਬਾਰੇ ਜੋ ਜਾਣਕਾਰੀ ਮਿਲੀ ਹੈ ਉਸ ਤੋਂ ਸੰਕੇਤ ਮਿਲਦਾ ਹੈ ਕਿ 2016-17 ਵਿੱਚ ਰਾਜਾਂ ਦੇ ਵਿੱਤੀ ਟੀਚੇ ਪੂਰੇ ਹੋਣ ਦੀ ਆਸ ਨਹੀਂ।"

ਸਮੁੱਚੇ ਮਾਲੀ ਘਾਟੇ ਅਤੇ ਕੁੱਲ ਘਰੇਲੂ ਉਤਪਾਦ ਦਾ 2015-16 ਦਾ ਅਨੁਪਾਤ 2004-05 ਤੋਂ ਲੈ ਕੇ ਪਹਿਲੀ ਵਾਰੀ 3 ਪ੍ਰਤਿਸ਼ਤ ਦੀ ਹੱਦ ਨੂੰ ਪਾਰ ਕਰ ਗਿਆ ਹੈ।

ਇਨ੍ਹਾਂ ਹਾਲਤਾਂ ਵਿੱਚ ਸੂਬਿਆਂ ਦੀਆਂ ਮੰਗਾਂ-ਤਨਖ਼ਾਹਾਂ ਲਈ ਨਕਦੀ, ਵਿਕਾਸ ਖਰਚਿਆਂ ਅਤੇ ਕਰਜ਼ਿਆਂ ਦੀ ਮਾਫ਼ੀ ਬਾਰੇ ਜੋ ਉਹ ਐਲਾਨ ਕਰ ਰਹੇ ਹਨ, ਉਹ ਪੂਰੀਆਂ ਹੁੰਦੀਆਂ ਨਹੀਂ ਲੱਗਦੀਆਂ ਜਿਸ ਨਾਲ ਰਾਜ ਕੇਂਦਰ ਨਾਲ ਟਕਰਾਅ ਦੇ ਰਾਹ ਉੱਤੇ ਚੱਲ ਸਕਦੇ ਹਨ।

ਪਰ ਅਧਿਕਾਰੀਆਂ ਦਾ ਇਹ ਵੀ ਕਹਿਣਾ ਹੈ ਕਿ ਅਸਿੱਧੇ ਟੈਕਸਾਂ ਦਾ 45 ਪ੍ਰਤਿਸ਼ਤ ਜੀ ਐੱਸ ਟੀ ਅਧੀਨ ਨਹੀਂ ਆਉਂਦਾ, ਜਿਵੇਂ ਕਿ ਰੀਅਲ ਅਸਟੇਟ, ਪੈਟਰੋਲੀਅਮ ਵਸਤਾਂ, ਸ਼ਰਾਬ, ਆਦਿ ਵਸਤਾਂ ਉਤੇ ਰਾਜਾਂ ਨੂੰ ਟੈਕਸ ਲਗਾਉਣ ਅਤੇ ਉਨ੍ਹਾਂ ਉਤੇ ਟੈਕਸ ਵਧਾਉਣ ਦਾ ਵੀ ਅਧਿਕਾਰ ਹੋਵੇਗਾ।

ਜੀ ਐੱਸ ਟੀ ਬਿੱਲ ਵਿੱਚ ਵਾਅਦਾ ਕੀਤਾ ਗਿਆ ਹੈ ਕਿ ਸਮਾਂ ਆਉਣ ਉਤੇ ਇਹ ਵਸਤਾਂ ਵੀ ਜੀ ਐੱਸ ਟੀ ਕੌਂਸਿਲ ਦੇ ਦਾਇਰੇ ਹੇਠ ਆ ਜਾਣਗੀਆਂ। ਪਰ ਇਸ ਗੱਲ ਦੀ ਸੰਭਾਵਨਾ ਹੈ ਕਿ ਸੂਬੇ ਸਮੇਂ ਸਿਰ ਹੀ ਇਹ ਮਹਿਸੂਸ ਕਰ ਲੈਣਗੇ ਕਿ ਉਨ੍ਹਾਂ ਨੂੰ ਕੁੱਝ ਮਾਲੀ ਸੁਤੰਤਰਤਾ ਦੀ ਲੋੜ ਹੈ। ਇਸ ਗੱਲ ਤੋਂ ਇਲਾਵਾ ਸੂਬੇ ਸਰਗਰਮ ਹੋ ਕੇ ਮਾਲੀ ਆਜ਼ਾਦੀ ਲਈ ਯਤਨ ਕਰਨਗੇ ਅਤੇ ਇਨ੍ਹਾਂ ਵਸਤਾਂ ਨੂੰ ਟੈਕਸ ਲਾਉਣ ਦੇ ਆਪਣੇ ਦਾਇਰੇ ਵਿੱਚ ਹੀ ਰੱਖਣਗੇ।

ਇਹ ਯਾਦ ਦਿਵਾਇਆ ਜਾਂਦਾ ਹੈ ਕਿ ਜਦੋਂ ਸੰਵਿਧਾਨ ਸਭਾ ਵਿੱਚ ਕੇਂਦਰ ਅਤੇ ਸੂਬਿਆਂ ਦਰਮਿਆਨ ਵਿੱਤੀ ਸ਼ਕਤੀਆਂ ਦੀ ਵੰਡ ਦਾ ਮਸਲਾ ਆਇਆ ਤਾਂ ਕਾਂਗਰਸ ਸਮੇਤ ਕਈ ਪਾਰਟੀਆਂ ਦੇ ਸੰਸਦ ਮੈਂਬਰਾਂ ਨੇ ਸੂਬਿਆਂ ਨੂੰ ਵਧੇਰੇ ਸ਼ਕਤੀਆਂ ਦੇਣ ਉੱਤੇ ਜ਼ੋਰ ਦਿੱਤਾ, ਪਰ ਫਿਰ ਵੀ ਵਧੇਰੇ ਸੰਘਵਾਦ ਦੇ ਡਰ ਦੀ ਦਲੀਲ ਦਿੱਤੀ ਗਈ ਜੋ ਕਿ ਇਕ ਭਾਰਤ ਦੀ ਭਾਵਨਾ ਦੇ ਵਿਰੁੱਧ ਸੀ ਅਤੇ ਸੰਵਿਧਾਨ ਦੇ ਢਾਂਚੇ ਦੇ ਵੀ ਵਿਰੁੱਧ ਸੀ ਇਸ ਲਈ ਵਿਧਾਨਕ ਅਤੇ ਕਰ ਲਾਉਣ ਦੀਆਂ ਸ਼ਕਤੀਆਂ ਸੂਬਿਆਂ ਦੀ ਬਜਾਏ ਕੇਂਦਰ ਦੇ ਹੱਥ ਦੇਣ ਵੱਲ ਵਧੇਰੇ ਧਿਆਨ ਕੇਂਦਰਿਤ ਕੀਤਾ ਗਿਆ।

ਸੰਵਿਧਾਨਿਕ ਮਾਹਿਰ ਬਿਲਕੁਲ ਸਹੀ ਢੰਗ ਨਾਲ ਇਹ ਸੰਕੇਤ ਦਿੰਦੇ ਹਨ ਕਿ ਇਹ ਝੁਕਾਅ ਹੁਣ ਜੀ ਐੱਸ ਟੀ ਲਾਗੂ ਹੋਣ ਨਾਲ ਹੋਰ ਵਧੇਰੇ ਕੇਂਦਰ ਦੇ ਹੱਕ ਵਿੱਚ ਹੋ ਗਿਆ ਹੈ। ਜਾਣਕਾਰ ਕਹਿੰਦੇ ਹਨ ਕਿ ਜੇ ਸੂਬਿਆਂ ਨੂੰ ਘੱਟੋ-ਘੱਟ ਵਸਤਾਂ ਉੱਤੇ ਟੈਕਸ ਵਧਾਉਣ ਦੀ ਆਪਣੀ ਆਜ਼ਾਦੀ ਛੱਡਣੀ ਪਵੇ ਅਤੇ ਕੁੱਝ ਸਮੱਸਿਆਵਾਂ ਦੇ ਹੱਲ ਲਈ ਸੋਮੇ ਵਧਾਉਣ ਦੀ ਆਪਣੀ ਸਮਰੱਥਾ ਛੱਡਣੀ ਪਵੇ ਤਾਂ ਇਹ ਅਨੋਖਾ ਹੋਵੇਗਾ ਕਿ ਉਨ੍ਹਾਂ ਨੂੰ ਸਮਝੌਤਾ ਕਰਨਾ ਪਵੇ। ਤਾਮਿਲਨਾਡੂ ਸੂਬਾ, ਜੋ ਕਿ ਜੀ ਐੱਸ ਟੀ ਦੀਆਂ ਕਈ ਧਾਰਾਵਾਂ ਦਾ ਵਿਰੋਧੀ ਹੈ, ਨੇ ਇਕ ਨੁਕਤਾ ਉਠਾਇਆ ਜਦੋਂ ਉਸ ਨੇ ਕਿਹਾ ਕਿ ਇਸ ਨੇ ਕਈ ਸਮਾਜਿਕ ਖੇਤਰ ਦੇ ਸੁਧਾਰਾਂ ਨੂੰ ਨਕਦੀ ਆਉਣ ਵਾਲੇ ਟੈਕਸ ਲਾਉਣ ਵਾਲੇ ਪ੍ਰੋਗਰਾਮਾਂ ਦੇ ਪਿੱਛੇ ਲਾਗੂ ਕੀਤਾ ਹੈ।

ਇਹ ਬਿਲਕੁਲ ਠੀਕ ਹੈ ਕਿ ਇਸ ਦੱਖਣੀ ਸੂਬੇ ਨੇ ਸਮਾਜਿਕ ਪੈਮਾਨੇ ਉੱਤੇ ਵਧੀਆ ਕੰਮ ਕੀਤਾ ਹੈ - ਇਸ ਦੇ ਸਿਹਤ ਅਤੇ ਵਿੱਦਿਆ ਸੰਬੰਧੀ ਪੈਮਾਨਿਆਂ ਨੇ ਇਸ ਨੂੰ ਵਿਰੋਧੀਆਂ ਨਾਲੋਂ ਕਾਫੀ ਅੱਗੇ ਲਿਆ ਖੜ੍ਹਾ ਕੀਤਾ ਹੈ ਅਤੇ ਇਹ ਓ ਈ ਸੀ ਡੀ ਦੇਸ਼ਾਂ ਦੇ ਮੁਕਾਬਲੇ ਉਤੇ ਆ ਖੜ੍ਹਾ ਹੋਇਆ ਹੈ। ਆਰਥਿਕ ਮਾਹਰ ਜੀਨ ਡਰੇਜ਼ੇ ਅਨੁਸਾਰ, ''ਕੇਰਲ ਅਤੇ ਤਾਮਿਲਨਾਡੂ ਆਮ ਤੌਰ ਤੇ ਹੀ ਵਿਕਾਸ ਸੂਚਕ ਅੰਕਾਂ ਦੇ ਸ਼ਿਖ਼ਰ ਉਤੇ ਜਾਂ ਇਸ ਦੇ ਨੇੜੇ ਆ ਖੜ੍ਹੇ ਹੋਏ ਹਨ ਅਤੇ ਇਨ੍ਹਾਂ ਸੂਬਿਆਂ ਨੇ ਵਿਕਾਸ ਦੀ ਗਤੀ



ਵਿੱਚ ਦੂਜੇ ਸੂਬਿਆਂ ਨੂੰ ਪਿੱਛੇ ਛੱਡ ਦਿੱਤਾ ਹੈ।

ਕਾਨੂੰਨੀ ਤੌਰ ਤੇ ਕਹੀਏ ਤਾਂ ਜੀ ਐੱਸ ਟੀ ਸੋਧ ਕਾਨੂੰਨ ਨੇ ਪ੍ਰਭਾਵੀ ਢੰਗ ਨਾਲ ਟੈਕਸ ਲਾਉਣ ਦੀ ਸ਼ਕਤੀ ਇਕ ਗ਼ੈਰ ਚੁਣੀ ਸੰਸਥਾ ਦੇ ਹਵਾਲੇ ਕਰ ਦਿੱਤੀ ਹੈ। ਪ੍ਰਭਾਵੀ ਤੌਰ ਤੇ ਜੀ ਐੱਸ ਟੀ ਕੌਂਸਿਲ, ਜਿਸ ਨੂੰ ਕਿ ਇਕ ਕਾਨੂੰਨ ਰਾਹੀਂ ਸਥਾਪਿਤ ਕੀਤਾ ਗਿਆ ਹੈ, ਨੇ ਕੇਂਦਰੀ ਸੰਸਦ ਅਤੇ ਸੂਬਾਈ ਵਿਧਾਨ ਸਭਾਵਾਂ ਤੋਂ ਟੈਕਸ ਦਰ ਮਿੱਥਣ ਅਤੇ ਇਸ ਨੂੰ ਦੇਸ਼ ਭਰ ਵਿੱਚ ਲਾਗੂ ਕਰਨ ਦਾ ਅਧਿਕਾਰ ਖੋਹ ਲਿਆ ਹੈ। ਮਾਮਲੇ ਵਿੱਚ ਜ਼ਿਆਦਾ ਡੂੰਘਾ ਨਾ ਜਾਂਦੇ ਹੋਏ ਜੀ ਐੱਸ ਟੀ ਕੌਂਸਿਲ ਵਿੱਚ ਵੋਟ ਪਾਉਣ ਦੇ ਅਧਿਕਾਰ ਦੇ ਦਬਾਅ ਨੂੰ ਲਾਂਭੇ ਰੱਖਦੇ ਹੋਏ ਤੱਥ ਇਹ ਹੀ ਰਹਿ ਜਾਂਦਾ ਹੈ ਕਿ ਇਹ ਕੌਂਸਿਲ ਹੁਣ ਦੇਸ਼ ਭਰ ਵਿੱਚ ਵਸਤਾਂ ਅਤੇ ਸੇਵਾਵਾਂ ਉੱਤੇ ਟੈਕਸ ਦਰਾਂ ਮਿੱਥਣ ਵਾਲੀ ਸਰਵਉੱਚ ਸੰਸਥਾ ਬਣ ਜਾਵੇਗੀ ਅਤੇ ਹੁਣ ਇਹ ਅਧਿਕਾਰ ਸਿੱਧੇ ਜਾਂ ਅਸਿੱਧੇ ਤੌਰ ਤੇ ਚੁਣੇ ਗਏ ਸੰਸਦ ਮੈਂਬਰਾਂ ਜਾਂ ਵਿਧਾਨ ਸਭਾਵਾਂ ਦੇ ਹੱਥ ਵਿੱਚ ਨਹੀਂ ਰਹੇ। ਅਸਲ ਵਿੱਚ ਇਹ ਇਕ ਪੜ੍ਹੀ ਲਿਖੀ ਸੁਪਰ ਸੰਸਥਾ ਹੋਵੇਗੀ ਜੋ ਕਿ ਚੋਣਕਾਰਾਂ ਵਲੋਂ ਚੁਣੀ ਗਈ ਹੋਵੇਗੀ ਅਤੇ ਇਸ ਦੀ ਸ਼ਹਿਰੀਆਂ ਅਤੇ ਵੋਟਰਾਂ ਪ੍ਰਤਿ ਕੋਈ ਸਿੱਧੀ ਜ਼ਿੰਮੇਵਾਰੀ ਨਹੀਂ ਹੋਵੇਗੀ।

ਜਿਵੇਂ ਕਿ ਪਾਸ ਹੋਏ ਜੀ ਐੱਸ ਟੀ ਵਿੱਚ ਜ਼ਿਕਰ ਹੈ ਸੂਬਿਆਂ ਨੂੰ ਟੈਕਸ ਲਗਾਉਣ ਦੇ ਕੁੱਝ ਅਧਿਕਾਰ ਹੋਣਗੇ ਪਰ ਇਕ ਤਰ੍ਹਾਂ ਨਾਲ ਉਹ ਨੁਕਸਾਨਦੇਹ ਹੀ ਹੋਣਗੇ ਕਿਉਂਕਿ ਹੁਣ ਮਿਊਂਸਪਲ ਸੰਸਥਾਵਾਂ ਵਗੈਰਾ, ਜਿਨ੍ਹਾਂ ਕੋਲ ਟੈਕਸਾਂ ਦੀਆਂ ਦਰਾਂ ਵਧਾਉਣ ਦੇ ਵਧੇਰੇ ਅਧਿਕਾਰ ਹੋਣਗੇ, ਉਹ ਉਨ੍ਹਾਂ ਤੋਂ ਉੱਚੀਆਂ ਹੋ ਜਾਣਗੀਆਂ।

ਮਿਊਂਸਪਲ ਸੰਸਥਾਵਾਂ ਵਲੋਂ ਲੱਗਣ ਵਾਲਾ ਦਾਖ਼ਲਾ ਟੈਕਸ, ਸਥਾਨਕ ਸੰਸਥਾਵਾਂ ਵਲੋਂ ਲੱਗਣ ਵਾਲੇ ਮਨੋਰੰਜਨ ਟੈਕਸ, ਅਸ਼ਟਾਮ ਡਿਊਟੀਆਂ, ਸ਼ਰਾਬ ਅਤੇ ਈਂਧਣ ਅਤੇ ਬਿਜਲੀ ਸੈੱਸ ਜੀ ਐੱਸ ਟੀ ਅਧੀਨ ਨਹੀਂ ਲਿਆਂਦੇ ਗਏ। ਇਸ ਨਾਲ ਇਨ੍ਹਾਂ ਸੰਸਥਾਵਾਂ ਨੂੰ ਇਹ ਟੈਕਸ ਵਧਾਉਣ ਜਾਂ ਘਟਾਉਣ ਦਾ ਅਧਿਕਾਰ ਹਾਸਲ ਹੋ ਗਿਆ ਹੈ ਅਤੇ ਉਨ੍ਹਾਂ ਨੂੰ ਸੂਬਾਈ ਸਰਕਾਰਾਂ ਤੋਂ ਵਿੱਤੀ ਆਜ਼ਾਦੀ ਹਾਸਲ ਹੋ ਗਈ ਹੈ। ਸੂਬਾਈ ਸਰਕਾਰਾਂ ਦਾ ਮਾਮਲਾ ਇਸ ਦੇ ਉਲਟ ਹੈ, ਉਹ ਆਪਣੀ ਆਮਦਨ ਲਈ ਜੀ ਐੱਸ ਟੀ ਕੌਂਸਿਲ ਵਲੋਂ ਲਏ ਜਾਣ ਵਾਲੇ ਫੈਸਲਿਆਂ ਦੀਆਂ ਪਾਬੰਦ ਹੋਣਗੀਆਂ।




**ਇਹ ਯਾਦ ਰੱਖਣਾ ਠੀਕ ਰਹੇਗਾ ਕਿ ਬਹੁਤ ਸਾਰੇ ਦੇਸ਼ਾਂ ਵਿੱਚ, ਜਿਥੇ ਕਿ ਮੁਲਤਵੀ ਕਰਨ ਵਾਲੇ ਅਧਿਕਾਰੀਆਂ ਨੂੰ ਅਸਿੱਧੇ ਟੈਕਸ ਮਿੱਥਣ ਦਾ ਅਤੇ ਉਨ੍ਹਾਂ ਨੂੰ ਇਕੱਠੇ ਕਰਨ ਦਾ ਅਧਿਕਾਰ ਹਾਸਲ ਹੈ, ਉਥੇ ਸੂਬਿਆਂ ਨੂੰ ਸਿੱਧੇ ਕਰਾਂ ਦਾ ਅਧਿਕਾਰ ਹੈ। ਕੈਨੇਡਾ ਵਿੱਚ ਜਿਥੇ ਕਿ ਪਿਛਲੀ ਸਦੀ ਵਿੱਚ ਜੀ ਐੱਸ ਟੀ ਲਾਗੂ ਕੀਤਾ ਗਿਆ ਸੀ, ਉਥੇ ਸੂਬਿਆਂ ਨੂੰ ਸਿੱਧੇ ਟੈਕਸਾਂ ਬਾਰੇ ਅਧਿਕਾਰ ਹਾਸਲ ਹੈ, ਜਦ ਕਿ ਸੰਘੀ ਸਕਰਾਰ ਨੂੰ ਅਸਿੱਧੇ ਟੈਕਸਾਂ ਬਾਰੇ ਅਧਿਕਾਰ ਮਿਲਿਆ ਹੋਇਆ ਹੈ। ਇਸ ਕਾਰਨ ਹੀ ਜੀ ਐੱਸ ਟੀ ਢਾਂਚੇ ਵਿੱਚ ਤਬਦੀਲੀ ਕਾਰਨ ਸੂਬਿਆਂ ਦੇ ਅਧਿਕਾਰਾਂ ਉਤੇ ਕੋਈ ਅਸਰ ਨਹੀਂ ਪਿਆ, ਪਰ ਭਾਰਤ ਵਿੱਚ ਕੇਂਦਰ ਸਰਕਾਰ ਸਿਰਫ ਸਿੱਧੇ ਟੈਕਸਾਂ ਉੱਤੇ ਇਕਲੌਤਾ ਅਧਿਕਾਰ ਰੱਖਦੀ ਹੈ, ਜਿਨ੍ਹਾਂ ਦਾ ਕੁੱਝ ਹਿੱਸਾ ਸੂਬਿਆਂ ਕੋਲ ਜਾਂਦਾ ਹੈ, ਸਗੋਂ ਇਸ ਦਾ ਜੀ ਐੱਸ ਟੀ ਦੀ ਆਮਦਨ ਉਤੇ ਵੀ ਤਕਰੀਬਨ ਅੱਧਾ ਅਧਿਕਾਰ ਹੈ।**

ਅਜੇ ਇਹ ਵੇਖਣਾ ਬਾਕੀ ਹੈ ਕਿ ਭਾਰਤੀ ਸਿਆਸਤ ਵਸਤਾਂ ਅਤੇ ਸੇਵਾਵਾਂ ਟੈਕਸ ਲਾਗੂ ਹੋਣ ਉੱਤੇ ਕਿਸ ਤਰ੍ਹਾਂ ਵਤੀਰਾ ਕਰਦੀ ਹੈ। ਇਹ ਟੈਕਸ ਲਾਉਣ ਦੀਆਂ ਸ਼ਕਤੀਆਂ ਨੂੰ ਪ੍ਰਵਾਨ ਕਰਦੀ ਹੈ ਜਾਂ ਇਨ੍ਹਾਂ ਵਿੱਚ ਤਬਦੀਲੀ ਦੀ ਮੰਗ ਕਰਦੀ ਹੈ।

ਜੇ ਸੂਬੇ ਅਜਿਹੇ ਮਾਲੀ ਪ੍ਰਬੰਧਾਂ ਦੀ ਮੰਗ ਕਰਨ ਜੋ ਕਿ ਸਿੱਧੇ ਤੌਰ ਤੇ ਬੱਝੇ ਹੋਏ ਨਾ ਹੋਣ ਤਾਂ ਜਾਂ ਤਾਂ ਉਹ ਆਸਟ੍ਰੇਲੀਅਨ ਮਾਡਲ ਦੀ ਚੋਣ ਕਰ ਸਕਦੇ ਹਨ ਜਿਥੇ ਕਿ ਸਾਰੇ ਟੈਕਸਾਂ ਦਾ 75 ਪ੍ਰਤਿਸ਼ਤ ਹਿੱਸਾ ਸੰਘੀ ਜਾਂ ਰਾਸ਼ਟਰ ਮੰਡਲ ਸਰਕਾਰ ਵਲੋਂ ਇਕੱਠਾ ਕੀਤਾ ਜਾਂਦਾ ਹੈ ਅਤੇ ਉਸ ਨੂੰ ਬੜੇ ਨਾਜ਼ੁਕ ਢੰਗ ਨਾਲ ਅੱਗੋਂ ਵੰਡਿਆ ਜਾਂਦਾ ਹੈ।

ਭਾਰਤੀ ਟੈਕਸ ਢਾਂਚੇ ਅਤੇ ਸ਼ਕਤੀਆਂ ਦੇ ਸੰਤੁਲਨ ਦਾ ਰਾਜਾਂ ਅਤੇ ਕੇਂਦਰ ਦਰਮਿਆਨ ਭਵਿੱਖ ਕੀ ਹੋਵੇਗਾ, ਇਸ ਦਾ ਫੈਸਲਾ ਅਗਲੇ ਸਮੇਂ ਵਿੱਚ ਭਾਰਤੀ ਸਿਆਸਤਦਾਨਾਂ ਵਲੋਂ ਕੀਤਾ ਜਾਵੇਗਾ, ਪਰ ਜੀ ਐੱਸ ਟੀ ਅਤੇ ਸੂਬਿਆਂ ਬਾਰੇ ਕੋਈ ਆਖਰੀ ਸ਼ਬਦ ਨਹੀਂ ਸੁਣਿਆ ਜਾ ਰਿਹਾ ਕਿਉਂਕਿ ਸੂਬੇ ਆਪਣੇ ਸੋਮਿਆਂ ਵਿੱਚ ਵਾਧੇ ਦੀ ਮੰਗ ਰੱਖਣਗੇ ਅਤੇ ਉਹ ਕਾਨੂੰਨ ਵਿੱਚ ਤਬਦੀਲੀ ਦੀ ਮੰਗ ਵੀ ਰੱਖ ਸਕਦੇ ਹਨ। ਇਹ ਕੋਈ ਜ਼ਿਆਦਾ ਦੂਰ ਦੀ ਮੰਗ ਨਹੀਂ ਹੋਵੇਗੀ।

*(ਲੇਖਕ ਮੌਜੂਦਾ ਟੈਲੀਗ੍ਰਾਫ਼ ਨਾਲ ਉੱਚ ਸੰਪਾਦਕ (ਵਪਾਰ) ਵਜੋਂ ਕੰਮ ਕਰ ਰਹੇ ਹਨ। ਉਨ੍ਹਾਂ ਨੂੰ ਅਰਥਸ਼ਾਸਤਰ ਅਤੇ ਰਾਜਨੀਤਕ - ਆਰਥਿਕ ਮਾਮਲਿਆਂ ਉਤੇ ਲਿਖਣ ਵਿੱਚ ਮੁਹਾਰਤ ਹਾਸਲ ਹੈ)*

*e-mail :jrchowdhury@yahoo.com*

ਬਰਾਮਦ ਲਈ ਕਾਨੂੰਨੀ ਤੌਰ 'ਤੇ ਲਾਜ਼ਮੀ ਦਸਤਾਵੇਜ਼ਾਂ ਦੀ ਜ਼ਰੂਰਤ ... ਪਹਿਲਾਂ ਦੇ 7 ਤੋਂ ਕੇਵਲ 3




ਦਰਾਮਦ ਲਈ ਕਾਨੂੰਨੀ ਤੌਰ 'ਤੇ ਲਾਜ਼ਮੀ ਦਸਤਾਵੇਜ਼ਾਂ ਦੀ ਜ਼ਰੂਰਤ ... ਪਹਿਲਾਂ ਦੇ 10 ਤੋਂ ਕੇਵਲ 3

**ਵਸਤੂ ਤੇ ਸੇਵਾਵਾਂ ਟੈਕਸ (ਜੀ ਐੱਸ ਟੀ)**

- ਭਾਰਤ ਦਾ "ਇਕ ਰਾਸ਼ਟਰ, ਇਕ ਟੈਕਸ, ਇਕ ਬਾਜ਼ਾਰ" ਵਿੱਚ ਤਬਾਦਲਾ
- ਕਾਰੋਬਾਰਾਂ ਲਈ ਮਹਿੰਗਾਈ, ਟਰਾਂਸਪੋਰਟ ਤੇ ਪ੍ਰਸ਼ਾਸਕੀ ਅੜਿੱਕੇ ਘਟੇ

1 NATION TAX MARKET GST

**ਸ਼੍ਰਮ ਸੁਵਿਧਾ ਪੋਰਟਲ ਦੀ ਸ਼ੁਰੂਆਤ**

- ਕਿਰਤ ਕਾਨੂੰਨ ਦੀ ਪਾਲਣਾ ਲਈ ਵਨ-ਸਟੌਪ ਸ਼ਾਪ
- 16 ਕਿਰਤ ਕਾਨੂੰਨਾਂ ਲਈ ਇਕਹਿਰੀ ਪਾਲਣਾ ਰਿਪੋਰਟ

**ਦਰਾਮਦ ਬਰਾਮਦ ਵਿਵਸਥਾਵਾਂ ਸੁਖਾਲੀਆਂ ਕੀਤੀਆਂ**

- ਇੰਪੋਰਟ ਐਕਸਪੋਰਟ ਕੋਡ (ਆਈ ਈ ਸੀ) ਲਈ ਅਰਜ਼ੀ ਸਰਲ ਕੀਤੀ; ਆਈ ਈ ਸੀ ਦੀ ਸ਼ੁਰੂਆਤ ਕੀਤੀ
- ਡੀ ਏ ਆਰ ਪੀ ਜੀ (ਪ੍ਰਸ਼ਾਸਕੀ ਸੁਧਾਰ ਤੇ ਲੋਕ ਸ਼ਿਕਾਇਤ ਵਿਭਾਗ) ਕੋਲ ਰਜਿਸਟਰਡ ਸ਼ਿਕਾਇਤਾਂ ਤੁਰੰਤ ਹੱਲ ਕੀਤੀਆਂ

## ਸਟਾਰਟਅੱਪਸ ਲਈ ਰਿਆਇਤ

1 ਸਟਾਰਟਅੱਪਸ ਵਲੋਂ ਇਕੱਠੇ ਕੀਤੇ ਪਰਿਵਰਤਨਸ਼ੀਲ ਨੋਟਾਂ ਨੂੰ ਡਿਪਾਜ਼ਿਟਸ - ਦੀ ਪਰਿਭਾਸ਼ਾ ਵਿੱਚੋਂ ਕੱਢੀ ਸੁਖਾਲੀ ਫ਼ੰਡਿੰਗ

2 ਡਿਪਾਜ਼ਿਟਸ ਦੀ ਪ੍ਰਵਾਨਗੀ ਦੀ ਉਪਰਲੀ ਹੱਦ ਵਧਾ ਕੇ ਸ਼ੁੱਧ ਕੀਮਤ ਦਾ 35 ਪ੍ਰਤਿਸ਼ਤ ਕੀਤੀ

3 ਸਵੈੱਟ ਇਕਵਿਟੀ ਦੀ ਸੀਮਾ 25 ਪ੍ਰਤਿਸ਼ਤ ਤੋਂ ਵਧਾ ਕੇ ਅਦਾ ਕੀਤੀ ਪੂੰਜੀ ਦਾ 50 ਪ੍ਰਤਿਸ਼ਤ ਕੀਤੀ।

4 ਸਟਾਰਟਅੱਪਸ ਨੂੰ ਮੁਲਾਜ਼ਮਾਂ ਵਜੋਂ ਕੰਮ ਕਰਦੇ ਪ੍ਰੋਮੋਟਰਜ਼ ਨੂੰ ਈ ਐੱਸ ਓ ਪੀਜ਼ ਜਾਰੀ ਕਰਨ ਦੀ ਇਜਾਜ਼ਤ ਦਿੱਤੀ

5 ਉੱਦਮੀਆਂ ਦੀ ਆਨਲਾਈਨ ਰਜਿਸਟਰੇਸ਼ਨ ਲਈ ਉਦਯੋਗ ਆਧਾਰ ਮੈਮੋਰੈਂਡਮ, 29 ਲੱਖ ਉੱਦਮ ਰਜਿਸਟਰਡ ਕੀਤੇ

**ਦੀਵਾਲੀਆਪਣ ਤੇ ਇਨਸਾਲਵੈਂਸੀ ਦਾ ਕੋਡ**

- ਫ਼ੰਡਾਂ ਦੀ ਘਾਟ ਦਾ ਹੱਲ ਇਕ ਨਿਸ਼ਚਿਤ ਸਮਾਂ-ਸੀਮਾ ਅੰਦਰ

**ਈ ਬਿਜ਼ ਪੋਰਟਲ** — ਪੋਰਟਲ ਕਾਰੋਬਾਰਾਂ ਲਈ ਰੈਗੂਲੇਟਰੀ ਪ੍ਰਵਾਨਗੀਆਂ ਹਿਤ

**ਰੀਅਲ ਅਸਟੇਟ (ਨਿਯੰਤ੍ਰਣ ਤੇ ਵਿਕਾਸ) ਕਾਨੂੰਨ, 2016**

- ਇਕ ਰੈਗੂਲੇਟਰੀ ਸਥਾਪਤ ਕੀਤਾ ਅਤੇ 500 ਵਰਗ ਮੀਟਰ ਤੋਂ ਵੱਧ ਆਕਾਰ ਦੇ ਪਲਾਟ ਵਾਲੇ ਸਾਰੇ ਰਿਹਾਇਸ਼ੀ ਪ੍ਰੋਜੈਕਟਾਂ ਦੀ ਲਾਜ਼ਮੀ ਰਜਿਸਟ੍ਰੇਸ਼ਨ
- ਗਲਤ ਜਾਂ ਅਧੂਰੇ ਪ੍ਰਗਟਾਵੇ ਲਈ ਪ੍ਰੋਜੈਕਟ ਲਾਗਤ ਦਾ 5 ਪ੍ਰਤਿਸ਼ਤ ਜੁਰਮਾਨਾ



# ਥੋੜੀਆਂ ਮੁਸ਼ਕਲਾਂ ਅਤੇ ਵਧੇਰੇ ਮੁਨਾਫ਼ਾ

✍ ਰਿਸ਼ਭ ਕ੍ਰਿਸ਼ਨ ਸਕਸੇਨਾ

ਨਰੇਂਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਪਿਛਲੇ ਤਿੰਨ ਸਾਲ ਤੋਂ ਵਸਤੂ ਅਤੇ ਸੇਵਾ ਕਰ ਜੀ ਐੱਸ ਟੀ ਲਿਆਉਣ ਦੇ ਲਈ ਜੋ ਕੋਸ਼ਿਸ਼ ਕਰ ਰਹੀ ਸੀ ਉਹ ਅਖੀਰ ਜੁਲਾਈ ਦਾ ਮਹੀਨਾ ਸ਼ੁਰੂ ਹੁੰਦਿਆਂ ਹੀ ਅੰਜ਼ਾਮ ਤੱਕ ਪੁੱਜ ਗਈ। ਜਿਵੇਂ ਹੀ ਪਹਿਲੀ ਜੁਲਾਈ ਦੀ ਸ਼ੁਰੂਆਤ ਹੋਈ ਦੇਸ਼ ਨੇ ਜੀ ਐੱਸ ਟੀ ਦੇ ਯੁੱਗ ਵਿੱਚ ਕਦਮ ਰੱਖ ਦਿੱਤਾ। ਕਿਸੇ ਵੀ ਵਸਤੂ ਜਾਂ ਸੇਵਾ ਉਤੇ ਪੂਰੇ ਦੇਸ਼ ਵਿੱਚ ਇਕ ਸਮਾਨ ਕਰ ਦਰ ਲਾਗੂ ਕਰਵਾਉਣ ਵਾਲੀ ਇਹ ਵਿਵਸਥਾ ਕਿਸੇ ਕ੍ਰਾਂਤੀ ਤੋਂ ਘੱਟ ਨਹੀਂ। ਤੁਸੀਂ ਆਪ ਹੀ ਸੋਚੋ ਉੱਤਰ ਪ੍ਰਦੇਸ਼ ਦੇ ਗਾਜ਼ੀਆਬਾਦ ਦਾ ਨਿਵਾਸੀ ਕਾਰ ਖਰੀਦਣ ਲਈ ਦਿੱਲੀ ਜਾਣਾ ਪਸੰਦ ਕਰਦਾ ਸੀ ਅਤੇ ਦਿੱਲੀ ਦਾ ਵਿਅਕਤੀ ਗੁਆਂਢ ਵਿੱਚ ਗੁੜਗਾਵਾਂ ਨੂੰ ਤਰਜੀਹ ਦਿੰਦਾ ਸੀ। ਅਜਿਹਾ ਉਨ੍ਹਾਂ ਸਾਰੇ ਟੈਕਸਾਂ ਦੇ ਕਾਰਨ ਸੀ ਜੋ ਵੱਖ-ਵੱਖ ਰਾਜਾਂ ਦੀਆਂ ਸਰਕਾਰਾਂ ਨੇ ਤੈਅ ਕੀਤੇ ਹੋਏ ਸਨ। ਪਰ ਜੀ ਐੱਸ ਟੀ ਆਉਣ ਤੋਂ ਬਾਅਦ ਤੁਹਾਨੂੰ ਕਿਸੇ ਵੀ ਵਸਤੂ ਦੀ ਦੇਸ਼ ਦੇ ਕਿਸੇ ਵੀ ਸ਼ਹਿਰ ਵਿੱਚ ਲਗਭਗ ਇਕੋ ਜਿਹੀ ਕੀਮਤ ਹੀ ਅਦਾ ਕਰਨੀ ਪਵੇਗੀ। ਇਹ ਵਾਕਈ ਬਹੁਤ ਸਹੂਲਤ ਵਾਲਾ ਕਦਮ ਹੈ ਜਿਸ ਨਾਲ ਗਾਹਕਾਂ ਦੇ ਨਾਲ-ਨਾਲ ਕਾਰੋਬਾਰੀਆਂ ਨੂੰ ਵੀ ਅਰਾਮ ਹੈ।

ਇਸ ਦੇ ਬਾਵਜੂਦ ਕਾਰੋਬਾਰੀ ਅਤੇ ਉੱਦਮੀ ਕਾਫ਼ੀ ਪਹਿਲਾਂ ਤੋਂ ਜੀ ਐੱਸ ਟੀ ਦਾ ਵਿਰੋਧ ਕਰਦੇ ਰਹੇ ਅਤੇ ਜੀ ਐੱਸ ਟੀ ਲਾਗੂ ਹੋਣ ਤੋਂ ਬਾਅਦ ਪਤਾ ਚਲ ਗਿਆ ਕਿ ਉਨ੍ਹਾਂ ਦਾ ਵਿਰੋਧ ਗਲਤ ਵੀ ਨਹੀਂ ਸੀ। ਜੀ ਐੱਸ ਟੀ ਨੂੰ ਜਲਦਬਾਜ਼ੀ ਵਿੱਚ ਲਾਗੂ ਕਰਨ ਦਾ ਸਰਕਾਰ ਦਾ ਕਦਮ ਅਸਲ ਵਿੱਚ ਕਾਰੋਬਾਰੀਆਂ ਅਤੇ ਛੋਟੇ ਉੱਦਮੀਆਂ ਦੇ ਗਲੇ ਨਹੀਂ ਉਤਰਿਆ। ਹਾਲਾਂਕਿ ਵਿਰੋਧ ਕਰਨ ਵਾਲਿਆਂ ਵਿੱਚ ਟੈਕਸ ਚੋਰੀ ਕਰਨ ਅਤੇ ਤਗੜਾ ਮੁਨਾਫ਼ਾ ਪਚਾਉਣ ਦੀ ਆਦਤ ਵਾਲੇ ਕਾਰੋਬਾਰੀ ਅਤੇ ਉੱਦਮੀ ਵੀ ਸ਼ਾਮਲ ਸਨ, ਪਰ ਜ਼ਿਆਦਾਤਰ ਕਾਰੋਬਾਰੀ ਉਹ ਹੀ ਸਨ ਜੋ ਨਿਯਮਾਂ ਦੇ ਪਾਬੰਦ ਸਨ। ਵੈਸੇ ਵਿਰੋਧ ਦੀ ਵੱਡੀ ਵਜਾਹ ਇਹ ਵੀ ਸੀ ਕਿ ਕਾਰੋਬਾਰੀ ਉਸ ਨੂੰ ਠੀਕ ਤਰ੍ਹਾਂ ਸਮਝ ਨਹੀਂ ਸਕੇ ਅਤੇ ਘਬਰਾ ਗਏ। ਅਜਿਹਾ ਵੀ ਨਹੀਂ ਹੈ ਕਿ ਜੀ ਐੱਸ ਟੀ ਇਨ੍ਹਾਂ ਕਾਰੋਬਾਰੀਆਂ ਦਾ ਵਿਰੋਧੀ ਹੈ ਜਿਵੇਂ ਕਿ ਕਈ ਮੰਚਾਂ ਉਤੇ ਦੱਸਿਆ ਜਾ ਰਿਹਾ ਹੈ। ਅਸਲ ਵਿੱਚ ਕੁੱਝ ਅਰਸੇ ਬਾਅਦ ਜੀ ਐੱਸ ਟੀ ਦੇ ਕਾਰਨ ਹੀ ਛੋਟੇ ਉੱਦਮੀਆਂ ਦੀ ਕਾਇਆ-ਪਲਟ ਹੋ ਸਕਦੀ ਹੈ। ਪਹਿਲਾਂ ਇਸ ਦੀਆਂ ਵਿਸ਼ੇਸ਼ਤਾਵਾਂ ਉਤੇ ਨਜ਼ਰ ਪਾਉਂਦੇ ਹਾਂ ਅਤੇ ਦੇਖਦੇ ਹਾਂ ਕਿ ਉੱਦਮੀਆਂ ਨੂੰ ਇਸ ਤੋਂ ਕਿੰਨਾ ਅਤੇ ਕਿਹੋ ਜਿਹਾ ਫ਼ਾਇਦਾ ਹੋ ਸਕਦਾ ਹੈ।

## ਫ਼ਾਇਦੇ

ਜੀ ਐੱਸ ਟੀ ਦਾ ਪਹਿਲਾ ਫ਼ਾਇਦਾ ਤਾਂ ਇਹੀ ਹੈ ਕਿ ਪੰਜੀਕਰਨ ਬਹੁਤ ਅਸਾਨ ਹੋ ਗਿਆ ਹੈ। ਇਹ ਕੰਮ ਆਨਲਾਈਨ ਹੀ ਹੋ ਜਾਵੇਗਾ ਯਾਨਿ ਕਿ ਕਿਸੇ ਵੀ ਵਿਭਾਗ ਤੱਕ ਜਾਣਾ ਨਹੀਂ ਪਵੇਗਾ। ਆਨਲਾਈਨ ਅਰਜ਼ੀ ਰਾਜ ਸਰਕਾਰ ਜਾਂ ਕੇਂਦਰ ਸਰਕਾਰ ਕੋਲ ਜਾਵੇਗੀ ਅਤੇ ਉਸ ਨੂੰ ਤਿੰਨ ਦਿਨਾਂ ਦੇ ਵਿੱਚ-ਵਿੱਚ ਕਾਰੋਬਾਰੀ ਨੂੰ ਜਵਾਬ ਦੇਣਾ ਪਵੇਗਾ। ਜੇਕਰ ਅਰਜ਼ੀ ਵਿੱਚ ਕੋਈ ਗਲਤੀ ਨਹੀਂ ਮਿਲਦੀ ਤਾਂ ਜੀ ਐੱਸ ਟੀ ਨੈੱਟਵਰਕ ਤੋਂ ਕਾਰੋਬਾਰੀ ਨੂੰ ਆਪ ਹੀ ਪੰਜੀਕਰਨ ਨੰਬਰ ਮਿਲ ਜਾਵੇਗਾ।

ਜੀ ਐੱਸ ਟੀ ਦੇ ਅਧੀਨ 20 ਲੱਖ ਰੁਪਏ ਤੱਕ ਦੇ ਸਾਲਾਨਾ ਕਾਰੋਬਾਰ ਵਾਲੇ ਕਾਰੋਬਾਰੀਆਂ ਅਤੇ ਉੱਦਮੀਆਂ ਨੂੰ ਪੰਜੀਕਰਨ ਦੀ ਛੋਟ ਦੇ ਦਿੱਤੀ ਗਈ ਹੈ। ਯਾਨਿ ਕਿ ਇਸ ਦਾਇਰੇ ਵਿੱਚ ਆਉਣ ਵਾਲੇ ਕਾਰੋਬਾਰੀ ਨੇ ਨਾ ਤਾਂ ਜੀ ਐੱਸ ਟੀ ਵਸੂਲਣਾ ਹੈ ਅਤੇ ਨਾ ਹੀ ਸਰਕਾਰ ਕੋਲ ਜਮ੍ਹਾਂ ਕਰਵਾਉਣਾ ਹੈ। ਇਸ ਤੋਂ ਪਹਿਲਾਂ 10 ਲੱਖ ਰੁਪਏ ਤੱਕ ਦੇ ਕਾਰੋਬਾਰ ਵਾਲੇ ਨੂੰ ਵੀ ਪੰਜੀਕਰਨ ਤੋਂ ਛੋਟ ਸੀ ਜੋ ਹੁਣ ਦੁੱਗਣੀ ਹੋ ਗਈ ਹੈ। ਜੰਮੂ ਕਸ਼ਮੀਰ ਅਤੇ ਉੱਤਰ ਪੂਰਬੀ ਰਾਜਾਂ ਦੇ ਲਈ ਇਹ ਵੀ ਹੱਦ 5 ਲੱਖ ਰੁਪਏ ਤੋਂ ਵਧਾ ਕੇ 10 ਲੱਖ ਰੁਪਏ ਕਰ ਦਿੱਤੀ ਗਈ ਹੈ। ਹਾਂ ਪੰਜੀਕਰਨ ਨਾ ਕਰਵਾਉਣ ਵਾਲੇ ਇਹ ਵਪਾਰੀ ਅਤੇ ਉੱਦਮੀ ਅੱਗੋਂ ਕਰ ਕ੍ਰੈਡਿਟ ਹਾਸਲ ਨਹੀਂ ਕਰ ਸਕਣਗੇ।

ਜੀ ਐੱਸ ਟੀ ਵਿੱਚ ਛੋਟੇ ਉੱਦਮੀਆਂ ਅਤੇ ਵਪਾਰੀਆਂ ਦੇ ਲਈ ਸਭ ਤੋਂ ਵੱਧ ਕੰਮ ਦੀ ਗੱਲ ਹੈ, "ਕਈ ਤਰ੍ਹਾਂ ਦੇ ਟੈਕਸਾਂ ਦਾ ਖਾਤਮਾ" ਹੋਣਾ। ਪਹਿਲਾਂ ਕਾਰੋਬਾਰੀਆਂ ਨੂੰ ਉਤਪਾਦਨ ਕਰ, ਦਾਖਲਾ ਕਰ, ਵਿਕਰੀ ਕਰ, ਵੈਟ ਅਤੇ ਕਰ ਰੀਫੰਡ ਦੀਆਂ ਵੱਖੋ-ਵੱਖਰੀਆਂ ਫ਼ਾਈਲਾਂ ਬਣਾਉਣੀਆਂ ਪੈਂਦੀਆਂ ਸਨ। ਜੇਕਰ ਕਾਰੋਬਾਰ ਥੋੜ੍ਹਾ ਵੱਡਾ ਹੁੰਦਾ ਤਾਂ ਫ਼ਾਈਲਾਂ ਸੰਭਾਲਣ ਦੇ ਲਈ ਕਿਸੇ ਇਕ ਕਰਮਚਾਰੀ ਨੂੰ ਭਰਤੀ ਕੀਤਾ ਜਾਂਦਾ। ਪਰ ਅਕਸਰ ਛੋਟੇ ਅਤੇ ਦਰਮਿਆਨੇ ਉੱਦਮਾਂ ਵਿੱਚ ਇਕਾਈ ਦੇ ਮਾਲਕ ਨੂੰ ਹੀ ਸਾਰੇ ਕੰਮ ਕਰਨੇ ਪੈਂਦੇ ਸਨ। ਇਸ ਲਈ ਪੁਰਾਣੀ ਪ੍ਰਣਾਲੀ ਵਿੱਚ ਉਹ ਕਾਗਜ਼ ਸੰਭਾਲਣ ਅਤੇ ਟੈਕਸ ਵਿਭਾਗ ਦੇ ਚੱਕਰ ਹੀ ਲਗਾਉਂਦੇ ਰਹਿੰਦੇ ਜਿਸ ਦਾ ਖਮਿਆਜ਼ਾ ਉਨ੍ਹਾਂ ਦੇ ਵਪਾਰ ਨੂੰ ਭੁਗਤਣਾ ਪੈਂਦਾ। ਜੇਕਰ ਕਿਸੇ ਕਾਰੋਬਾਰੀ ਦਾ ਕਾਰੋਬਾਰ ਕਈ ਰਾਜਾਂ ਵਿੱਚ ਹੁੰਦਾ ਤਾਂ ਉਸ ਦੇ ਲਈ ਤਾਂ ਮੁਸੀਬਤ ਬਣ ਜਾਂਦੀ ਕਿਉਂਕਿ ਹਰ ਰਾਜ ਵਿੱਚ ਟੈਕਸ ਸੰਬੰਧੀ ਵਖਰੇ ਨਿਯਮ ਹੁੰਦੇ ਸਨ ਅਤੇ ਉਸ ਨੂੰ ਸਾਰਿਆਂ ਦਾ ਧਿਆਨ ਰਖਣਾ ਪੈਂਦਾ ਸੀ। ਅਜਿਹੇ ਵਿੱਚ ਉਸ ਨੂੰ ਢੇਰ ਸਾਰੇ ਕਾਗਜ਼ਾਤ/ਦਸਤਾਵੇਜ਼ ਵੀ ਰਖਣੇ ਪੈਂਦੇ ਸਨ ਅਤੇ

ਸਾਰੇ ਪ੍ਰਕਿਰਿਆ ਟੈਕਸ ਵੀ ਚੁਕਾਉਣੇ ਪੈਂਦੇ ਸਨ। ਬਹੁਤ ਘੱਟ ਮੁਨਾਫ਼ੇ ਉਤੇ ਕੰਮ ਵਾਲੇ ਛੋਟੇ ਅਤੇ ਦਰਮਿਆਨੇ ਉੱਦਮਾਂ ਉਤੇ ਇਸ ਕਾਰਨ ਬਹੁਤ ਬੋਝ ਪੈ ਜਾਂਦਾ ਸੀ। ਪਰ ਜੀ ਐੱਸ ਟੀ ਲਾਗੂ ਹੋਣ ਤੋਂ ਬਾਅਦ ਦੇਸ਼ ਭਰ ਵਿੱਚ ਕਰ ਦੇ ਨਿਯਮ ਇਕ ਸਮਾਨ ਹੋ ਗਏ ਹਨ ਅਤੇ ਦਰਾਂ ਵੀ ਇਕੋ ਜਿਹੀਆਂ ਹੋ ਗਈਆਂ ਹਨ। ਇਸ ਤੋਂ ਬਾਅਦ ਛੋਟੇ ਉੱਦਮੀ ਕਾਰੋਬਾਰ ਸ਼ੁਰੂ ਕਰਨ ਦਾ ਹੌਸਲਾ ਜੁਟਾ ਸਕਦੇ ਹਨ।

ਕਈ ਤਰ੍ਹਾਂ ਦੇ ਕਰ ਹੋਣ ਦੇ ਕਰਨ ਕਰੋਬਾਰੀਆਂ ਨੂੰ ਅਜੇ ਤੱਕ ਵੱਖ-ਵੱਖ ਕਰ ਵਿਭਾਗਾਂ ਵਿੱਚ ਜਾਣਾ ਪੈਂਦਾ ਸੀ। ਨਾਲ ਹੀ ਉਨ੍ਹਾਂ ਨੂੰ ਕਈ ਅਧਿਕਾਰੀਆਂ ਦੇ ਸਾਹਮਣੇ ਪੇਸ਼ ਵੀ ਹੋਣਾ ਪੈਂਦਾ ਸੀ। ਇਨ੍ਹਾਂ ਵਿਭਾਗਾਂ ਵਿੱਚ ਭ੍ਰਿਸ਼ਟਾਚਾਰ ਫੈਲੇ ਹੋਣ ਦੇ ਦੋਸ਼ ਵੀ ਕਾਫ਼ੀ ਲਗਦੇ ਸਨ। ਪਰ ਜੀ ਐੱਸ ਟੀ ਵਿੱਚ ਸਭ ਕੁਝ ਆਨਲਾਈਨ ਹੋਣਾ ਹੈ ਜਿਸ ਸਦਕਾ ਟੈਕਸ ਅਧਿਕਾਰੀਆਂ ਦਾ ਸਾਹਮਣਾ ਕਰਨ ਦੀ ਗੁੰਜਾਇਸ਼ ਹੀ ਨਹੀਂ ਹੈ। ਅਜਿਹੇ ਵਿੱਚ ਭ੍ਰਿਸ਼ਟਾਚਾਰ ਵੀ ਨਹੀਂ ਹੋਵੇਗਾ।

## ਵੱਡਾ ਬਾਜ਼ਾਰ-ਘੱਟ ਲਾਗਤ

ਕਾਰੋਬਾਰ ਸ਼ੁਰੂ ਕਰਦਿਆਂ ਹੀ ਜੀ ਐੱਸ ਟੀ ਨਾਲ ਐੱਮ ਐੱਸ ਐੱਮ ਈ ਲਈ ਵੱਡੀ ਮੰਡੀ ਹਾਸਲ ਕਰਨੀ ਵੀ ਅਸਾਨ ਹੋ ਜਾਵੇਗੀ। ਅਜੇ ਤੱਕ ਵੱਡੀਆਂ ਕੰਪਨੀਆਂ ਕਿਸੇ ਐੱਮ ਐੱਸ ਐੱਮ ਈ ਤੋਂ ਓਹੀ ਸਮਾਨ ਲੈਂਦੀਆਂ ਸਨ ਜਿਸ ਦੀ ਉਨ੍ਹਾਂ ਦੇ ਇਲਾਕੇ ਵਿੱਚ ਵਧੇਰੇ ਮੰਗ ਹੁੰਦੀ ਸੀ। ਦਰਮਿਆਨੀਆਂ ਅਤੇ ਛੋਟੀਆਂ ਉਤਪਾਦਕ ਇਕਾਈਆਂ ਵੀ ਇਕ ਰਾਜ ਦੇ ਅੰਦਰ ਹੀ ਬੱਝ ਕੇ ਰਹਿ ਜਾਂਦੀਆਂ ਸਨ, ਕਿਉਂਕਿ ਦੂਜੇ ਰਾਜ ਵਿੱਚ ਸਮਾਨ ਵੇਚਣ ਉਤੇ ਉਨ੍ਹਾਂ ਨੂੰ ਅੰਤਰਰਾਜੀ ਟੈਕਸ ਲਗਦਾ ਸੀ। ਇਸ ਲਈ ਉਨ੍ਹਾਂ ਦੇ ਗਾਹਕਾਂ ਦੀ ਗਿਣਤੀ ਘੱਟ ਹੀ ਰਹਿੰਦੀ ਸੀ। ਪਰ ਜੀ ਐੱਸ ਟੀ ਲਾਗੂ ਹੋਣ ਦੇ ਬਾਅਦ ਇਹ ਸਮੱਸਿਆ ਖਤਮ ਹੋ ਜਾਵੇਗੀ ਕਿਉਂਕਿ ਅਗਾਊਂ ਟੈਕਸ ਕ੍ਰੈਡਿਟ ਖਰੀਦ ਜਾਂ ਵਿਕਰੀ ਦੇ ਸਥਾਨ ਉਤੇ ਨਿਰਭਰ ਨਹੀਂ ਰਹੇਗਾ। ਸਪੱਸ਼ਟ ਹੈ ਕਿ ਦਰਮਿਆਨੀਆਂ ਅਤੇ ਛੋਟੀਆਂ ਉਤਪਾਦਕ ਇਕਾਈਆਂ ਨੂੰ ਅਜਿਹੇ ਵਿੱਚ ਬਾਜ਼ਾਰ ਵਧਾਉਣ ਦਾ ਪੂਰਾ ਮੌਕਾ ਮਿਲੇਗਾ।

ਜੀ ਐੱਸ ਟੀ ਦਾ ਇਕ ਫ਼ਾਇਦਾ ਤਾਂ ਹੁਣ ਤੋਂ ਹੀ ਦਿਸਣ ਲਗਿਆ ਹੈ। ਹੁਣ ਤੱਕ ਤੁਸੀ



ਕਿਸੇ ਵੀ ਰਾਜ ਦੀ ਸਰਹੱਦ ਉਤੇ ਚੈੱਕ ਨਾਕਿਆਂ ਦੇ ਦੋਹਾਂ ਪਾਸੇ ਟਰੱਕਾਂ ਅਤੇ ਦੂਜੇ ਵਪਾਰੀ ਵਾਹਨਾਂ ਦੀਆਂ ਲੰਮੀਆਂ ਕਤਾਰਾਂ ਖੜ੍ਹੀਆਂ ਦੇਖਦੇ ਸੀ। ਪਰ ਜੀ ਐੱਸ ਟੀ ਦੇ ਲਾਗੂ ਹੋਣ ਦੇ ਨਾਲ ਹੀ ਚੈੱਕ ਨਾਕੇ ਖਤਮ ਹੋ ਗਏ ਹਨ ਜਿਸ ਨਾਲ ਢੋਆ-ਢੁਆਈ ਵਿੱਚ ਲੱਗੇ ਵਾਹਨਾਂ ਦੀ ਆਵਾਜਾਈ ਹੋਰ ਵੀ ਸੁਖਾਲੀ ਹੋ ਗਈ ਹੈ। ਇਸ ਤਰ੍ਹਾਂ ਸਮਾਨ ਇਕ ਥਾਂ ਤੋਂ ਦੂਜੇ ਥਾਂ ਪਹੁੰਚਾਉਣ ਵਿੱਚ ਪਹਿਲਾਂ ਨਾਲੋਂ ਘੱਟ ਸਮਾਂ ਲਗ ਰਿਹਾ ਹੈ। ਅਜਿਹੇ ਵਿੱਚ ਲਾਗਤ ਵੀ ਘਟਣੀ ਯਕੀਨੀ ਹੈ, ਜੋ ਛੋਟੇ ਉੱਦਮੀਆਂ ਲਈ ਇਕ ਰਾਹਤ ਦਾ ਸਬਬ ਬਣੇਗੀ।

## ਅੜਚਨਾਂ

ਫ਼ਾਇਦਿਆਂ ਦੇ ਨਾਲ-ਨਾਲ ਇਸ ਨੂੰ ਲਾਗੂ ਕਰਨ ਵਿੱਚ ਕਈ ਦਿੱਕਤਾਂ ਵੀ ਆ ਰਹੀਆਂ ਹਨ। ਇਨ੍ਹਾਂ ਵਿੱਚੋਂ ਕੁੱਝ ਮੁਸ਼ਕਲਾਂ ਤਾਂ ਕੁਝ ਦਿਨਾਂ ਵਿੱਚ ਹੱਲ ਹੋ ਜਾਣਗੀਆਂ ਪਰ ਕੁੱਝ ਦਾ ਹੱਲ ਹੋਣ ਵਿੱਚ ਲੰਬਾ ਸਮਾਂ ਲਗ ਸਕਦਾ ਹੈ ਅਤੇ ਹੋ ਸਕਦਾ ਹੈ ਕਿ ਖੁਦ ਸਰਕਾਰ ਨੂੰ ਹੀ ਇਸ ਵਿੱਚ ਦਖਲ ਦੇਣਾ ਪਵੇ। ਪਹਿਲੀ ਮੁਸ਼ਕਲ ਤਾਂ ਇਹ ਹੈ ਕਿ ਜ਼ਿਆਦਾਤਰ ਛੋਟੇ ਉੱਦਮੀ ਅਤੇ ਕਾਰੋਬਾਰੀ ਅਜੇ ਤੱਕ ਕਾਗ਼ਜ਼ੀ ਕੰਮ ਕਰਨ ਦੇ ਆਦੀ ਸਨ ਅਤੇ ਕੰਪਿਊਟਰ ਨਾਲ ਉਨ੍ਹਾਂ ਦਾ ਵਾਸਤਾ ਨਾਂ ਦੇ ਬਰਾਬਰ ਸੀ। ਇਸ ਤੋਂ ਇਲਾਵਾ ਲੱਖਾਂ ਕਾਰੋਬਾਰੀ ਅਜਿਹੇ ਵੀ ਸਨ ਜੋ ਕਰ ਦੇ ਦਾਇਰੇ ਤੋਂ ਬਾਹਰ ਰਹਿੰਦੇ ਸਨ ਜਾਂ ਕੱਚਾ ਬਿਲ ਬਣਾ ਕੇ ਟੈਕਸ ਦੀ ਚੋਰੀ ਕਰ ਲੈਂਦੇ ਸਨ। ਪਰ ਜੀ ਐੱਸ ਟੀ ਦੇ ਨਿਯਮਾਂ ਦੇ ਅਨੁਸਾਰ ਉਨ੍ਹਾਂ ਦੇ ਲਈ ਵੀ ਕਰ ਪ੍ਰਣਾਲੀ ਦਾ ਹਿੱਸਾ ਬਣਨਾ ਜ਼ਰੂਰੀ ਹੋ ਗਿਆ ਹੈ। ਅਜਿਹੇ ਕਾਰੋਬਾਰੀ ਹੁਣ ਮੁਸ਼ਕਲ ਵਿੱਚ ਫਸ ਗਏ ਹਨ ਅਤੇ ਉਨ੍ਹਾਂ ਨੂੰ ਚਾਰਟਰਡ ਅਕਾਉਂਟੈਂਟ ਦੀ ਮਦਦ ਲੈਣੀ ਪੈ ਗਈ ਹੈ। ਇਕ ਮੁਸ਼ਕਿਲ ਇਹ ਵੀ ਹੈ ਕਿ ਸੀ ਏ ਵੀ ਜੀ ਐੱਸ ਟੀ ਦੀਆਂ ਪੇਚੀਦਗੀਆਂ ਨੂੰ ਅਜੇ ਤੱਕ ਠੀਕ ਤੋਂ ਸਮਝ ਨਹੀਂ ਸਕੇ ਹਨ।

ਸਰਕਾਰ ਨਿਯਮਾਂ ਅਤੇ ਕਰ ਦੀ ਦਰ ਦੇ ਮਾਮਲੇ ਵਿੱਚ ਵੀ ਲਚੀਲਾ ਰੁਖ ਅਪਣਾ ਰਹੀ ਹੈ।

## ਪੂੰਜੀ ਦੀ ਕਿੱਲਤ

ਦੇਸ਼ ਦੇ ਨਿਰਯਾਤ ਵਿੱਚ ਲਗਭਗ 45 ਪ੍ਰਤਿਸ਼ਤ ਦਾ ਯੋਗਦਾਨ ਪਾਉਣ ਵਾਲੀਆਂ ਦਰਮਿਆਨੀਆਂ ਅਤੇ ਛੋਟੀਆਂ ਉਤਪਾਦਕ ਇਕਾਈਆਂ ਦੇ ਲਈ ਕਾਰਜਸ਼ੀਲ ਪੂੰਜੀ ਹਮੇਸ਼ਾ ਹੀ ਚੁਨੌਤੀ ਰਹੀ ਹੈ। 80 ਪ੍ਰਤਿਸ਼ਤ ਤੋਂ ਵੀ ਵੱਧ ਦਰਮਿਆਨੀਆਂ ਅਤੇ ਛੋਟੀਆਂ ਉਤਪਾਦਕ ਇਕਾਈਆਂ ਨੂੰ ਸੰਗਠਤ ਅਤੇ ਕਈ ਹੋਰਨਾਂ ਰਾਹਾਂ ਯਾਨਿ ਸੰਸਥਾਗਤ ਤਰੀਕਿਆਂ ਨਾਲ ਕਰਜ਼ਾ ਨਹੀਂ ਮਿਲ ਸਕਦਾ ਅਤੇ ਉਨ੍ਹਾਂ ਨੂੰ ਪਰਿਵਾਰਕ ਮੈਂਬਰਾਂ ਜਾਂ ਹੋਰਨਾਂ ਕਰਜ਼ੇ ਦੇਣ ਵਾਲਿਆਂ ਜਿਵੇਂ ਕਿ ਸ਼ਾਹੂਕਾਰਾਂ/ਆੜ੍ਹਤੀਆਂ ਦਾ ਸਹਾਰਾ ਲੈਣਾ ਪੈਂਦਾ ਹੈ। ਜੀ ਐੱਸ ਟੀ ਦੇ ਸ਼ੁਰੂਆਤੀ ਦਿਨਾਂ ਵਿੱਚ ਇਹ ਮੁਸ਼ਕਲ ਆਉਂਦੀ ਦਿਸ ਰਹੀ ਹੈ। ਅਸਲ ਵਿੱਚ ਜੀ ਐੱਸ ਟੀ ਲਾਗੂ ਹੋਣ ਤੋਂ ਪਹਿਲਾਂ ਸਰਕਾਰ ਨੇ 1.5 ਕਰੋੜ ਰੁਪਏ ਤੱਕ ਦਾ ਸਾਲਾਨਾ ਕਾਰੋਬਾਰ ਵਾਲੇ ਸੇਵਾ ਪਰਦਾਤਿਆਂ ਅਤੇ ਖੁਦਰਾ

ਵਪਾਰੀਆਂ ਨੂੰ ਕਰ ਦਾਇਰੇ ਤੋਂ ਬਾਹਰ ਰੱਖਿਆ ਹੋਇਆ ਸੀ। ਪਰ ਜੀ ਐੱਸ ਟੀ ਵਿੱਚ ਇਹ ਹੁਣ ਘਟਾ ਕੇ 20 ਲੱਖ ਰੁਪਏ ਕਰ ਦਿੱਤੀ ਗਈ ਹੈ ਯਾਨਿ ਕਿ ਇਸ ਤੋਂ ਵੱਧ ਕਾਰੋਬਾਰ ਵਾਲਿਆਂ ਨੂੰ ਹੁਣ ਕਰ ਵਸੂਲਣਾ ਅਤੇ ਚੁਕਾਉਣਾ ਪਵੇਗਾ। ਇਸ ਨੂੰ ਅਸਾਨੀ ਨਾਲ ਸਮਝਣ ਲਈ - ਜੇਕਰ ਕੋਈ ਬੈਟਰੀ ਜਾਂ ਇਨਵਰਟਰ ਤਿਆਰ ਕਰਨ ਵਾਲਾ ਕੋਈ ਕਾਰੋਬਾਰੀ ਸਾਲ ਵਿੱਚ 40 ਲੱਖ ਰੁਪਏ ਦਾ ਕਾਰੋਬਾਰ ਕਰਦਾ ਸੀ ਤਾਂ 30 ਜੂਨ ਤੱਕ ਉਹ ਕਰ ਕੇ ਦਾਇਰੇ ਤੋਂ ਬਾਹਰ ਸੀ ਪਰ ਪਹਿਲੀ ਜੁਲਾਈ ਤੋਂ ਉਸ ਉਤੇ ਕਰ ਵਸੂਲਿਆ ਜਾਵੇਗਾ। ਜੇਕਰ ਉਹ ਕੰਪੋਜ਼ੀਸ਼ਨ ਯੋਜਨਾ ਵਿੱਚ ਆਉਂਦਾ ਹੈ ਤਾਂ ਕਰ ਦੀ ਦਰ ਘਟ ਰਹੇਗੀ ਨਹੀਂ ਤਾਂ ਕਰ ਦੀ ਦਰ ਵੱਧ ਰਹੇਗੀ ਅਤੇ ਅਗੇ ਤੋਂ ਕਰ ਕ੍ਰੈਡਿਟ ਦੇ ਫੇਰ ਵਿੱਚ ਉਸ ਦੀ ਕਾਫ਼ੀ ਰਕਮ ਅਟਕੀ ਵੀ ਰਹੇਗੀ। ਕਾਰਜਸ਼ੀਲ ਪੂੰਜੀ ਦੀ ਇਸ ਕਮੀ ਨੂੰ ਪੂਰਾ ਕਰਨ ਲਈ ਜੇਕਰ ਛੋਟੀ ਉਤਪਾਦਕ ਇਕਾਈ ਨੂੰ ਕਰਜ਼ ਲੈਣਾ ਪੈ ਜਾਂਦਾ ਹੈ ਤਾਂ ਉਸ ਉਤੇ ਵਿਆਜ ਦਾ ਬੋਝ ਵਧ ਜਾਵੇਗਾ ਕਿਉਂਕਿ ਉਪਰ ਦੱਸਿਆ ਗਿਆ ਹੈ ਕਿ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਤੋਂ ਛੋਟੇ ਉੱਦਮੀਆਂ ਨੂੰ ਬਹੁਤ ਘੱਟ ਕਰਜ਼ਾ ਮਿਲਦਾ ਹੈ।

ਜੀ ਐੱਸ ਟੀ ਪ੍ਰਣਾਲੀ ਦੇ ਤਹਿਤ ਕਿਸੇ ਇਕ ਵਸਤੂ ਤੇ ਕਰ ਦੀ ਇਕ ਹੀ ਦਰ ਲਾਗੂ ਹੋ ਗਈ ਹੈ, ਭਾਵੇਂ ਉਹ ਆਮ ਕਿਸਮ ਦੀ ਵਸਤੂ ਹੋਵੇ ਜਾਂ ਵਿਲਾਸਤਾ ਦੀ ਸ਼੍ਰੇਣੀ ਵਿੱਚ ਆਉਣ ਵਾਲੀ ਵਸਤੂ। ਜੇਕਰ ਕੱਪੜਿਆਂ ਅਤੇ ਜੁੱਤਿਆਂ ਨੂੰ ਛੱਡ ਦਿੱਤਾ ਜਾਵੇ ਤਾਂ ਛੋਟੇ ਉੱਦਮੀ ਇਸ ਵਿੱਚ ਮਾਤ ਖਾ ਸਕਦੇ ਹਨ। ਉਦਾਹਰਣ ਦੇ ਤੌਰ ਤੇ ਟੈਲੀਵੀਜ਼ਨ ਬਣਾਉਣ ਵਾਲੀਆਂ ਸਾਰੀਆਂ ਨਾਮੀ ਗਿਰਾਮੀ ਬਹੁਰਾਸ਼ਟਰੀ ਕੰਪਨੀਆਂ ਦੇਸ਼ ਵਿੱਚ ਮੌਜੂਦ ਹਨ।ਪਰ ਤਕਰੀਬਨ ਹਰੇਕ ਰਾਜ ਵਿੱਚ ਕੁਝ ਦੇਸੀ ਕੰਪਨੀਆਂ ਵੀ ਹੁੰਦੀਆਂ ਹਨ ਜੋ ਗੁਮਨਾਮ ਜਿਹੇ ਬਰਾਂਡ ਦੇ ਬਹੁਤ ਸਸਤੇ ਟੀ ਵੀ ਤਿਆਰ ਕਰਦੀ ਹੈ। ਇਹ ਕੰਪਨੀਆਂ ਐੱਮ ਐੱਸ ਐੱਮ ਈ ਦੀ ਸ਼੍ਰੇਣੀ ਵਿੱਚ ਹੀ ਆਉਂਦੀਆਂ ਹਨ ਅਤੇ ਇਨ੍ਹਾਂ ਦਾ ਕਾਰੋਬਾਰ ਵੀ ਬਹੁਤ ਘੱਟ ਹੁੰਦਾ ਹੈ। ਪਰ ਜੀ ਐੱਸ ਟੀ ਦੇ ਅਧੀਨ ਜਿੰਨਾ ਕਰ ਐਲ ਜੀ, ਸੈਮਸੰਗ, ਸੋਨੀ ਆਦਿ ਕੰਪਨੀਆਂ ਦੇ ਟੀ ਵੀ ਉਤੇ ਵਸੂਲਿਆ ਜਾਵੇਗਾ, ਉਨਾ ਹੀ ਕਰ ਛੋਟੀਆਂ ਉਤਪਾਦਕ ਇਕਾਈਆਂ ਦੁਆਰਾ ਤਿਆਰ ਟੀ ਵੀ ਉਤੇ ਵੀ ਲਗੇਗਾ। ਸੁਭਾਵਕ ਹੈ ਕਿ ਅਜਿਹੇ ਵਿੱਚ ਵੱਡੀਆਂ ਕੰਪਨੀਆਂ ਦਾ ਮੁਕਾਬਲਾ ਕਰਨ ਦੀ ਉਨ੍ਹਾਂ ਦੀ ਸਮਰੱਥਾ ਘੱਟ ਹੋ ਜਾਵੇਗੀ ਅਤੇ ਅਜਿਹੀਆਂ ਕਈ ਇਕਾਈਆਂ ਬੰਦ ਹੋਣ ਦਾ ਖਦਸ਼ਾ ਪੈਦਾ ਹੋ ਜਾਵੇਗਾ।

ਭਾਰਤ ਦੀ ਆਰਥਿਕਤਾ ਕਿਸੇ ਸਮੇਂ ਖੇਤੀ ਪ੍ਰਧਾਨ ਹੁੰਦੀ ਸੀ ਪਰ ਹੁਣ ਇਹ ਤੇਜ਼ੀ ਨਾਲ ਸੇਵਾ ਪ੍ਰਧਾਨ ਹੁੰਦੀ ਜਾ ਰਹੀ ਹੈ। ਵੱਡੇ ਸ਼ਹਿਰਾਂ ਵਿੱਚ ਤਾਂ ਖ਼ਾਸ ਕਰਕੇ ਸੇਵਾ ਖੇਤਰ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਦੇਸ਼ ਦੇ ਸੇਵਾ ਖੇਤਰ ਵਿੱਚ ਅਸੰਗਠਿਤ ਖੇਤਰ ਯਾਨਿ ਛੋਟੇ ਕਾਰੋਬਾਰੀਆਂ ਦਾ ਇਸ ਸਮੇਂ ਬੋਲਬਾਲਾ ਹੈ। ਪਰ ਜੀ ਐੱਸ ਟੀ ਵਿੱਚ ਕਾਰੋਬਾਰੀ ਸੀਮਾ ਘੱਟ ਕਰਨ ਕਾਰਨ ਇਨ੍ਹਾਂ ਵਿੱਚੋਂ ਕਈਆਂ ਨੂੰ ਕਰ ਦਾਇਰੇ ਵਿੱਚ ਆਉਣਾ ਪਵੇਗਾ ਅਤੇ 18 ਪ੍ਰਤਿਸ਼ਤ ਦੀ ਦਰ ਨਾਲ ਕਰ ਵੀ ਚੁਕਾਉਣਾ ਪਵੇਗਾ। ਇਸ ਤੋਂ ਇਲਾਵਾ ਜੇਕਰ ਕਿਸੇ ਉੱਦਮੀ ਦਾ ਸੇਵਾ ਕਾਰੋਬਾਰ ਇਕ ਤੋਂ ਵੱਧ ਰਾਜਾਂ ਵਿੱਚ ਹੈ ਤਾਂ ਉਸ ਨੂੰ ਨਿਯਮ ਦੇ ਮੁਤਾਬਕ ਵੱਖ-ਵੱਖ ਪੰਜੀਕਰਨ ਕਰਨਾ ਪਵੇਗਾ। ਇਸ ਤਰ੍ਹਾਂ ਜੇਕਰ ਇਸ ਦੀ ਇਕ ਇਕਾਈ ਦੂਜੇ ਰਾਜ ਵਿੱਚ ਮੌਜੂਦ ਦੂਜੀ ਇਕਾਈ ਨੂੰ ਸੇਵਾ ਪ੍ਰਦਾਨ ਕਰਦੀ ਹੈ ਤਾਂ ਵੀ ਉਸ ਨੂੰ ਕਰ ਭਰਨਾ ਪਵੇਗਾ।

## ਛੋਟੀਆਂ ਇਕਾਈਆਂ ਉਤੇ ਅਸਰ

ਜੀ ਐੱਸ ਟੀ ਵਿੱਚ ਕਈ ਛੋਟੀਆਂ ਇਕਾਈਆਂ ਦੇ ਕਾਰੋਬਾਰ ਉਤੇ ਕਾਫੀ ਅਸਰ ਪਵੇਗਾ। ਅਸਲ ਵਿੱਚ ਜੀ ਐੱਸ ਟੀ ਵਸੂਲਣ ਅਤੇ ਚੁਕਾਉਣ ਵਾਲੀ ਅਜਿਹੀ ਕਿਸੇ ਵੀ ਕੰਪਨੀ ਨੂੰ ਇਨਪੁਟ ਕ੍ਰੈਡਿਟ ਨਹੀਂ ਮਿਲੇਗਾ ਜਿਸ ਨੂੰ ਪੂਰਤੀ ਕਰਨ ਵਾਲੀ ਇਕਾਈ ਨੇ ਜੀ ਐੱਸ ਟੀ ਨਹੀਂ ਭਰਿਆ ਹੈ। ਇਸ ਦਾ ਖਮਿਆਜ਼ਾ ਵੀ ਐੱਮ ਐੱਸ ਟੀ ਨੂੰ ਹੀ ਭੁਗਤਣਾ ਪਵੇਗਾ। ਮਿਸਾਲ ਦੇ ਤੌਰ ਤੇ ਜੇ ਕੋਈ ਕੰਪਨੀ ਮੋਟਰਸਾਈਕਲ ਦੇ ਲਈ ਪੁਰਜੇ ਬਣਾਉਂਦੀ ਹੈ ਅਤੇ ਉਸ ਦਾ ਸਾਲਾਨਾ ਕਾਰੋਬਾਰ ਜੀ ਐੱਸ ਟੀ ਦੇ ਲਈ ਤੈਅ ਹੱਦ ਤੋਂ ਘੱਟ ਹੈ ਜਾਂ ਉਸ ਨੇ ਕੰਪੋਜ਼ੀਸ਼ਨ ਯੋਜਨਾ ਚੁਣ ਲਈ ਹੈ। ਹੁਣ ਉਸ ਤੋਂ ਪੁਰਜੇ ਖਰੀਦਣ ਵਾਲੀ ਮੋਟਰਸਾਈਕਲ ਨਿਰਮਾਤਾ ਕੰਪਨੀ ਅਗੇਤਾ ਕਰ ਕ੍ਰੈਡਿਟ ਨਹੀਂ ਲੈ ਸਕਦੀ ਕਿਉਂਕਿ ਪੁਰਜੇ ਬਣਾਉਣ ਵਾਲੀ ਇਕਾਈ ਨੇ ਹੀ ਜੀ ਐੱਸ ਟੀ ਨਹੀਂ ਭਰਿਆ ਹੈ। ਅਜਿਹੇ ਵਿੱਚ ਨਿਰਮਾਤਾ ਕੰਪਨੀ ਇਸ ਇਕਾਈ ਤੋਂ ਨਾਤਾ ਤੋੜ ਕੇ ਜੀ ਐੱਸ ਟੀ ਭਰਨ ਵਾਲੀ ਕਿਸੇ ਹੋਰ ਇਕਾਈ ਤੋਂ ਪੁਰਜੇ ਖਰੀਦਣਾ ਸ਼ੁਰੂ ਕਰ ਸਕਦੀ ਹੈ। ਅਜਿਹਾ ਇਸ ਲਈ ਹੋ ਰਿਹਾ ਹੈ ਕਿਉਂਕਿ ਗ਼ੈਰ ਪੰਜੀਕ੍ਰਿਤ ਇਕਾਈ ਤੋਂ ਸਮਾਨ ਖਰੀਦਣ ਤੇ ਉਸ ਸਮਾਨ ਉਤੇ ਕਰ ਭਰਨ ਦੀ ਜ਼ਿੰਮੇਵਾਰੀ ਵੀ ਪੰਜੀਕ੍ਰਿਤ ਇਕਾਈ ਦੀ ਹੋਵੇਗੀ। ਇਸ ਨੂੰ "ਰਿਵਰਸ ਚਾਰਜ" ਪ੍ਰਣਾਲੀ ਦਾ ਨਾਮ ਦਿੱਤਾ ਗਿਆ ਹੈ।

## ਰਿਵਰਸ ਚਾਰਜ ਪ੍ਰਣਾਲੀ

ਪੂਰਤੀ ਕਰਤਾਵਾਂ ਦੀ ਬਜਾਏ ਮੁੱਖ ਕੰਪਨੀ ਤੋਂ ਕਰ ਵਸੂਲਣ ਦੀ ਇਹ ਪ੍ਰਣਾਲੀ ਅਜੇ ਤੱਕ ਸੇਵਾ ਕਰ ਵਿੱਚੋਂ ਹੀ ਸੀ ਪਰ ਹੁਣ ਉਸ ਨੂੰ ਵਸਤਾਂ ਦੀ ਪੂਰਤੀ ਵਿੱਚ ਲਾਗੂ ਕਰ ਦਿੱਤਾ ਗਿਆ ਹੈ। ਇਸ ਨਾਲ ਮੁੱਖ ਕੰਪਨੀ ਨੂੰ ਪਹਿਲਾਂ ਦੇ ਮੁਕਾਬਲੇ ਵਧੇਰੇ ਦਸਤਾਵੇਜ਼ ਤਾਂ ਰਖਣੇ ਹੀ ਪੈਣਗੇ ਅਤੇ ਪੂਰਤੀ ਕਰਤਾਵਾਂ ਦੇ ਹਿੱਸੇ ਦਾ ਕਰ ਦੇਣ ਦੇ ਚੱਕਰ ਵਿੱਚ ਉਸ ਦੀ ਕਾਰਜਸ਼ੀਲ ਪੂੰਜੀ ਵੀ ਫਸ ਰਹੀ ਹੈ। ਇਸ ਵਜ੍ਹਾ ਨਾਲ 20 ਲੱਖ ਰੁਪਏ ਦੇ ਘੱਟ ਕਾਰੋਬਾਰ ਵਾਲੀਆਂ ਇਕਾਈਆਂ ਉਤੇ ਵੀ ਪੰਜੀਕਰਨ ਕਰਵਾਉਣ ਦਾ ਦਬਾਅ ਪੈ ਰਿਹਾ ਹੈ।

**ਅੰਤ ਵਿੱਚ, ਕੁੱਝ ਸਮੇਂ ਦੀ ਮੁਸ਼ਕਲ ਜ਼ਰੂਰ ਹੋ ਸਕਦੀ ਹੈ ਪਰ ਲੰਬੇ ਅਰਸੇ ਵਿੱਚ ਇਸ ਨਾਲ ਸਰਕਾਰੀ ਖਜ਼ਾਨਾ ਵੀ ਵਧੇਗਾ ਅਤੇ ਕਾਰੋਬਾਰੀਆਂ ਨੂੰ ਵੀ ਢੇਰ ਸਾਰੇ ਕਰਾਂ ਨਾਲ ਜੂਝਣ ਦੀ ਬਜਾਏ ਇਕ ਹੀ ਕਰ ਅਦਾ ਕਰਕੇ ਆਪਣੀ ਕਮਾਈ ਵਧਾਉਣ ਦਾ ਮੌਕਾ ਮਿਲੇਗਾ। ਇਸ ਤੋਂ ਇਲਾਵਾ ਮੋਦੀ ਸਰਕਾਰ ਨੇ ਇਸ ਮਾਮਲੇ ਉਤੇ ਜਿੰਨਾਂ ਲਚੀਲਾ ਰੁਖ ਅਪਣਾਇਆ ਹੈ ਉਸ ਨੂੰ ਦੇਖਦੇ ਹੋਏ ਇਹ ਉਮੀਦ ਲਗਾਉਣੀ ਬੇਮਾਨੀ ਨਹੀਂ ਲਗਦੀ ਕਿ ਸਾਰੀਆਂ ਸਮੱਸਿਆਵਾਂ ਹੌਲੀ-ਹੌਲੀ ਹੱਲ ਕਰ ਲਈਆਂ ਜਾਣਗੀਆਂ।**

*(ਲੇਖਕ ਆਰਥਿਕ ਦੈਨਿਕ ਸਮਾਚਾਰ ਪੱਤਰ ਬਿਜ਼ਨੇਸ ਸਟੈਂਡਰਡ ਵਿੱਚ ਜੁਆਇੰਟ ਨਿਊਜ਼ ਐਡੀਟਰ ਹਨ। ਇਸ ਦੌਰਾਨ ਉਹ ਪੂਰਵ ਸੰਵਾਦ ਸਮਿਤੀ 'ਯੂਨੀਵਾਰਤਾ' ਵਿੱਚ ਕੰਮ ਕਰ ਚੁੱਕੇ ਹਨ। ਗੁਰੂ ਜੰਭੇਸ਼ਵਰ ਵਿਸ਼ਵਵਿਦਿਆਲੇ ਅਤੇ ਕੁਰੂਕਸ਼ੇਤਰ ਵਿਸ਼ਵਵਿਦਿਆਲੇ ਵਿੱਚ ਸੰਬੰਧ ਮੀਡੀਆ ਸੰਸਥਾਨਾਂ ਵਿੱਚ ਅਧਿਆਪਨ ਕਰ ਚੁੱਕੇ ਹਨ )*

*e-mail :rishabhkrishna@gmail.com*

# ਜੀ ਐੱਸ ਟੀ ਅਨੇਕਾਂ ਮਸਲਿਆਂ ਦਾ ਇਕ ਹੱਲ

ਹਸਮੁਖ ਅਡੀਆ

ਪਹਿਲੀ ਜੁਲਾਈ 2017 ਨੂੰ ਦੇਸ਼ ਦੇ ਆਰਥਿਕ ਇਤਿਹਾਸ ਵਿੱਚ ਇਕ ਸੁਨਹਿਰੇ ਦਿਨ ਦੀ ਤਰ੍ਹਾਂ ਮੰਨਿਆ ਜਾਵੇਗਾ। ਇਹ ਉਹ ਦਿਨ ਹੈ ਜਦੋਂ ਸਾਰੀਆਂ ਰਾਜ ਸਰਕਾਰਾਂ ਅਤੇ ਕੇਂਦਰ ਸਰਕਾਰ ਨੇ ਮਿਲ ਕੇ ਦੇਸ਼ ਵਿੱਚ ਅਪ੍ਰੱਤਖ ਕਰ ਦੀ ਇਕ ਨਵੀਂ ਪ੍ਰਣਾਲੀ ਸ਼ੁਰੂ ਕੀਤੀ ਸੀ, ਇਸ ਪ੍ਰਣਾਲੀ ਦਾ ਨਾਮ ਹੈ ਜੀ ਐੱਸ ਟੀ (ਵਸਤੂ ਅਤੇ ਸੇਵਾ ਕਰ)। ਦੇਸ਼ ਦੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਵਲੋਂ 30 ਜੂਨ ਰਾਤ ਨੂੰ ਜਦੋਂ ਇਸ ਪ੍ਰਣਾਲੀ ਦੀ ਸ਼ੁਰੂਆਤ ਕੀਤੀ ਗਈ ਤਾਂ ਇਸ ਇਤਿਹਾਸਕ ਸਮਾਗਮ ਵਿੱਚ ਪ੍ਰਧਾਨ ਮੰਤਰੀ ਜੀ ਨੇ ਵਸਤੂ ਅਤੇ ਸੇਵਾ ਕਰ (ਜੀ ਐੱਸ ਟੀ) ਦੀ ਇਕ ਨਵੀਂ ਪਰਿਭਾਸ਼ਾ ਦਿੱਤੀ। ਉਨ੍ਹਾਂ ਕਿਹਾ ਕਿ ਜੀ ਐੱਸ ਟੀ ਗੁਡ (ਵਧੀਆ) ਅਤੇ ਸਿੰਪਲ (ਸਰਲ) ਟੈਕਸ ਹੈ। ਇਸ ਨਵੀਂ ਪ੍ਰਣਾਲੀ ਨੂੰ ਆਜ਼ਾਦੀ ਦੇ ਬਾਅਦ ਦਾ ਸਭ ਤੋਂ ਵੱਡਾ ਕਰ ਸੁਧਾਰ ਕਿਉਂ ਮੰਨਿਆ ਜਾਂਦਾ ਹੈ? ਇਸ ਲੇਖ ਰਾਹੀਂ ਮੈਂ ਜੀ ਐੱਸ ਟੀ ਦੇ ਸਰੂਪ, ਇਸ ਦੇ ਕੁੱਝ ਫਾਇਦੇ ਅਤੇ ਜੀ ਐੱਸ ਟੀ ਵਿੱਚ ਕਰ ਵਸੂਲੀ ਅਤੇ ਰਿਟਰਨ ਭਰਨ ਦੀ ਪ੍ਰਕਿਰਿਆ ਕੀ ਹੋਵੇਗੀ ਇਸ ਦੇ ਕੁੱਝ ਬਿੰਦੂਆਂ ਉਤੇ ਚਾਨਣਾ ਪਾਵਾਂਗਾ।

ਹੁਣ ਤੱਕ ਕੇਂਦਰ ਸਰਕਾਰ ਵਲੋਂ ਕਈ ਵੱਖ-ਵੱਖ ਵਸਤਾਂ ਉਤੇ ਉਤਪਾਦਨ ਕਰ, ਵਾਧੂ ਉਤਪਾਦਨ ਕਰ, ਵਾਧੂ ਸੀਮਾ ਕਰ, ਹੋਰ ਵਿਸ਼ੇਸ਼ ਵਾਧੂ ਕਰ ਆਦਿ ਨਾਮ ਦੇ ਵੱਖ-ਵੱਖ ਕਰ ਲਗਾਏ ਜਾਂਦੇ ਸਨ ਅਤੇ ਸੇਵਾਵਾਂ ਉਪਰ ਸੇਵਾ ਕਰ ਲਗਾਇਆ ਜਾਂਦਾ ਸੀ। ਰਾਜ ਸਰਕਾਰ ਵਲੋਂ ਵੈਟ ਕੇਂਦਰੀ ਵਿਕਰੀ ਕਰ, ਖਰੀਦ ਕਰ, ਮਨੋਰੰਜਨ ਕਰ, ਲਾਟਰੀ ਕਰ, ਚੁੰਗੀ ਕਰ, ਦਾਖਲਾ ਕਰ ਦੇ ਨਾਮ ਉਤੇ ਵੱਖ-ਵੱਖ ਕਰ ਲਗਾਏ ਜਾਂਦੇ ਰਹੇ ਸਨ। ਇਸ ਤੋਂ ਇਲਾਵਾ ਕੇਂਦਰ ਅਤੇ ਰਾਜਾਂ ਵਲੋਂ ਕਈ ਤਰ੍ਹਾਂ ਦੇ ਵੱਖਰੇ-ਵੱਖਰੇ ਉਪ-ਕਰ ਵੀ ਲਗਾਏ ਜਾਂਦੇ ਹਨ। ਜੀ ਐੱਸ ਟੀ ਵਿੱਚ ਹੁਣ ਸਾਰੇ ਵੱਖ-ਵੱਖ ਕਰ ਨਿਕਲ ਜਾਣਗੇ ਅਤੇ ਸਿਰਫ ਇਕ ਕਰ ਜੀ ਐੱਸ ਟੀ ਲਗੇਗਾ ਜੋ ਸਾਰੀਆਂ ਵਸਤਾਂ ਅਤੇ ਸੇਵਾਵਾਂ ਉਤੇ ਲਗੇਗਾ। ਇਕ ਵਸਤੂ ਦੇ ਉਪਰ ਜੋ ਵੀ ਜੀ ਐੱਸ ਟੀ ਕਰ ਦੀ ਦਰ ਹੋਵੇਗੀ ਉਹ ਪੂਰੇ ਦੇਸ਼ ਵਿੱਚ ਇਕ ਹੀ ਰਹੇਗੀ।

**ਵੱਡੀ ਗਿਣਤੀ ਵਿੱਚ ਕੇਂਦਰ ਅਤੇ ਰਾਜਾਂ ਵਲੋਂ ਲਗਾਏ ਜਾ ਰਹੇ ਕਰਾਂ ਨੂੰ ਮਿਲਾ ਕੇ ਇਕਮਾਤਰ ਕਰ ਬਣਾ ਦਿੱਤੇ ਜਾਣ ਨਾਲ ਕਈ ਕਰ ਅਤੇ ਦੋਹਰੇ ਕਰਾਂ ਦੀ ਸਮੱਸਿਆ ਹੱਲ ਹੋ ਜਾਵੇਗੀ ਅਤੇ ਸੰਗਠਿਤ ਰਾਸ਼ਟਰੀ ਬਾਜ਼ਾਰ ਦੇ ਲਈ ਰਾਹ ਸਾਫ ਹੋ ਜਾਵੇਗਾ। ਉਪਭੋਗਤਾਵਾਂ ਦੀ ਨਜ਼ਰ ਤੋਂ ਦੇਖੀਏ ਤਾਂ ਸਭ ਤੋਂ ਵੱਡਾ ਲਾਭ ਇਹ ਹੋਵੇਗਾ ਕਿ ਵਸਤਾਂ ਉਤੇ ਲਗਣ ਵਾਲੇ ਕਰ ਦੇ ਬੋਝ ਵਿੱਚ ਕਮੀ ਆਵੇਗੀ। ਅੱਜ ਇਹ ਕਰ ਬੋਝ 25 ਪ੍ਰਤਿਸ਼ਤ ਤੋਂ 30 ਪ੍ਰਤਿਸ਼ਤ ਦੇ ਲਗਭਗ ਹੈ। ਜੀ ਐੱਸ ਟੀ ਦੇ ਲਾਗੂ ਕੀਤੇ ਜਾਣ ਨਾਲ ਭਾਰਤੀ ਉਤਪਾਦਕ ਘਰੇਲੂ ਅਤੇ ਅੰਤਰਰਾਸ਼ਟਰੀ ਮੰਡੀ ਵਿੱਚ ਮੁਕਾਬਲਾ ਕਰ ਸਕਣਗੇ। ਅਧਿਐਨਾਂ ਤੋਂ ਪਤਾ ਚਲਦਾ ਹੇ ਕਿ ਇਸ ਨਾਲ ਆਰਥਿਕ ਵਿਕਾਸ ਉਤੇ ਵੀ ਬਹੁਤ ਉਤਸ਼ਾਹਜਨਕ ਅਸਰ ਪਵੇਗਾ।**

ਸੰਵਿਧਾਨ ਵਿੱਚ ਜੀ ਐੱਸ ਟੀ ਉਤੇ (ਦਰ ਸਹਿਤ) ਸਾਰੇ ਮਹੱਤਵਪੂਰਨ ਮਾਮਲਿਆਂ ਉਤੇ ਫੈਸਲਾ ਲੈਣ ਦੇ ਲਈ ਪੂਰਾ ਅਧਿਕਾਰ ਜੀ ਐੱਸ ਟੀ ਕਾਉਂਸਿਲ ਨੂੰ ਦਿੱਤਾ ਗਿਆ ਹੈ। ਕਾਉਂਸਿਲ ਦੀ ਬੈਠਕ ਵਿੱਚ ਅਜੇ ਤੱਕ ਜੋ ਫੈਸਲੇ ਹੋਏ ਹਨ ਉਨ੍ਹਾਂ ਵਿੱਚੋਂ ਮੁੱਖ ਫ਼ੈਸਲੇ ਇਹ ਹਨ ਕਿ ਸਾਰੀਆਂ ਵਸਤਾਂ ਉਤੇ 4 ਦਰਾਂ ਵਿੱਚੋਂ ਕਿਸੇ ਇਕ ਦਰ ਦਾ ਕਰ ਲਗੇਗਾ – 5 ਪ੍ਰਤਿਸ਼ਤ, 12 ਪ੍ਰਤਿਸ਼ਤ, 18 ਪ੍ਰਤਿਸ਼ਤ ਅਤੇ 28 ਪ੍ਰਤਿਸ਼ਤ। ਇਸ ਤੋਂ ਇਲਾਵਾ ਕੁੱਝ ਵਸਤਾਂ ਅਤੇ ਸੇਵਾਵਾਂ ਅਜਿਹੀਆਂ ਹਨ ਜਿਨ੍ਹਾਂ ਉਪਰ ਕੋਈ ਕਰ ਨਹੀਂ ਲਗੇਗਾ। ਯਾਨਿ ਕਿ ਉਹ ਛੋਟ ਪ੍ਰਾਪਤ ਸੂਚੀ ਦੀ ਵਸਤੂ ਹੋਵੇਗੀ। ਸੋਨਾ, ਚਾਂਦੀ ਅਤੇ ਇਸ ਤੋਂ ਬਣੇ ਗਹਿਣਿਆਂ ਦੇ ਉਪਰ ਇਕ ਵਿਸ਼ੇਸ਼ ਦਰ ਹੋਵੇਗੀ। ਨਿਰਯਾਤ ਕਰਨ ਵਾਲੀ ਵਸਤੂ ਉਤੇ ਜੋ ਵੀ ਕਰ ਦੇਸ਼ ਦੇ ਅੰਦਰ ਚੁਕਾਇਆ ਹੋਵੇਗਾ ਉਸ ਦਾ ਪੂਰਾ ਰਿਫੰਡ ਮਿਲੇਗਾ। ਦਰਾਮਦ ਕੀਤੀ ਗਈ ਵਸਤੂ ਉਤੇ ਸੀਮਾ ਕਰ ਤੋਂ ਇਲਾਵਾ ਉਨਾਂ ਹੀ ਜੀ ਐੱਸ ਟੀ ਲਗੇਗਾ ਜਿੰਨਾ ਦੇਸ਼ ਦੇ ਅੰਦਰ ਜੀ ਐੱਸ ਟੀ ਉਸ ਵਸਤੂ ਦੇ ਲਈ ਹੈ। ਜੀ ਐੱਸ ਟੀ ਲਾਗੂ ਕਰਨ ਤੋਂ ਬਾਅਦ ਵਪਾਰੀਆਂ ਅਤੇ ਉਤਪਾਦਕਾਂ ਨੂੰ ਇਕ ਹੀ ਕਰ ਦੀ ਪ੍ਰਕਿਰਿਆ ਪੂਰੀ ਕਰਨੀ ਪਵੇਗੀ। ਸਭ ਤੋਂ ਵੱਡਾ ਫ਼ਾਇਦਾ ਛੋਟੇ ਵਪਾਰੀਆਂ ਨੂੰ ਦਿੱਤਾ ਗਿਆ ਹੈ। ਅਜੇ ਦੇਸ਼ ਵਿੱਚ ਜ਼ਿਆਦਾਤਰ ਰਾਜਾਂ ਵਿੱਚ 10 ਲੱਖ ਤੋਂ ਉਪਰ ਦਾ ਟਰਨਓਵਰ ਕਰਨ ਵਾਲੇ ਵਪਾਰੀਆਂ ਨੂੰ ਵੈਟ ਭਰਨਾ ਪੈਂਦਾ ਸੀ। ਜੀ ਐੱਸ ਟੀ ਵਿੱਚ ਵਿਸ਼ੇਸ਼ ਸ਼੍ਰੇਣੀ ਦੇ ਪਹਾੜੀ ਇਲਾਕਿਆਂ ਵਾਲੇ ਰਾਜਾਂ ਵਿੱਚ ਇਹ ਸੀਮਾ 20 ਲੱਖ ਰੁਪਏ ਦੀ ਕਰ ਦਿੱਤੀ ਗਈ ਹੈ। ਇਸ ਦਾ ਮਤਲਬ ਇਹ ਹੋਇਆ ਕਿ ਜਿਸ ਵਪਾਰੀ ਦਾ ਸਾਲਾਨਾ ਟਰਨਓਵਰ 10 ਲੱਖ ਰੁਪਏ ਤੋਂ 20 ਲੱਖ ਰੁਪਏ ਦੇ ਵਿਚਕਾਰ ਸੀ ਉਸ ਨੂੰ ਵੀ ਹੁਣ ਕੋਈ ਕਰ ਨਹੀਂ ਦੇਣਾ ਪਵੇਗਾ ਅਤੇ ਨਾ ਹੀ ਉਸ ਲਈ ਪੰਜੀਕਰਨ ਕਰਵਾਉਣਾ ਲਾਜ਼ਮੀ ਹੋਵੇਗਾ। ਹੁਣ ਵੈਟ, ਸੇਵਾ ਕਰ ਅਤੇ ਐਕਸਾਈਜ਼ ਨੰਬਰ ਜਿਸ ਦੇ ਕੋਲ ਹਨ ਉਨ੍ਹਾਂ ਵਿੱਚੋਂ ਜ਼ਿਆਦਾਤਰ

ਦਾ ਪੰਜੀਕਰਨ ਜੀ ਐੱਸ ਟੀ ਪ੍ਰਕਿਰਿਆ ਵਿੱਚ ਹੋ ਚੁੱਕਾ ਹੈ।

ਜੀ ਐੱਸ ਟੀ ਵਿੱਚ ਹਰ ਵਪਾਰੀ ਨੂੰ ਮਹੀਨੇ ਵਿੱਚ ਇਕ ਵਾਰ ਮੁੱਖ ਰਿਟਰਨ ਭਰਨੀ ਪਵੇਗੀ ਅਤੇ ਆਪਣੀ ਕਰ ਦੀ ਅਦਾਇਗੀ ਕਰਨੀ ਪਵੇਗੀ। ਕਿਸੇ ਵੀ ਵਸਤੂ ਜਾਂ ਸੇਵਾ ਉਤੇ ਜੋ ਵੀ ਕਰ ਚੁਕਾਉਣਾ ਹੈ, ਉਸ ਵਿੱਚੋਂ ਖਰੀਦਦਾਰੀ ਉੱਤੇ ਲਗਿਆ ਜੋ ਕਰ ਭਰ ਦਿੱਤਾ ਗਿਆ ਹੈ ਉਸ ਦਾ ਪੂਰਾ ਅਗਾਊਂ ਕਰ ਕ੍ਰੈਡਿਟ ਹਰ ਵਪਾਰੀ ਨੂੰ ਆਪ ਮਿਲੇਗਾ। ਰਿਟਰਨ ਫਾਈਲ ਕਰਨ ਦੀ ਪੂਰੀ ਪ੍ਰਕਿਰਿਆ ਆਨਲਾਈਨ ਹੈ। ਜੇਕਰ ਤੁਸੀਂ ਆਪਣਾ ਹਿਸਾਬ ਕਿਤਾਬ ਜੀ ਐੱਸ ਟੀ ਵਲੋਂ ਦਿੱਤੀ ਗਈ ਐਕਸਲ ਸ਼ੀਟ ਵਿੱਚ ਰਖੋਗੇ ਤਾਂ ਹਰ ਮਹੀਨੇ ਓਹੀ ਹਿਸਾਬ ਕਿਤਾਬ ਆਪਣੇ ਆਪ ਆਨਲਾਈਨ ਟੂਲ ਦੀ ਮਦਦ ਨਾਲ ਰਿਟਰਨ ਵਿੱਚ ਦਬਦੀਲ ਹੋ ਜਾਵੇਗਾ।

ਜੇਕਰ ਕੋਈ ਵਪਾਰੀ ਆਪਣਾ ਪੂਰਾ ਸਮਾਨ ਸਿਰਫ ਖੁਦਰਾ/ਥੋਕ ਗ੍ਰਾਹਕਾਂ ਨੂੰ ਵੇਚਦਾ ਹੈ (ਬੀ ਟੂ ਸੀ) ਤਾਂ ਅਜਿਹੇ ਵਪਾਰੀ ਦੀ ਰਿਟਰਨ ਬਹੁਤ ਹੀ ਸਰਲ ਹੋਵੇਗੀ ਜਿਸ ਵਿੱਚ ਮੁੱਲ ਅਨੁਸਾਰ ਟਰਨਓਵਰ ਦਿਖਾਉਂਦਾ ਹੋਵੇਗਾ। ਜੇਕਰ ਕੋਈ ਵਪਾਰੀ ਜੋ ਕੰਪੋਜੀਸ਼ਨ ਸਕੀਮ ਦਾ ਲਾਭ ਉਠਾਉਂਦਾ ਹੈ ਅਤੇ ਜਿਸ ਦਾ ਟਰਨਓਵਰ 50 ਲੱਖ ਰੁਪਏ ਤੋਂ ਘੱਟ ਹੈ ਅਜਿਹੇ ਵਪਾਰੀ ਵਲੋਂ ਹਰ ਮਹੀਨੇ ਵਿੱਚ ਨਹੀਂ, ਪਰ 3 ਮਹੀਨੇ ਵਿੱਚ ਰਿਟਰਨ ਭਰਨਾ ਹੋਵੇਗਾ, ਜਿਸ ਵਿੱਚ ਆਪਣਾ ਕੁੱਲ ਟਰਨਓਵਰ ਵੀ ਦਿਖਾਉਣਾ ਹੋਵੇਗਾ।

ਜੋ ਵਪਾਰੀ ਬਿਜਨੇਸ ਨੂੰ ਬਿਜਨੇਸ (ਬੀ ਟੂ ਬੀ) ਵਸਤੂ ਵੇਚ ਰਹੇ ਹਨ ਉਸ ਨੂੰ ਵਿਕਰੀ ਦੀ ਹਰ ਇਨਵਾਈਸ ਦੀ ਪੂਰੀ ਤਫ਼ਸੀਲ ਰਿਟਰਨ ਵਿੱਚ ਦੇਣੀ ਹੋਵੇਗੀ। ਹਰ ਵਪਾਰੀ ਜਦੋਂ ਆਪਣੀ ਵਿਕਰੀ ਦੀ ਜਾਣਕਾਰੀ ਮਹੀਨੇ ਦੀ 10 ਤਰੀਕ ਤੱਕ ਜੀ ਐੱਸ ਟੀ ਦੀ ਵੈੱਬਸਾਈਟ ਉਤੇ ਰਿਟਰਨ ਦੇ ਫਾਰਮ ਵਿੱਚ ਪਾ ਦੇਵੇਗਾ ਤਾਂ ਉਸ ਦੇ ਵਲੋਂ ਕੀਤੀ ਗਈ ਖਰੀਦਦਾਰੀ ਦਾ ਪੂਰਾ ਵੇਰਵਾ ਆਪਣੇ ਆਪ ਉਸ ਦੇ ਖਰੀਦਦਾਰਾਂ ਨੂੰ ਆਪਣੀ ਜੀ ਐੱਸ ਟੀ ਆਰ-2 (ਜੀ ਐੱਸ ਟੀ ਆਨਲਾਈਨ ਅਕਾਊਂਟ) ਵਿੱਚ ਦਿਸ ਜਾਵੇਗਾ।

ਖਰੀਦਦਾਰ ਵਪਾਰੀ ਵਲੋਂ ਉਸ ਨੂੰ ਦੇਖ ਕੇ 'ਠੀਕ ਹੈ' ਉਤੇ ਕਲਿਕ ਕਰਨ ਨਾਲ ਵਪਾਰੀ ਦਾ ਪੂਰਾ ਰਿਟਰਨ ਕੰਪਿਊਟਰ ਵਿੱਚ ਹੀ ਉਸ ਦੇ ਸਾਹਮਣੇ ਆ ਜਾਵੇਗਾ। ਜਿਸ ਨੂੰ ਸਵੀਕਾਰ ਕਰਨ ਉਤੇ ਵਪਾਰੀ ਦੀ ਕਰ ਦੇਣਦਾਰੀ ਅਤੇ ਅਗਾਊਂ ਕਰ ਕ੍ਰੈਡਿਟ ਦਾ ਪੂਰਾ ਵੇਰਵਾ ਜੀ ਐੱਸ ਟੀ ਪ੍ਰਣਾਲੀ ਦਵਾਰਾ ਆਪਣੇ ਆਪ ਤਿਆਰ ਕਰਕੇ ਸ਼ੁੱਧ ਕਰ ਦੇਣਦਾਰੀ ਦੇ ਨਾਲ ਦਿਖਾਇਆ ਜਾਵੇਗਾ। ਕਰ ਦੇਣਦਾਰੀ ਅਤੇ ਅਗਾਊਂ ਕਰ ਕ੍ਰੈਡਿਟ ਦੇ ਵਿਚਕਾਰ ਦਾ ਅੰਤਰ, ਵਪਾਰੀ ਨੂੰ ਭਰਨਾ ਹੋਵੇਗਾ। ਕਰ ਆਨਲਾਈਨ ਜਾਂ ਬੈਂਕ ਵਿੱਚ ਜਮ੍ਹਾਂ ਕਰਨਾ ਹੋਵੇਗਾ। ਇਸ ਤੋਂ ਬਾਅਦ ਵਪਾਰੀ ਨੂੰ ਮਹੀਨੇ ਦੀ 20 ਤਰੀਕ ਤੱਕ ਕੰਪਿਊਟਰ ਦੁਆਰਾ ਤਿਆਰ ਕੀਤਾ ਗਿਆ ਅੰਤਮ ਰਿਟਰਨ ਜੀ ਐੱਸ ਟੀ ਆਰ-3 ਨੂੰ ਕਲਿਕ ਕਰਕੇ ਸਬਮਿਟ ਕਰਨਾ ਹੋਵੇਗਾ।

ਬਿਜਨੇਸ-2 ਬਿਜਨੇਸ ਲੈਣ ਦੇਣ ਵਿੱਚ ਇਕ ਅਜਿਹਾ ਪ੍ਰਬੰਧ ਕੀਤਾ ਗਿਆ ਹੈ ਜਿਸ ਨੂੰ ਅਸੀਂ ਅਗੇਤਾ ਕਰ ਜਾਂ ਕ੍ਰੈਡਿਟ ਰਿਵਰਸਲ ਕਹਿੰਦੇ ਹਾਂ ਯਾਨਿ ਕਿ ਜੋ ਤੁਹਾਨੂੰ ਅਗਾਊਂ ਕਰ ਕ੍ਰੈਡਿਟ ਮਿਲਦਾ ਹੈ ਉਸ ਨੂੰ ਵਾਪਸੀ ਦਾ ਕੰਮ। ਇਸ ਦੇ ਬਾਰੇ ਵਿੱਚ ਕਾਫੀ ਲੋਕਾਂ ਨੇ ਚਿੰਤਾ ਜਤਾਈ ਹੈ ਪਰ ਜੇਕਰ ਪੂਰੀ ਪ੍ਰਕਿਰਆ ਨੂੰ ਤੁਸੀਂ ਸਮਝੋਗੇ ਤਾਂ ਇਸ ਦੀ ਪੂਰੀ ਹਮਾਇਤ ਕਰਨ ਲਈ ਤਿਆਰ ਹੋ ਜਾਵੋਗੇ। ਜਿਵੇਂ ਕਿ ਪਹਿਲਾਂ ਕਿਹਾ ਗਿਆ ਕਿ ਤੁਸੀਂ ਜਿਸ ਕੋਲੋਂ ਵਸਤੂ ਖਰੀਦੀ ਹੈ ਉਨ੍ਹਾਂ ਨੇ ਉਹ ਲੈਣ ਦੇਣ ਆਪਣੀ ਰਿਟਰਨ ਵਿੱਚ ਮਹੀਨੇ ਦੀ 10 ਤਰੀਕ ਤੱਕ ਦਿਖਾ ਦਿੱਤਾ ਹੈ ਤਾਂ ਤੁਹਾਨੂੰ ਅਗੇਤਾ ਕਰ ਕ੍ਰੈਡਿਟ ਮਿਲ ਜਾਵੇਗਾ। ਮੰਨ ਲਓ ਤੁਹਾਨੂੰ ਵਸਤੂ ਵੇਚਣ ਵਾਲਾ ਵਿਅਕਤੀ ਉਸ ਇਨਵਾਈਸ ਨੂੰ ਆਪਣੀ ਰਿਟਰਨ ਵਿੱਚ ਨਹੀਂ ਪਾਉਂਦਾ ਤਾਂ ਵੀ ਤੁਹਾਨੂੰ ਇਹ ਮੌਕਾ ਮਿਲੇਗਾ ਕਿ ਤੁਸੀਂ ਉਸ ਨੂੰ ਆਪਣੀ ਜੀ ਐੱਸ ਟੀ-2 ਰਿਟਰਨ ਵਿੱਚ ਮਹੀਨੇ ਦੀ 15 ਤਰੀਕ ਤੱਕ ਦਿਖਾ ਦਿਓ ਅਤੇ ਅਜਿਹਾ ਕਰਨ ਨਾਲ ਉਸ ਮਹੀਨੇ ਵਿੱਚ ਤੁਹਾਨੂੰ ਤੁਹਾਡੇ ਕਹਿਣ ਉਤੇ ਪੂਰਾ ਅਗਾਊਂ ਕ੍ਰੈਡਿਟ ਮਿਲ ਜਾਵੇਗਾ।

ਇਸ ਤੋਂ ਬਾਅਦ ਤੁਹਾਨੂੰ ਉਸ ਵਪਾਰੀ ਨਾਲ ਸੰਪਰਕ ਕਰਨਾ ਪਵੇਗਾ ਅਤੇ ਉਸ ਨੂੰ ਇਹ ਸਮਝਾਉਣਾ ਹੈ ਕਿ ਉਹ ਉਸ ਲੈਣ ਦੇਣ ਨੂੰ ਆਪਣੀ ਰਿਟਰਨ ਵਿੱਚ ਦਿਖਾਵੇ ਤਾਂ ਕਿ ਤੁਹਾਨੂੰ ਜੋ ਅਗੇਤਾ ਕਰ ਕ੍ਰੈਡਿਟ ਮਿਲ ਗਿਆ ਹੈ ਉਸ ਦਾ ਰਿਵਰਸਲ ਅਗਲੇ ਮਹੀਨੇ ਵਿੱਚ ਨਹੀਂ ਕਰਨਾ ਪਵੇਗਾ।

ਤੁਹਾਨੂੰ ਇਸ ਲਈ ਪੂਰਾ 30 ਦਿਨ ਦਾ ਸਮਾਂ ਮਿਲੇਗਾ ਅਤੇ ਇਸ ਦੇ ਬਾਵਜੂਦ ਜੇਕਰ ਤੁਹਾਨੂੰ ਵਸਤੂ ਵੇਚਣ ਵਾਲਾ ਵਪਾਰੀ ਇਸ ਲੈਣ ਦੇਣ ਨੂੰ ਸਵੀਕਾਰ ਨਹੀਂ ਕਰਦਾ ਹੈ ਅਤੇ ਆਪਣੀ ਰਿਟਰਨ ਵਿੱਚ ਨਹੀਂ ਦਿਖਾਉਂਦਾ ਹੈ ਤਾਂ ਅਗਲੇ ਮਹੀਨੇ ਤੁਹਾਡੀ ਕਰ ਰਿਟਰਨ ਵਿੱਚ ਇਹ ਅਗੇਤਾ ਕਰ ਕ੍ਰੈਡਿਟ ਜੋ ਤੁਹਾਨੂੰ ਮਿਲ ਚੁੱਕਾ ਸੀ ਉਸ ਨੂੰ ਰਿਵਰਸ ਕੀਤਾ ਜਾਵੇਗਾ। ਹਰ ਵਪਾਰੀ ਦਾ ਇਹ ਫ਼ਰਜ਼ ਹੈ ਕਿ ਅਜਿਹੇ ਵਪਾਰੀਆਂ ਨਾਲ ਹੀ ਕਾਰੋਬਾਰ ਕਰਨ ਜੋ ਤੁਹਾਡੇ ਕੋਲੋਂ ਕਰ ਵਸੂਲ ਕਰਨ ਤੋਂ ਬਾਅਦ ਸਰਕਾਰ ਕੋਲ ਇਸ ਨੂੰ ਜਮ੍ਹਾ ਕਰਵਾਏ। ਹਰ ਇਕ ਵਾਪਰੀ ਦੀਆਂ ਖਾਮੀਆਂ ਦੇ ਅਧਾਰ ਉਤੇ ਉਨ੍ਹਾਂ ਨੂੰ ਇਕ ਅਨੁਪਾਲਨ ਰੇਟਿੰਗ ਵੀ ਦਿੱਤੀ ਜਾਵੇਗੀ, ਜਿਸ ਨੂੰ ਹੋਰ ਸਾਰੇ ਵਪਾਰੀ ਦੇਖ ਸਕਣਗੇ। ਤਾਂ ਕਿ ਬਾਰ-ਬਾਰ ਗਲਤੀ ਕਰਨ ਵਾਲੇ ਵਪਾਰੀ ਨਾਲ ਵਪਾਰ ਕਰਨ ਵਿੱਚ ਤੁਸੀਂ ਸੁਚੇਤ ਰਹੋ।

ਜੀ ਐੱਸ ਟੀ ਲਾਗੂ ਕਰਨ ਤੋਂ ਬਾਅਦ 20 ਦਿਨ ਦੇ ਅੰਦਰ ਜੋ ਅਨੁਭਵ ਹੋਇਆ ਹੈ ਉਸ ਤੋਂ ਇਹ ਸਾਬਤ ਹੁੰਦਾ ਹੈ ਕਿ ਜੀ ਐੱਸ ਟੀ ਸਹੀ ਮਾਇਨੇ ਵਿੱਚ ਆਮ ਆਦਮੀ ਦੇ ਲਈ ਅਤੇ ਦੇਸ਼ ਦੇ ਅਰਥਤੰਤਰ ਦੇ ਲਈ ਬਹੁਤ ਲਾਹੇਵੰਦ ਸਾਬਤ ਹੋਵੇਗਾ। ਜੀ ਐੱਸ ਟੀ ਲਾਗੂ ਕਰਨ ਤੋਂ ਬਾਅਦ ਕਾਫੀ ਲੋਕਾਂ ਲਈ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਘੱਟ ਹੁੰਦੀਆਂ ਦਿਖਾਈ ਦੇ ਰਹੀਆਂ ਹਨ। ਇਕ ਦੋ ਖੇਤਰਾਂ ਨੂੰ ਛੱਡ ਕੇ ਬਾਕੀ ਸਾਰੇ ਖੇਤਰਾਂ ਦੇ ਵਪਾਰੀਆਂ ਨੇ ਵੀ ਇਸ ਪ੍ਰਨਾਲੀ ਦਾ ਸਵਾਗਤ ਕੀਤਾ ਹੈ। ਜੀ ਐੱਸ ਟੀ ਵਿੱਚ ਦਾਖਲ ਹੋਣ ਵਾਲੇ ਵਪਾਰੀਆਂ ਦੀ ਗਿਣਤੀ ਹੁਣ ਦਿਨੋ-ਦਿਨ ਵਧ ਰਹੀ ਹੈ। ਇਸ ਨਾਲ ਇਹ ਸਾਬਤ ਹੋ ਰਿਹਾ ਹੈ ਕਿ ਜੀ ਐੱਸ ਟੀ ਦੇ ਆਉਣ ਤੋਂ ਬਾਅਦ ਟੈਕਸ ਦਾ ਦਾਇਰਾ ਵਧੇਗਾ ਅਤੇ ਰਾਜ ਅਤੇ ਕੇਂਦਰ ਸਰਕਾਰ ਨੂੰ ਮਾਲੀ ਵਸੀਲਾ ਉਪਲਬਧ ਹੋਵੇਗਾ।

*(ਲੇਖਕ ਭਾਰਤੀ ਪ੍ਰਸ਼ਾਸਨਿਕ ਸੇਵਾ (ਆਈ ਏ ਐੱਸ) ਦੇ ਅਧਿਕਾਰੀ ਹਨ ਅਤੇ ਵਰਤਮਾਨ ਵਿੱਚ ਵਿੱਤ ਮੰਤਰਾਲਾ ਦੇ ਰਾਜਸਵ ਵਿਭਾਗ ਵਿੱਚ ਸਕੱਤਰ ਹਨ। ਜੀ ਐੱਸ ਟੀ ਸ਼ੁਰੂ ਕਰਨ ਅਤੇ ਬੈਂਕਿੰਗ ਸੁਧਾਰਾਂ ਸਮੇਤ ਵਿਭਿੰਨ ਆਰਥਿਕ ਨਵਾਚਾਰਾਂ ਦੀ ਸ਼ੁਰੂਆਤ ਵਿੱਚ ਇਸ ਦੀ ਸਰਗਰਮ ਭੂਮਿਕਾ ਰਹੀ ਹੈ।)*

*e-mail :adhia@hotmail.com*

# ਲਚੀਲੇ ਰੁਖ ਨਾਲ ਬਣੀ ਗੱਲ

ਪਾਇਲ ਸਕਸੇਨਾ



**ਜੀ ਐੱਸ ਟੀ ਦੀਆਂ ਦਰਾਂ ਪਹਿਲੀ ਵਾਰ ਸਾਹਮਣੇ ਆਉਣ ਦੇ ਬਾਅਦ ਤੋਂ ਸਾਰੀਆਂ ਸੱਨਅਤਾਂ ਅਤੇ ਖੇਤਰ ਉਨ੍ਹਾਂ ਵਿੱਚ ਕਮੀ ਕਰਨ ਲਈ ਸਰਕਾਰ ਨੂੰ ਅਪੀਲ ਕਰ ਰਹੀਆਂ ਸਨ, ਜਿਸ ਦੀ ਅਣਦੇਖੀ ਨਹੀਂ ਕੀਤੀ ਗਈ ਅਤੇ ਖ਼ਜ਼ਾਨਾ ਵਿਭਾਗ ਨਾਲ ਵਿਚਾਰ ਕਰਨ ਤੋਂ ਬਾਅਦ ਦਰਾਂ ਵਿੱਚ ਜਿੰਨਾ ਸੰਭਵ ਹੋ ਸਕਿਆ ਸੋਧ ਕਰ ਦਿੱਤੀ ਗਈ। ਮਿਸਾਲ ਦੇ ਤੌਰ ਤੇ ਅਚਾਰ, ਮਸਾਲੇ, ਚਟਣੀਆਂ, ਮੁਰੱਬੇ ਬਣਾਉਣ ਵਾਲਿਆਂ ਵਿੱਚ ਘਰੇਲੂ ਸੱਨਅਤਾਂ ਅਤੇ ਛੋਟੀਆਂ ਉਤਪਾਦਕ ਇਕਾਈਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਉਨ੍ਹਾਂ ਉਤੇ ਟੈਕਸ ਦਾ ਵੱਧ ਬੋਝ ਵੇਖ ਕੇ 11 ਜੂਨ ਦੀ ਬੈਠਕ ਵਿੱਚ ਜੀ ਐੱਸ ਟੀ ਪਰਿਸ਼ਦ ਨੇ ਡੱਬਾਬੰਦ ਅਚਾਰ, ਕੈਚਪ, ਸੌਸ ਅਤੇ ਜੈਮ ਆਦਿ ਨੂੰ 18 ਪ੍ਰਤਿਸ਼ਤ ਕਰ ਦੀ ਦਰ ਤੋਂ ਬਾਹਰ ਕਰਕੇ 12 ਪ੍ਰਤਿਸ਼ਤ ਦੇ ਦਾਇਰੇ ਵਿੱਚ ਪਾ ਦਿੱਤਾ। ਇਸ ਦੇ ਨਾਲ ਅਗਰਬੱਤੀ, ਸਕੂਲ ਬੈਗ, ਨੋਟ ਬੁਕ ਆਦਿ ਉਤੇ ਵੀ ਕਰ ਘਟਾ ਦਿੱਤਾ ਗਿਆ ਜਾਂ ਖਤਮ ਕਰ ਦਿੱਤਾ ਗਿਆ।**

ਸੰਸਦ ਦੇ ਕੇਂਦਰੀ ਹਾਲ ਵਿੱਚ ਘੜੀ ਤੇ 30 ਜੂਨ ਦੀ ਅੱਧੀ ਰਾਤ ਨੂੰ ਜਦੋਂ ਮਹੀਨਾ ਬਦਲਣ ਦੀ ਘੜੀ ਆਈ ਤਾਂ ਦੇਸ਼ ਨੇ ਇਕ ਨਵੇਂ ਦੌਰ ਵਿੱਚ ਕਦਮ ਰਖਿਆ। ਨਾਲ ਹੀ ਵਸਤੂ ਅਤੇ ਸੇਵਾਵਾਂ ਕਰ (ਜੀ ਐੱਸ ਟੀ) ਪ੍ਰਣਾਲੀ ਪੂਰੇ ਦੇਸ਼ ਵਿੱਚ ਲਾਗੂ ਹੋ ਗਈ। ਇਸ ਦੇ ਨਾਲ ਹੀ ਆਜ਼ਾਦੀ ਦੇ ਲਗਭਗ 70 ਸਾਲ ਬਾਅਦ ਦੇਸ਼ ਨੂੰ ਕਰਾਂ ਦੇ ਜੰਜਾਲ ਤੋਂ ਵੀ ਆਜ਼ਾਦੀ ਮਿਲੀ ਅਤੇ ਬਹੁਤ ਅਸਾਨ ਪ੍ਰਣਾਲੀ ਲਾਗੂ ਹੋ ਗਈ। ਅਟਲ ਬਿਹਾਰੀ ਵਾਜਪਾਈ ਸਰਕਾਰ ਨੇ 2000 ਵਿੱਚ ਜੀ ਐੱਸ ਟੀ ਦੀ ਕਲਪਨਾ ਕੀਤੀ ਸੀ ਅਤੇ ਉਸ ਤੋਂ ਬਾਅਦ ਕਾਂਗਰਸ ਦੀ ਅਗਵਾਈ ਵਾਲੀ ਸਾਂਝੇ ਪ੍ਰਗਤੀਸ਼ੀਲ ਗਠਜੋੜ ਦੀ ਸਰਕਾਰ ਨੇ ਵੀ ਇਸ ਉਤੇ ਠੋਸ ਕੰਮ ਕੀਤਾ ਸੀ। ਪਰ ਸਿਰਫ ਇੰਨਾ ਕਹਿਣ ਨਾਲ ਜੀ ਐੱਸ ਟੀ ਦਾ ਸਿਹਰਾ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਮੌਜੂਦਾ ਰਾਸ਼ਟਰੀ ਜਨਤਾਂਤਰਕ ਗਠਜੋੜ ਸਰਕਾਰ ਤੋਂ ਖੋਹਿਆ ਨਹੀਂ ਜਾ ਸਕਦਾ। ਜਦੋਂ ਇਹ ਸਰਕਾਰ ਬਣੀ ਸੀ ਤਾਂ ਲੋਕ ਜੀ ਐੱਸ ਟੀ ਨੂੰ ਭੁੱਲ ਗਏ ਸਨ, ਪਰ ਮੋਦੀ ਸਰਕਾਰ ਨੇ ਸਿਰਫ ਤਿੰਨ ਸਾਲਾਂ ਦੇ ਅੰਦਰ ਜਿਸ ਤੇਜ਼ੀ ਨਾਲ ਇਸ ਨੂੰ ਸਾਕਾਰ ਕੀਤਾ ਇਹ ਪ੍ਰਸ਼ੰਸਾਯੋਗ ਹੈ।

ਪਿਛਲੀ ਸਰਕਾਰ ਦੇ ਸਮੇਂ ਵਿੱਚ ਜੀ ਐੱਸ ਟੀ ਉਤੇ ਸਾਰਿਆਂ ਨੂੰ ਰਾਜ਼ੀ ਕਰਨਾ ਮੁਸ਼ਕਿਲ ਹੋ ਰਿਹਾ ਸੀ ਕਿਉਂਕਿ ਰਾਜਾਂ ਅਤੇ ਕੇਂਦਰ ਦੇ ਵਿੱਚ ਅਧਿਕਾਰਾਂ ਦੀ ਵੰਡ ਅਤੇ ਜੀ ਐੱਸ ਟੀ ਦਰਾਂ ਉਤੇ ਇਕ ਰਾਏ ਕਾਇਮ ਹੋ ਹੀ ਨਹੀਂ ਰਹੀ ਸੀ। ਇਸ ਤੋਂ ਇਲਾਵਾ ਰਾਜਾਂ ਨੂੰ ਕਰ ਮਾਲੀਏ ਵਿੱਚ ਕਮੀ ਦੇ ਖ਼ਮਿਆਜ਼ੇ ਦੀ ਪੂਰਤੀ ਕਿਵੇਂ ਕੀਤੀ ਜਾਵੇਗੀ, ਇਹ ਵੀ ਤੈਅ ਨਹੀਂ ਹੋ ਪਾ ਰਿਹਾ ਸੀ। ਪਰ ਮੌਜੂਦਾ ਕੇਂਦਰ ਸਰਕਾਰ ਨੇ ਇਕ-ਇਕ ਕਰਕੇ ਸਾਰੀਆਂ ਅੜਚਨਾਂ ਪਾਰ ਕਰ ਲਈਆਂ। ਇਹ ਕੰਮ ਅਸਾਨ ਨਹੀਂ ਸੀ। ਜੀ ਐੱਸ ਟੀ ਦੀਆਂ ਸ਼ਰਤਾਂ ਅਤੇ ਦਰਾਂ ਤੈਅ ਕਰਨ ਦੇ ਲਈ ਉਤਪਾਦਕ ਰਾਜਾਂ ਅਤੇ ਖਪਤ ਕਰਨ ਵਾਲੇ ਰਾਜਾਂ ਦੀਆਂ ਸਮੱਸਿਆਵਾਂ ਦਾ ਪੁਲੰਦਾ ਸੈਂਕੜੇ ਅਧਿਕਾਰੀਆਂ ਸਾਹਮਣੇ ਰੱਖ ਦਿੱਤਾ ਗਿਆ ਸੀ। ਕਈ ਮਹੀਨਿਆਂ ਵਿੱਚ ਅਨੇਕਾਂ ਬੈਠਕਾਂ ਤੋਂ ਬਾਅਦ ਜੀ ਐੱਸ ਟੀ ਦਰਾਂ ਦਾ ਆਖਰੀ ਮਸੌਦਾ ਤਿਆਰ ਕੀਤਾ ਗਿਆ।

ਪਿਛਲੀ ਸਰਕਾਰ ਵੇਲੇ ਜੀ ਐੱਸ ਟੀ ਲਾਗੂ ਨਾ ਹੋਣ ਦਾ ਵੱਡਾ ਕਾਰਨ ਰਾਜਾਂ ਅਤੇ ਕੇਂਦਰ ਵਿਚਾਲੇ ਕਰ ਦੀ ਵੰਡ ਅਤੇ ਮੁਆਵਜ਼ੇ ਦੀ ਰਕਮ ਉਤੇ ਝਗੜਾ ਸੀ। ਪ੍ਰਧਾਨ ਮੰਤਰੀ ਨੇ ਵੱਖ-ਵੱਖ ਮੰਤਰੀਆਂ ਨੂੰ ਵੱਖ-ਵੱਖ ਰਾਜਾਂ ਨਾਲ ਗੱਲਬਾਤ ਕਰਨ ਦਾ ਜ਼ਿੰਮਾ ਸੌਂਪਿਆ ਅਤੇ ਅਖੀਰ ਕਰ ਮਾਲੀਏ ਦੇ ਬਦਲੇ ਮਿਲਣ ਵਾਲੇ ਮੁਆਵਜ਼ੇ ਦੀ ਰਜ਼ਾਮੰਦੀ ਹੋ ਗਈ। ਇਸ ਤੋਂ ਬਾਅਦ ਕਰ ਦੀਆਂ ਦਰਾਂ ਅਤੇ ਦੂਜੇ ਮੁੱਦਿਆਂ ਉਤੇ ਗੱਲ ਬਣਦੀ ਗਈ ਅਤੇ ਜੀ ਐੱਸ ਟੀ ਲਾਗੂ ਹੋਣਾ ਤੈਅ ਹੋ ਗਿਆ। ਇਸ ਤੋਂ ਬਾਅਦ ਮੋਦੀ ਸਰਕਾਰ ਨੇ ਪ੍ਰਸ਼ਾਸਨਕ ਪੱਧਰ ਉਤੇ ਜੀ ਐੱਸ ਟੀ ਦੇ ਲਈ ਜੰਗ ਛੇੜ ਦਿੱਤੀ ਅਤੇ ਨਰਮੀ ਦੀ ਕੋਈ ਗੁੰਜਾਇਸ਼ ਨਹੀਂ ਛੱਡੀ। ਕੇਂਦਰ ਸਰਕਾਰ 2015 ਤੋਂ ਹੀ ਇਨਫੋਸਿਸ ਦੀ ਅਗਵਾਈ ਵਿੱਚ ਜੀ ਐੱਸ ਟੀ ਨੈੱਟਵਰਕ ਤਿਆਰ ਕਰਵਾ ਰਹੀ ਸੀ। ਇਹ ਨੈੱਟਵਰਕ ਅਸਲ ਵਿੱਚ ਜੀ ਐੱਸ ਟੀ ਦੀ ਰੀੜ੍ਹ ਦੀ ਹੱਡੀ ਹੈ ਅਤੇ ਇਸ ਦੇ ਲਈ ਕਿੰਨੀ ਮਿਹਨਤ ਕੀਤੀ ਗਈ ਹੋਵੇਗੀ ਇਸ ਦਾ ਅੰਦਾਜ਼ਾ ਇਸੇ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਇਹ ਹਰ ਮਹੀਨੇ ਲਗਭਗ 300 ਕਰੋੜ ਬਿਲਾਂ ਉਤੇ ਕਾਰਵਾਈ ਕਰੇਗਾ। ਇਸ ਦੇ ਨਾਲ ਹੀ ਇਨਫੋਸਿਸ ਨੇ ਹਜ਼ਾਰਾਂ ਕਰ ਅਧਿਕਾਰੀਆਂ ਨੂੰ ਜੀ ਐੱਸ ਟੀ ਲਈ ਸਿਖਲਾਈ ਵੀ ਦੇ ਦਿੱਤੀ ਹੈ।

ਇਹ ਕੰਮ ਬੇਹੱਦ ਤੇਜ਼ੀ ਪਰ ਖਾਮੋਸ਼ੀ ਨਾਲ ਚਲਦਾ ਰਿਹਾ ਅਤੇ ਕੇਂਦਰ ਸਰਕਾਰ 1 ਜੁਲਾਈ ਨੂੰ ਜੀ ਐੱਸ ਟੀ ਲਾਗੂ ਕਰਨ ਦਾ ਦਾਅ ਖੇਡ ਗਈ।

ਇਸ ਦੌਰਾਨ ਜੀ ਐੱਸ ਟੀ ਪਰਿਸ਼ਦ ਵੀ ਆਪਣਾ ਕੰਮ ਲਚੀਲੇ ਰੁਖ਼ ਨਾਲ ਕਰਦੀ ਰਹੀ। ਜੀ ਐੱਸ ਟੀ ਨੂੰ ਸਫ਼ਲ ਬਣਾਉਣ ਲਈ ਇਹ ਸਰਕਾਰ ਕਿੰਨੀ ਪ੍ਰਤਿਬੱਧ ਰਹੀ ਇਸ ਦਾ ਅੰਦਾਜ਼ਾ ਇਸੇ ਗੱਲ ਤੋਂ ਲਗ ਜਾਂਦਾ ਹੈ ਕਿ 30 ਜੂਨ ਤੱਕ ਜੀ ਐੱਸ ਟੀ ਪਰਿਸ਼ਦ ਦੀਆਂ 18 ਬੈਠਕਾਂ ਹੋ ਚੁੱਕੀਆਂ ਸਨ। ਰਾਜਾਂ ਲਈ ਮੁਆਵਜ਼ਾ ਤੈਅ ਕਰਨ ਤੋਂ ਲੈ ਕੇ ਕੰਪੋਜ਼ੀਸ਼ਨ ਯੋਜਨਾ ਤੱਕ ਸਭ ਕੁਝ ਇਨ੍ਹਾਂ ਬੈਠਕਾਂ ਵਿੱਚ ਤੈਅ ਕਰ ਲਿਆ ਗਿਆ। ਕੰਪੋਜ਼ੀਸ਼ਨ ਯੋਜਨਾ ਅਧੀਨ ਛੋਟੇ ਕਾਰੋਬਾਰੀਆਂ, ਉੱਦਮੀਆਂ ਅਤੇ ਰੇਸਤਰਾਂ ਮਾਲਕਾਂ ਤੋਂ 1, 2, ਅਤੇ 5 ਪ੍ਰਤਿਸ਼ਤ ਜੀ ਐੱਸ ਟੀ ਵਸੂਲਿਆ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਸਾਰੀਆਂ ਕਾਗ਼ਜ਼ੀ ਕਾਰਵਾਈਆਂ ਤੋਂ ਮੁਕਤ ਕਰ ਦਿੱਤਾ ਗਿਆ ਹੈ। ਇਸ ਦੇ ਲਈ ਪਹਾੜੀ ਅਤੇ ਵਿਸ਼ੇਸ਼ ਦਰਜੇ ਵਾਲੇ ਖੇਤਰਾਂ ਨੂੰ ਛੱਡ ਕੇ ਬਾਕੀ ਦੇਸ਼ ਵਿੱਚ ਕਾਰੋਬਾਰ ਦੀ ਵੱਧ ਤੋਂ ਵੱਧ ਹੱਦ 50 ਲੱਖ ਰੁਪਏ ਸਾਲਾਨਾ ਤੈਅ ਕੀਤੀ ਗਈ ਸੀ। ਪਰ ਜੂਨ ਦੇ ਵਿਚਕਾਰ ਸਰਕਾਰ ਨੇ ਹੱਦ ਵਧਾ ਕੇ 75 ਲੱਖ ਕਰ ਦਿੱਤੀ ਤਾਂ ਕਿ ਵੱਧ ਤੋਂ ਵੱਧ ਕਾਰੋਬਾਰੀ ਇਸ ਦਾ ਫ਼ਾਇਦਾ ਉਠਾ ਸਕਣ ਅਤੇ ਕਾਗ਼ਜ਼ੀ ਝਮੇਲਿਆਂ ਤੋਂ ਬਚ ਕੇ ਕਾਰੋਬਾਰ ਉਤੇ ਵਧੇਰੇ ਧਿਆਨ ਦੇ ਸਕਣ।

ਜੀ ਐੱਸ ਟੀ ਦੀਆਂ ਦਰਾਂ ਪਹਿਲੀ ਵਾਰ ਸਾਹਮਣੇ ਆਉਣ ਦੇ ਬਾਅਦ ਤੋਂ ਸਾਰੀਆਂ ਸੱਨਅਤਾਂ ਅਤੇ ਖੇਤਰ ਉਨ੍ਹਾਂ ਵਿੱਚ ਕਮੀ ਕਰਨ ਲਈ ਸਰਕਾਰ ਨੂੰ ਅਪੀਲ ਕਰ ਰਹੀਆਂ ਸਨ, ਜਿਸ ਦੀ ਅਣਦੇਖੀ ਨਹੀਂ ਕੀਤੀ ਗਈ ਅਤੇ ਖ਼ਜ਼ਾਨਾ ਵਿਭਾਗ ਨਾਲ ਵਿਚਾਰ ਕਰਨ ਤੋਂ ਬਾਅਦ ਦਰਾਂ ਵਿੱਚ ਜਿੰਨਾ ਸੰਭਵ ਹੋ ਸਕਿਆ ਸੋਧ ਕਰ ਦਿੱਤੀ ਗਈ। ਮਿਸਾਲ ਦੇ ਤੌਰ ਤੇ ਅਚਾਰ, ਮਸਾਲੇ, ਚਟਣੀਆਂ, ਮੁਰੱਬੇ ਬਣਾਉਣ ਵਾਲਿਆਂ ਵਿੱਚ ਘਰੇਲੂ ਸੱਨਅਤਾਂ ਅਤੇ ਛੋਟੀਆਂ ਉਤਪਾਦਕ ਇਕਾਈਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਉਨ੍ਹਾਂ ਉਤੇ ਟੈਕਸ ਦਾ ਵੱਧ ਬੋਝ ਵੇਖ ਕੇ 11 ਜੂਨ ਦੀ ਬੈਠਕ ਵਿੱਚ ਜੀ ਐੱਸ ਟੀ ਪਰਿਸ਼ਦ ਨੇ ਡੱਬਾਬੰਦ ਅਚਾਰ, ਕੈਚਪ, ਸੌਸ ਅਤੇ ਜੈਮ ਆਦਿ ਨੂੰ 18 ਪ੍ਰਤਿਸ਼ਤ ਕਰ ਦੀ ਦਰ ਤੋਂ ਬਾਹਰ ਕਰਕੇ 18 ਪ੍ਰਤਿਸ਼ਤ ਦੇ ਦਾਇਰੇ ਵਿੱਚ ਪਾ ਦਿੱਤਾ। ਇਸ ਦੇ ਨਾਲ ਅਗਰਬੱਤੀ, ਸਕੂਲ ਬੈਗ, ਨੋਟ ਬੁਕ ਆਦਿ ਉਤੇ ਵੀ ਕਰ ਘਟਾ ਦਿੱਤਾ ਗਿਆ ਜਾਂ ਖਤਮ ਕਰ ਦਿੱਤਾ ਗਿਆ। ਇਹ ਬੈਠਕ ਤਾਂ ਸਿਰਫ਼ ਇਕ ਉਦਾਹਰਣ ਹੈ। ਮਈ ਅਤੇ ਜੂਨ ਵਿੱਚ ਜੀ ਐੱਸ ਟੀ ਪਰਿਸ਼ਦ ਨੇ ਇਕ ਤੋਂ ਬਾਅਦ ਇਕ ਬੈਠਕਾਂ ਵਿੱਚ ਕਰਾਂ ਦੀਆਂ ਦਰਾਂ ਘੱਟ ਕੀਤੀਆਂ ਸਨ। ਇਸ ਦੇ ਪਿਛੇ ਦੋਹਰਾ ਮਕਸਦ ਸੀ – ਪਹਿਲਾ ਛੋਟੇ ਵਪਾਰੀਆਂ ਉਤੇ ਕਰ ਦਾ ਬੋਝ ਘੱਟ ਕਰਨਾ ਅਤੇ ਦੂਜਾ ਜੀ ਐੱਸ ਟੀ ਦਾ ਵਿਰੋਧ ਘੱਟ ਤੋਂ ਘੱਟ ਕਰਨਾ।

ਇਧਰ ਜੂਨ ਦੇ ਦੂਜੇ ਹਫ਼ਤੇ ਵਿੱਚ ਹੀ ਸਰਕਾਰੀ ਮਸ਼ੀਨਰੀ ਨੇ ਕੰਮ ਤੇਜ਼ ਕਰ ਦਿੱਤਾ ਸੀ। ਕੇਂਦਰੀ ਉਤਪਾਦਨ ਅਤੇ ਸੀਮਾ ਕਰ ਬੋਰਡ (ਸੀ ਬੀ ਈ ਸੀ) ਨੇ ਦੇਸ਼ ਭਰ ਵਿੱਚ ਆਪਣੇ ਅਧਿਕਾਰੀਆਂ ਨੂੰ ਜੀ ਐੱਸ ਟੀ ਲਈ ਤਿਆਰ ਰਹਿਣ ਅਤੇ ਇਸ ਨੂੰ ਠੀਕ ਤਰ੍ਹਾਂ ਲਾਗੂ ਕਰਨ ਦੇ ਲਈ ਕਾਰੋਬਾਰੀਆਂ ਅਤੇ ਉੱਦਮੀਆਂ ਦੀ ਮਦਦ ਕਰਨ ਦੇ ਹੁਕਮ ਜਾਰੀ ਕੀਤੇ ਸਨ। ਸੀ ਬੀ ਈ ਸੀ ਦੇ ਮੁਖੀ ਵਨਜਾ ਸਰਨਾ ਦੇ 12 ਜੂਨ ਦੇ ਆਦੇਸ਼ ਵਿੱਚ ਇਕ-ਇਕ ਵੇਰਵਾ ਦਿੱਤਾ ਗਿਆ ਸੀ ਅਤੇ ਕਾਰੋਬਾਰੀਆਂ ਦੀ ਮਦਦ ਕਰਨ ਉਤੇ ਖ਼ਾਸ ਜ਼ੋਰ ਦਿੱਤਾ ਗਿਆ ਸੀ। ਜਿਵੇਂ ਕਿ ਜੀ ਐੱਸ ਟੀ ਸੁਵਿਧਾ ਕੇਂਦਰਾਂ (ਜੀ ਐੱਸ ਕੇ) ਨੂੰ ਕਾਰੋਬਾਰੀਆਂ ਦੇ ਲਈ ਸਾਰੀਆਂ ਸਮੱਸਿਆਵਾਂ ਦੇ ਹੱਲ ਤਿਆਰ ਕਰਨ ਲਈ ਕਿਹਾ ਗਿਆ ਸੀ। ਉਥੇ ਕਰਦਾਤਾ ਸਲਾਹ ਅਤੇ ਜਾਣਕਾਰੀ ਵੀ ਲੈ ਸਕਦੇ ਸਨ ਅਤੇ ਪੰਜੀਕਰਨ ਅਤੇ ਭੁਗਤਾਨ ਵਿੱਚ ਮਦਦ ਵੀ ਲੈ ਸਕਦੇ ਸਨ।

ਪੁਰਾਣੀ ਕਰ ਪ੍ਰਣਾਲੀ ਵਿੱਚ ਪੰਜੀਕ੍ਰਿਤ ਕਾਰੋਬਾਰੀਆਂ ਦਾ ਜੀ ਐੱਸ ਟੀ ਦੇ ਅਧੀਨ ਪੰਜੀਕਰਨ ਕਰਨ ਦੀ ਰਫ਼ਤਾਰ ਵੀ ਬਹੁਤ ਤੇਜ਼ ਰਹੀ। ਸਰਕਾਰ ਨੇ ਪਿਛਲੇ ਸਾਲ 8 ਨਵੰਬਰ ਤੋਂ ਇਸ ਸਾਲ 30 ਅਪ੍ਰੈਲ ਤੱਕ ਜੀ ਐੱਸ ਟੀ ਦੇ ਲਈ ਪੰਜੀਕਰਨ ਕਰਵਾਉਣ ਦਾ ਕਾਰੋਬਾਰੀਆਂ ਅਤੇ ਉੱਦਮੀਆਂ ਨੂੰ ਮੌਕਾ ਦਿੱਤਾ ਸੀ। ਪਰ ਅੰਤਮ ਸਮੇਂ ਵਿੱਚ 1 ਤੋਂ 15 ਜੂਨ ਦੇ ਲਈ ਇਸ ਨੂੰ ਫਿਰ ਖੋਲ੍ਹ ਦਿੱਤਾ ਗਿਆ ਤਾਂ ਕਿ ਜੀ ਐੱਸ ਟੀ ਦੀ ਪਾਲਣਾ ਵਿੱਚ ਕਿਸੇ ਤਰ੍ਹਾਂ ਦੀ ਅੜਚਨ ਨਾ ਆਵੇ। ਇਨ੍ਹਾਂ ਕਦਮਾਂ ਦੇ ਨਾਲ ਹੀ ਸਰਕਾਰ ਨੇ ਇਹ ਵੀ ਸਪੱਸ਼ਟ ਕਰ ਦਿੱਤਾ ਕਿ ਪਹਿਲੀ ਜੁਲਾਈ ਦੀ ਤੈਅ ਸਮਾਂ ਹੱਦ ਨੂੰ ਕਿਸੇ ਵੀ ਸੂਰਤ ਵਿੱਚ ਅੱਗੇ ਨਹੀਂ ਵਧਾਇਆ ਜਾਵੇਗਾ।

ਜਦੋਂ ਕੁਝ ਕਸਰ ਬਾਕੀ ਲਗੀ ਅਤੇ ਲੋਕਾਂ ਵਿੱਚ ਜੀ ਐੱਸ ਟੀ ਨੂੰ ਲੈ ਕੇ ਕੁਝ ਭਰਮ ਦਿਸੇ ਤਾਂ ਖੁਦ ਮਾਲੀ ਸਕੱਤਰ ਹਸਮੁਖ ਅਡੀਆ ਮੈਦਾਨ ਵਿੱਚ ਉਤਰ ਆਏ। ਉਨ੍ਹਾਂ ਨੇ ਕਈ ਥਾਂਵਾਂ ਉਤੇ ਕਾਰੋਬਾਰੀਆਂ ਨਾਲ ਕਈ ਬੈਠਕਾਂ ਕੀਤੀਆਂ। ਇਨ੍ਹਾਂ ਬੈਠਕਾਂ ਵਿੱਚ ਕਾਰੋਬਾਰੀਆਂ ਨੂੰ ਜੀ ਐੱਸ ਟੀ ਬਾਰੇ ਪੂਰੀ ਜਾਣਕਾਰੀ ਦਿੱਤੀ ਗਈ ਅਤੇ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਵੀ ਦਿੱਤੇ ਗਏ। ਇਸ ਦੇ ਨਾਲ ''ਆਡਿਆ ਦੇ ਕਲਾਸਰੂਮ'' ਦੇ ਵੀਡੀਓ ਵੀ ਯੂ ਟਿਊਬ ਅਤੇ ਜੀ ਐੱਸ ਟੀ ਦੀ ਵੈੱਬਸਾਈਟ ਉਤੇ ਪਾ ਦਿੱਤੇ ਗਏ ਤਾਂ ਕਿ ਕਿਸੇ ਤਰ੍ਹਾਂ ਦੇ ਭਰਮਾਂ ਦੀ ਕੋਈ ਗੁੰਜਾਇਸ਼ ਨਾ ਰਹੇ।

ਹਾਲਾਂਕਿ ਵਿਚਕਾਰ ਜਿਹੇ ਸਰਕਾਰ ਉਤੇ ਅਲੋਚਕਾਂ ਨੇ ਜਲਦਬਾਜ਼ੀ ਕਰਨ ਅਤੇ ਸੱਨਅਤ ਵਰਗ ਨੂੰ ਭਰਮਾਂ ਵਿੱਚ ਪਾਉਣ ਦੇ ਦੋਸ਼ ਵੀ ਲਗਾਏ। ਪਰ ਸਰਕਾਰ ਨੇ ਇਸ ਮੋਰਚੇ ਉਤੇ ਵੀ ਕੋਈ ਕਸਰ ਨਹੀਂ ਛੱਡੀ। ਵੱਡੀਆਂ ਕੰਪਨੀਆਂ ਨੇ ਤਾਂ ਸਲਾਹਕਾਰ ਫਰਮਾਂ ਅਤੇ ਕਰ ਮਾਹਰਾਂ ਨੂੰ ਮੋਟੀ ਫ਼ੀਸ ਦੇ ਕੇ ਆਪਣੇ ਕਰਮਚਾਰੀਆਂ ਨੂੰ ਜੀ ਐੱਸ ਟੀ ਦੀ ਸਿਖਲਾਈ ਦੇਣੀ ਸ਼ੁਰੂ ਕਰ ਦਿੱਤੀ ਸੀ। ਪਰ ਛੋਟੇ ਉੱਦਮੀਆਂ ਦੇ ਕੋਲ ਇਸ ਤਰ੍ਹਾਂ ਦੇ ਵਸੀਲੇ ਨਹੀਂ ਸਨ ਅਤੇ ਸਮਾਂ ਵੀ ਨਹੀਂ ਸੀ। ਉਨ੍ਹਾਂ ਦੀ ਮਦਦ ਲਈ ਸਰਕਾਰ ਫੌਰਨ ਸਾਹਮਣੇ ਆਈ। ਉਨ੍ਹਾਂ ਨੂੰ ਇਸ ਬਾਰੇ ਸਮਝਾਉਣ ਅਤੇ ਉਨ੍ਹਾਂ ਦੀ ਮਦਦ ਕਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ।

ਦਿੱਲੀ ਦੇ ਚਾਂਦਨੀ ਚੌਕ ਵਿੱਚ ਕਾਰੋਬਾਰੀਆਂ ਦੀ ਮਦਦ ਲਈ ਜੀ ਐੱਸ ਟੀ ਹੈਲਪ ਡੈਸਕ ਤਿਆਰ ਕੀਤਾ ਗਿਆ ਹੈ ਜੋ ਰੋਜ਼ਾਨਾ ਹਜ਼ਾਰਾਂ ਥੋਕ ਅਤੇ ਪ੍ਰਚੂਨ ਕਾਰੋਬਾਰੀਆਂ, ਵਪਾਰੀਆਂ ਅਤੇ ਦੁਕਾਨਦਾਰਾਂ ਦਾ ਮਾਰਗਦਰਸ਼ਨ ਕਰ ਰਿਹਾ ਹੈ। ਜੀ ਐੱਸ ਟੀ ਬਾਰੇ ਕਿਸੇ ਵੀ ਤਰ੍ਹਾਂ ਦਾ ਭਰਮ ਦੂਰ ਕਰਨਾ ਉਸ ਦਾ ਕੰਮ ਹੈ। ਸਿਰਫ਼ ਚਾਂਦਨੀ ਚੌਕ ਹੀ ਨਹੀਂ ਸਗੋਂ ਦੇਸ਼ ਦੇ ਵੱਖ-ਵੱਖ ਸਥਾਨਾਂ ਉਤੇ ਵੀ ਹੈਲਪ ਡੈਸਕ ਲਗਾਏ ਗਏ ਹਨ।

ਸ਼ੁਰੂਆਤੀ ਅੰਕੜਿਆਂ ਦੇ ਅਨੁਸਾਰ ਜੁਲਾਈ ਦੇ ਪਹਿਲੇ ਪੰਦਰਵਾੜੇ ਵਿੱਚ ਹੀ 3500 ਤੋਂ ਵੱਧ ਹੈਲਪ ਡੈਸਕ ਸ਼ੁਰੂ ਕੀਤੇ ਗਏ। ਉਸ ਤੋਂ

ਇਲਾਵਾ 8000 ਕਰ ਸਲਾਹਕਾਰ ਵੀ ਮੈਦਾਨ ਵਿੱਚ ਹਨ ਅਤੇ 100 ਹੈਲਪਲਾਈਨਾਂ ਹਨ। ਇਨ੍ਹਾਂ ਵਿੱਚ ਕੇਂਦਰ ਦੇ ਨਾਲ-ਨਾਲ ਰਾਜ ਸਰਕਾਰਾਂ ਵੀ ਮਦਦ ਕਰ ਰਹੀਆਂ ਹਨ। ਉਦਾਹਰਣ ਦੇ ਤੌਰ ਤੇ ਦਿੱਲੀ ਸਰਕਾਰ ਵੀ 6 ਮੋਬਾਈਲ ਹੈਲਪ ਵੈਨਾਂ ਚਲਾ ਰਹੀ ਹੈ ਜੋ ਵੱਖ-ਵੱਖ ਬਾਜ਼ਾਰਾਂ ਵਿੱਚ ਕਾਰੋਬਾਰੀਆਂ ਦੀ ਮਦਦ ਕਰ ਰਹੀ ਹੈ। ਛੋਟੇ-ਛੋਟੇ ਬਾਜ਼ਾਰਾਂ ਵਿੱਚ ਜੀ ਐੱਸ ਟੀ ਹੈਲਪ ਡੈਸਕ ਅਤੇਸਟਾਲ ਵੀ ਲਗਾਉਣ ਦਾ ਐਲਾਨ ਸਰਕਾਰ ਨੇ ਬਹੁਤ ਪਹਿਲਾਂ ਹੀ ਕਰ ਦਿੱਤਾ ਸੀ।

ਸਰਕਾਰ ਨੇ ਜੀ ਐੱਸ ਟੀ ਦਾ ਇਕ ਸਿਖਲਾਈ ਪ੍ਰੋਗਰਾਮ ਵੀ ਸ਼ੁਰੂ ਕੀਤਾ ਹੈ ਜਿਸ ਵਿੱਚ ਛੇ ਮਹੀਨਿਆਂ ਦੇ ਵਿੱਚ 2 ਲੱਖ ਨੌਜਵਾਨਾਂ ਨੂੰ ਬਿਲ ਬਣਾਉਣ ਵਰਗੇ ਕਰ ਪਾਲਨਾ ਬਿੰਦੂਆਂ ਦੀ ਸਿਖਲਾਈ ਦਿੱਤੀ ਜਾਵੇਗਾ। ਇਹ ਪ੍ਰੋਗਰਾਮ ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ ਦੇ ਅਧੀਨ ਸ਼ੁਰੂ ਹੋਏ। ਇਸ ਪ੍ਰੋਗਰਾਮ ਨਾਲ ਜੀ ਐੱਸ ਟੀ ਦੇ ਮਾਹਰ ਪੇਸ਼ੇਵਰ ਤਿਆਰ ਹੋਣਗੇ, ਜੋ ਇਸ ਨਵੀਂ ਕਰ ਪ੍ਰਣਾਲੀ 'ਚ ਪੰਜੀਕਰਨ ਅਤੇ ਦੇਣਦਾਰੀ ਦਾ ਹਿਸਾਬ-ਕਿਤਾਬ ਲਗਾਉਣ ਵਿੱਚ ਕਾਰੋਬਾਰੀਆਂ ਅਤੇ ਉੱਦਮੀਆਂ ਦੀ ਮਦਦ ਕਰਨਗੇ। ਇਹ ਪ੍ਰੋਗਰਾਮ 14 ਰਾਜਾਂ ਵਿੱਚ ਚਾਲੂ ਕੀਤਾ ਜਾ ਰਿਹਾ ਹੈ।

ਜੇਕਰ ਕਿਧਰੇ ਸਰਕਾਰ ਕਮਜ਼ੋਰ ਪੈ ਰਹੀ ਹੈ ਤਾਂ ਉਸ ਨੇ ਨਿੱਜੀ ਜਨਤਕ ਸਾਂਝੇਦਾਰੀ ਦਾ ਮਾਡਲ ਅਪਣਾ ਲਿਆ ਹੈ। ਉਨ੍ਹਾਂ ਥਾਵਾਂ ਉਤੇ ਸੱਨਅਤਾਂ ਅਤੇ ਕਾਰੋਬਾਰੀ ਸੰਗਠਨ ਮੋਰਚਾ ਸੰਭਾਲ ਰਹੇ ਹਨ। ਥੋਕ ਵਪਾਰੀਆਂ ਦੇ ਵੱਡੇ ਸੰਗਠਨ ਕਨਫੈਡਰੇਸ਼ਨ ਆਫ ਆਲ ਇੰਡੀਆ ਟ੍ਰੇਡਰਸ ਨੇ ਜੁਲਾਈ ਦੇ ਪਹਿਲੇ ਹਫ਼ਤੇ ਵਿੱਚ ਹੀ 122 ਜੀ ਐੱਸ ਟੀ ਕਲੀਨਿਕ ਖੋਲ੍ਹ ਦਿੱਤੇ ਸਨ ਜਿਨ੍ਹਾਂ ਵਿੱਚ ਲਗਭਗ 150 ਸਲਾਹਕਾਰ ਮੁਸਤੈਦੀ ਨਾਲ ਆਪਣਾ ਕੰਮ ਕਰ ਰਹੇ ਹਨ। ਇਸੇ ਤਰ੍ਹਾਂ ਜੀ ਐੱਸ ਟੀ ਬਿਲ ਅਤੇ ਰਿਟਰਨ ਦਾਖਲ ਕਰਨ ਦੇਸ਼ ਭਰ ਵਿੱਚ 1500 ਕੇਂਦਰ ਖੋਲ੍ਹ ਦਿੱਤੇ ਹਨ ਜਿਨ੍ਹਾਂ ਦੀ ਗਿਣਤੀ ਉਹ ਦਸੰਬਰ ਦੇ ਅੰਤ ਤੱਕ 45000 ਕਰਨਾ ਚਾਹੁੰਦੀ ਹੈ। ਕੱਚਾ ਬਿਲ ਲੈ ਕੇ ਪਹੁੰਚਣ ਵਾਲੇ ਕਾਰੋਬਾਰੀਆਂ ਦੇ ਲਈ ਇਹ ਪਹਿਲ ਬਹੁਤ ਕੰਮ ਆ ਰਹੀ ਹੈ। ਇਸੇ ਤਰ੍ਹਾਂ ਰੀਟੇਲਰ ਐਸੋਸੀਏਟ ਸਨ ਆਫ ਇੰਡੀਆ ਨੇ ਰਿਲਾਇੰਸ, ਜੀਓ, ਜੀ ਐੱਸ ਟੀ ਨਾਲ ਕਰਾਰ ਕੀਤਾ ਹੈ ਜਿਸ ਨਾਲ ਕਾਰੋਬਾਰੀ ਬਹੁਤ ਘੱਟ ਖਰਚ ਵਿੱਚ ਜੀ ਐੱਸ ਟੀ ਨਾਲ ਜੁੜੀਆਂ ਸਾਰੀਆਂ ਸਮੱਸਿਆਵਾਂ ਤੋਂ ਨਿਜ਼ਾਤ ਪਾ ਸਕਦੇ ਹਨ।

ਜੀ ਐੱਸ ਟੀ ਪਾਠ ਪੜ੍ਹਾਉਣ ਵਾਲਿਆਂ ਦੀ ਵੈਸੇ ਵੀ ਕਮੀ ਨਹੀਂ ਹੈ। ਕਈ ਨਿੱਜੀ ਸੰਸਥਾਵਾਂ ਵੀ ਇਸ ਵਿੱਚ ਕ੍ਰੈਸ਼ ਕੋਰਸ ਕਰਵਾ ਰਹੀਆਂ ਹਨ। ਛੋਟੇ ਕਾਰੋਬਾਰੀਆਂ ਦੇ ਲਈ ਅਜਿਹੇ ਕੋਰਸ ਖ਼ਾਸ ਤੌਰ ਤੇ ਮਦਦਗਾਰ ਹਨ ਕਿਉਂਕਿ ਇਸ ਤੋਂ ਪਹਿਲਾਂ ਉਨ੍ਹਾਂ ਨੂੰ ਟੈਕਸ ਦੇ ਝਮੇਲਿਆਂ ਵਿੱਚ ਫਸਣਾ ਹੀ ਨਹੀਂ ਪਿਆ ਸੀ। ਅਜਿਹੇ ਹਾਲਾਤ ਦੌਰਾਨ ਜਿਨ੍ਹਾਂ ਬਰੀਕੀਆਂ ਬਾਰੇ ਸਰਕਾਰ ਨਹੀਂ ਦੱਸ ਸਕੀ ਹੈ, ਇਹ ਸੰਸਥਾਵਾਂ ਉਨ੍ਹਾਂ ਬਾਰੇ ਵੀ ਕਾਰੋਬਾਰੀਆ ਨੂੰ ਰੋਸ਼ਨੀ ਪਾ ਰਹੀਆਂ ਹਨ। ਇਸ ਤੋਂ ਇਲਾਵਾ ਕਿਤੇ ਜੀ ਐੱਸ ਟੀ ਦੀ ਪਾਠਸ਼ਾਲਾ ਹੈ ਤਾਂ ਕਿਤੇ ਵੀਡੀਓ ਕਾਨਫਰੰਸਿੰਗ ਦੇ ਰਾਹੀਂ ਜੀ ਐੱਸ ਟੀ ਸੈਸ਼ਨ ਹੋ ਰਹੇ ਹਨ। ਇਸੇ ਤਰ੍ਹਾਂ ਜੀ ਐੱਸ ਟੀ ਕਾਨੂੰਨ ਵਿੱਚ ਜੀ ਐੱਸ ਟੀ ਪ੍ਰੈਕਟੀਸ਼ਨਰ ਤਿਆਰ ਕਰਨ ਦਾ ਵੀ ਪ੍ਰਬੰਧ ਹੈ। ਸਰਕਾਰ ਅਜਿਹੇ ਪੇਸ਼ੇਵਰ ਤਿਆਰ ਕਰ ਰਹੀ ਹੈ ਅਤੇ ਉਨ੍ਹਾਂ ਨੂੰ ਮਾਨਤਾ ਪ੍ਰਦਾਨ ਕਰ ਰਹੀ ਹੈ ਜੋ ਛੋਟੇ ਵਪਾਰੀਆਂ ਨੂੰ ਰਿਟਰਨ ਦਾਖਲ ਕਰਨ ਵਿੱਚ ਮਦਦ ਕਰਨਗੇ। ਇਸੇ ਤਰ੍ਹਾਂ ਰਿਟਰਨ ਵਿੱਚ ਮਦਦ ਦੇ ਲਈ ਖੇਤਰੀ ਭਾਸ਼ਾਵਾਂ ਵਿੱਚ ਹੈਲਪਲਾਈਨ ਵੀ ਸ਼ੁਰੂ ਕੀਤੀ ਜਾ ਰਹੀ ਹੈ। ਨਾਲ ਹੀ ਸਰਕਾਰ ਨੇ ਜੀ ਐੱਸ ਟੀ ਦੀ ਇਕ ਐਪਲੀਕੇਸ਼ਨ ਵੀ ਤਿਆਰ ਕੀਤੀ ਹੈ ਜਿਸ ਨਾਲ ਕਿਸੇ ਵੀ ਉਤਪਾਦ ਉਤੇ ਜੀ ਐੱਸ ਟੀ ਦੀ ਦਰ ਤੁਰਤ ਪਤਾ ਕੀਤੀ ਜਾ ਸਕਦੀ ਹੈ। ਕੁਲ ਮਿਲਾ ਕੇ ਜੀ ਐੱਸ ਟੀ ਦੀ ਬੁਝਾਰਤ ਨੂੰ ਬੁੱਝਣ ਅਤੇ ਸਮਝਣ ਦੇ ਲਈ ਵਸੀਲਿਆਂ ਦੀ ਕਮੀ ਨਹੀਂ ਹੈ। ਇਸ ਤੋਂ ਇਲਾਵਾ ਸਰਕਾਰ ਜੀ ਐੱਸ ਟੀ ਦੇ ਪਹਿਲੇ ਮਹੀਨੇ ਦੀ ਸਮੀਖਿਆ ਕਰਨ ਦੇ ਲਈ 5 ਅਗਸਤ ਨੂੰ ਬੈਠਕ ਵੀ ਕਰਨ ਜਾ ਰਹੀ ਹੈ। ਮੋਦੀ ਸਰਕਾਰ ਦੇ ਹੁਣ ਤੱਕ ਦੇ ਲਚੀਲੇ ਰੁਖ਼ ਨੂੰ ਦੇਖਦਿਆਂ ਇਹੀ ਲਗਦਾ ਹੈ ਕਿ ਜਿਥੇ ਵੀ ਮੁਸ਼ਕਿਲ ਦਿਸੇਗੀ ਉਸ ਨੂੰ ਜਲਦ ਹੱਲ ਕਰ ਲਿਆ ਜਾਵੇਗਾ।

*(ਲੇਖਿਕਾ ਸੁਤੰਤਰ ਪੱਤਰਕਾਰ ਅਤੇ ਆਰਥਿਕ ਮਾਮਲਿਆਂ ਉਤੇ ਲਗਾਤਾਰ ਲਿਖਦੀ ਹੈ)*

*e-mail :paayal.ps@gmail.com*

**ਸਫ਼ਾ 30 ਦਾ ਬਾਕੀ**

ਟੈਲੀਫ਼ੋਨ ਦੇ ਬਿਲਾਂ ਵਿੱਚ ਦੇਣਦਾਰੀ ਵਧੇਗੀ। ਸਰਕਾਰ ਨੇ 26 ਮਈ ਨੂੰ ਇਹ ਸਪੱਸ਼ਟ ਕੀਤਾ ਕਿ ਸਪੈਕਟਰਮ ਅਦਾਇਗੀ ਅਤੇ ਸਾਜ ਸਮਾਨ ਦੇ ਆਯਾਤ ਉਪਰ ਪਹਿਲਾਂ ਦਿੱਤੇ ਸੇਵਾ ਕਰ ਕਾਰਨ ਹੋਣ ਵਾਲੀ ਵਸੂਲੀ ਨਾਲ ਕਰ ਦਰ ਵਿੱਚ ਵਾਧਾ ਖਤਮ ਹੋ ਜਾਵੇਗਾ। ਇਹ ਸਭ (ਕਰ ਵਸੂਲੀਆਂ), ਸਪੱਸ਼ਟੀਕਰਨ ਵਿੱਚ ਕਿਹਾ ਗਿਆ ਹੈ ਕਿ, ਦੂਰਸੰਚਾਰ ਕੰਪਨੀਆਂ ਵਲੋਂ ਕੀਤੇ ਜਾਣ ਵਾਲੇ ਨਕਦ ਜੀ ਐੱਸ ਟੀ ਭੁਗਤਾਨ ਨੂੰ, ਪਿਛਲੇ ਸਾਲ ਦਿੱਤੇ ਕਰ ਦੇ ਮੁਕਾਬਲੇ ਲਗਭਗ 87 ਪ੍ਰਤਿਸ਼ਤ ਦੀ ਪੱਧਰ ਉਤੇ ਲੈ ਆਉਣਗੀਆਂ। ਦੂਜੇ ਪਾਸੇ ਕੰਪਨੀਆਂ ਜੀ ਐੱਸ ਟੀ ਲਾਗੂ ਹੋਣ ਤੋਂ ਬਾਅਦ ਆਪਣੇ ਬਿਲਾਂ ਦੇ ਪਹਿਲੇ ਗੇੜ ਦੀ ਪੂਰਤੀ ਦਾ ਇੰਤਜ਼ਾਰ ਕਰ ਰਹੀਆਂ ਹਨ ਤਾਂ ਕਿ ਇਹ ਪਤਾ ਲਗ ਸਕੇ ਕਿ ਕੀ ਜੀ ਐੱਸ ਟੀ ਨਾਲ ਉਨ੍ਹਾਂ ਵਲੋਂ ਸੇਵਾਵਾਂ ਦੇਣ ਦਾ ਖਰਚਾ ਵਧ ਜਾਵੇਗਾ ਜਾਂ ਨਹੀਂ। ਕੇਰਲਾ ਦੇ ਵਿੱਤ ਮੰਤਰੀ ਥੌਮਸ ਆਈਜ਼ਕ ਅਤੇ ਜੰਮੂ-ਕਸ਼ਮੀਰ ਦੇ ਵਿੱਤ ਮੰਤਰੀ ਹਸੀਬ ਦਰਾਬੂ ਨੇ ਮਈ ਵਿੱਚ ਜੀ ਐੱਸ ਟੀ ਕੌਂਸਲ ਵਲੋਂ ਵਸਤੂਆਂ ਅਤੇ ਸੇਵਾਵਾਂ ਉਪਰ ਕਰ ਦਰਾਂ ਤੈਅ ਕਰਨ ਬਾਅਦ ਇਸ ਗੱਲ ਦਾ ਖੁਲਾਸਾ ਕੀਤਾ ਸੀ ਕਿ ਸਭ ਤੋਂ ਮਹੱਤਵਪੂਰਨ ਮੁੱਦਾ ਇਸ ਕਰ ਸੁਧਾਰ ਨੂੰ ਲਾਗੂ ਕਰਨ ਦਾ ਇਹ ਹੈ ਕਿ ਕੀ ਕਰ ਦਰਾਂ ਵਿੱਚ ਲਿਆਂਦੀ ਕਮੀ ਦਾ ਲਾਭ ਉਪਭੋਗਤਾ ਤੱਕ ਪਹੁੰਚੇਗਾ। ਮਹਿਕਮਾ ਮਾਲ ਦੇ ਸਕੱਤਰ ਹਸਮੁੱਖ ਅਡੀਆ ਨੇ ਖੁਲਾਸਾ ਕੀਤਾ ਕਿ ਮੁਨਾਫਾਖੋਰੀ ਵਿਰੋਧੀ ਸੰਸਥਾ, ਜਿਸ ਦਿਨ ਤੋਂ ਜੀ ਐੱਸ ਟੀ ਦਰਾਂ ਲਾਗੂ ਹੋਈਆਂ ਹਨ, ਉਸੇ ਦਿਨ ਤੋਂ ਕੀਮਤਾਂ ਉਪਰ ਨਜ਼ਰ ਰਖੇਗੀ। ਪਰ ਇਸ ਮਦ ਦਾ ਇਸਤੇਮਾਲ ਸਿਰਫ ਵੱਡੇ ਪੈਮਾਨੇ ਉਤੇ ਅਤੇ ਉਦਯੋਗਾਂ ਵਿੱਚ ਹੋ ਰਹੀ ਮੁਨਾਫਾਖੋਰੀ ਲਈ ਹੀ ਕੀਤਾ ਜਾਵੇਗਾ ਅਤੇ ਥੋੜ੍ਹੀ-ਥੋੜ੍ਹੀ ਕੀਮਤ ਬਦਲੀ ਲਈ ਨਹੀਂ। ਜੀ ਐੱਸ ਟੀ ਕੌਂਸਲ ਅਤੇ ਕਰ ਅਧਿਕਾਰੀਆਂ ਦਾ ਸਮੁੱਚਾ ਜ਼ੋਰ ਇਸ ਉਪਰ ਰਹੇਗਾ ਕਿ ਬਦਲਾਅ ਦੇ ਸਮੇਂ, ਕਾਰੋਬਾਰੀਆਂ ਦੀ ਨਵੀਂ ਕਰ ਪ੍ਰਣਾਲੀ ਵਿੱਚ ਜਾਣ ਦੀ ਪ੍ਰਕਿਰਿਆ ਵਿੱਚ ਮਦਦ ਕੀਤੀ ਜਾਵੇ ਅਤੇ ਇਸ ਵਿੱਚ ਜੰਮ ਜਾਣ ਵਿੱਚ ਵੀ ਮਦਦ ਕੀਤੀ ਜਾਵੇ। ਇਸ ਸਮੇਂ ਦੌਰਾਨ ਛੋਟੀਆਂ ਗਲਤੀਆਂ ਨੂੰ ਨਜ਼ਰਅੰਦਾਜ਼ ਕੀਤਾ ਜਾਵੇਗਾ।

*(ਲੇਖਕ 17 ਸਾਲ ਦੇ ਤਜਰਬੇ ਨਾਲ ਨਵੀਂ ਦਿੱਲੀ ਸਥਿਤ ਵਪਾਰ ਮਾਮਲਿਆਂ ਬਾਰੇ ਪੱਤਰਕਾਰ ਹਨ)*

*e-mail :gureeshchandraprasad@gmail.com*

# ਕਰ ਸੁਧਾਰ ਅਤੇ ਸੰਘੀ ਪ੍ਰਬੰਧ

ਖ਼ੁਸ਼ਬੂ ਗੁਪਤਾ

ਵਿਸ਼ਵ ਮੰਚ ਉਤੇ ਭਾਰਤ ਨੂੰ ਚੌਥੀ ਸ਼ਕਤੀਸ਼ਾਲੀ ਉੱਭਰਦੀ ਹੋਈ ਆਰਥਿਕਤਾ ਦੇ ਰੂਪ ਵਿੱਚ ਜਿਸ ਤਰ੍ਹਾਂ ਦੇਖਿਆ ਜਾ ਰਿਹਾ ਹੈ ਇਸ ਨੂੰ ਸਾਕਾਰ ਰੂਪ ਦੇਣ ਦੇ ਲਈ ਆਰਥਿਕ ਖੇਤਰ ਵਿੱਚ ਮਹੱਤਵਪੂਰਨ ਕਦਮ ਉਠਾਉਣਾ ਬਹੁਤ ਜ਼ਰੂਰੀ ਸੀ। ਦੇਸ਼ ਦੇ ਅਰਥਚਾਰੇ ਦੀ ਗਤੀ ਨੂੰ ਤੇਜ਼ ਕਰਨ ਅਤੇ ਧਾਰਨੀ ਵਿਕਾਸ ਨੂੰ ਪ੍ਰਾਪਤ ਕਰਨ ਦੇ ਉਦੇਸ਼ ਨਾਲ ਹਾਲ ਹੀ ਵਿੱਚ ਵਸਤੂ ਅਤੇ ਸੇਵਾ ਕਰ (ਜੀ ਐੱਸ ਟੀ) ਨੂੰ ਲਾਗੂ ਕੀਤਾ ਗਿਆ ਹੈ। ਜੀ ਐੱਸ ਟੀ ਨੂੰ ਸੁਤੰਤਰ ਭਾਰਤ ਵਿੱਚ ਦੇਸ਼ ਦੇ ਸਭ ਤੋਂ ਵੱਡੇ ਕਰ ਸੁਧਾਰ ਦੇ ਰੂਪ ਵਿੱਚ ਦੇਖਿਆ ਜਾ ਰਿਹਾ ਹੈ। ਹਾਲਾਂਕਿ ਜੀ ਐੱਸ ਟੀ ਲਾਗੂ ਕਰਨ ਵਾਲਾ ਭਾਰਤ ਵਿਸ਼ਵ ਵਿੱਚ ਇਕੱਲਾ ਦੇਸ਼ ਨਹੀਂ ਹੈ। ਇਸ ਤੋਂ ਪਹਿਲਾਂ ਕਈ ਦੇਸ਼ਾਂ ਨੇ ਆਪਣੇ ਇਥੇ ਜੀ ਐੱਸ ਟੀ ਪ੍ਰਬੰਧ ਨੂੰ ਅਪਣਾਇਆ ਹੈ ਅਤੇ ਉਨ੍ਹਾਂ ਦਾ ਪ੍ਰਯੋਗ ਸਫਲ ਰਿਹਾ ਹੈ। ਸਭ ਤੋਂ ਪਹਿਲਾਂ ਫਰਾਂਸ ਨੇ ਸਾਲ 1954 ਵਿੱਚ ਆਪਣੇ ਦੇਸ਼ ਵਿੱਚ ਜੀ ਐੱਸ ਟੀ ਲਾਗੂ ਕੀਤਾ ਅਤੇ ਉਸ ਦੀ ਸਫਲਤਾ ਨੂੰ ਦੇਖ ਕੇ ਹੋਰਨਾਂ ਦੇਸ਼ਾਂ ਨੇ ਵੀ ਕਰ ਸੁਧਾਰ ਦੇ ਤੌਰ ਤੇ ਜੀ ਐੱਸ ਟੀ ਨੂੰ ਲਾਗੂ ਕੀਤਾ।

ਜ਼ਿਕਰਯੋਗ ਹੈ ਕਿ ਭਾਰਤੀ ਅਰਥਚਾਰੇ ਵਿੱਚ ਕਰ ਸੁਧਾਰ ਦੇ ਉਦੇਸ਼ ਨਾਲ ਜੀ ਐੱਸ ਟੀ ਲਾਗੂ ਕਰਨ ਨੂੰ ਇਸ ਲਈ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ ਕਿਉਂਕਿ ਭਾਰਤ ਵਿਸ਼ਾਲ ਦੇਸ਼ ਦੇ ਨਾਲ-ਨਾਲ ਇਕ ਮਹਾਂਦੀਪ ਵੀ ਹੈ ਅਤੇ ਇਥੇ ਜੀ ਐੱਸ ਟੀ ਸਾਰੇ ਰਾਜਾਂ ਵਿੱਚ ਲਾਗੂ ਹੋ ਗਿਆ ਹੈ। ਅਜਿਹੀ ਵਿਸ਼ਾਲ ਸੰਘੀ ਵਿਵਸਥਾ ਵਿਸ਼ਵ ਦੇ ਹੋਰਨਾਂ ਦੇਸ਼ਾਂ ਵਿੱਚ ਕਿਧਰੇ ਵੀ ਨਹੀਂ ਹੈ। ਇਸ ਨਜ਼ਰੀਏ ਨਾਲ ਜੀ ਐੱਸ ਟੀ ਲਾਗੂ ਹੋਣਾ ਆਪਣੇ ਆਪ ਵਿੱਚ ਮਹੱਤਵਪੂਰਨ ਗੱਲ ਹੈ।

ਭਾਰਤ ਦੀ ਇਸੇ ਖਾਸੀਅਤ ਨੂੰ ਵੇਖਦੇ ਹੋਏ ਸੁਤੰਤਰਤਾ ਪ੍ਰਾਪਤੀ ਤੋਂ ਬਾਅਦ ਸਾਡੇ ਇਥੇ ਮਿਸ਼ਰਤ ਅਰਥਵਿਵਸਥਾ ਨੂੰ ਅਪਣਾਇਆ ਗਿਆ। ਇਸ ਤੋਂ ਬਾਅਦ ਭਾਰਤੀ ਅਰਥਚਾਰੇ ਵਿੱਚ ਸੁਧਾਰ ਦੇ ਨਜ਼ਰੀਏ ਨਾਲ ਸਾਲ 1991 ਵਿੱਚ ਉਦਾਰੀਕਰਨ ਵੀ ਲਿਆਂਦਾ ਗਿਆ। ਉਦੋਂ ਕੁਝ ਹੱਦ ਤੱਕ ਆਸ ਪ੍ਰਗਟ ਕੀਤੀ ਗਈ ਸੀ ਕਿ ਸਰਕਾਰ ਆਰਥਿਕ ਖੇਤਰ ਵਿੱਚ ਵੱਡੇ ਬਦਲਾਅ ਵੱਲ ਰੁਖ ਕਰੇਗੀ ਅਤੇ ਬਦਲਾਅ ਆਇਆ ਵੀ। ਵਰਤਮਾਨ ਸੰਦਰਭ ਵਿੱਚ ਜਦੋਂ ਅਸੀਂ ਦੇਖਦੇ ਹਾਂ ਤਾਂ ਪਤਾ ਲਗਦਾ ਹੈ ਕਿ ਭਾਰਤ ਵਿੱਚ ਕਾਰੋਬਾਰ ਕਰਨ ਦੇ ਤਰੀਕਿਆਂ ਵਿੱਚ ਬਦਲਾਅ ਆਇਆ ਹੈ। ਇਸ ਦੇ ਨਤੀਜੇ ਵਜੋਂ ਪਿਛਲੇ ਸਾਲਾਂ ਵਿੱਚ ਦੇਸ਼ ਦੇ ਅੰਦਰ ਵਪਾਰ ਕਰਨ ਦੀਆਂ ਲੋੜਾਂ ਵੀ ਕਾਫੀ ਹੱਦ ਤੱਕ ਵੱਧ ਗਈਆਂ ਹਨ।

ਪਹਿਲਾਂ ਜੋ ਵਪਾਰ ਜਾਂ ਸੱਨਅਤਾਂ ਸਨ ਉਨ੍ਹਾਂ ਲਈ ਵਿਸ਼ਵ ਮੰਡੀ ਵਿੱਚ ਮੁਕਾਬਲੇਬਾਜ਼ੀ ਹੋਣਾ ਉਨਾ ਜ਼ਰੂਰੀ ਨਹੀਂ ਸੀ ਕਿਉਂਕਿ ਉਸ ਸਮੇਂ ਲਾਇਸੰਸ ਰਾਜ ਸੀ। ਹੁਣ ਹਾਲਾਤ ਅਜਿਹੇ ਹੋ ਗਏ ਹਨ ਕਿ ਵਿਸ਼ਵ ਪੱਧਰ ਉਤੇ ਸਾਡੇ ਉਦਯੋਗ ਲਈ ਮੁਕਾਬਲੇਬਾਜ਼ੀ ਹੋਣੀ ਜ਼ਰੂਰੀ ਹੈ। ਇਸੇ ਸੰਦਰਭ ਵਿੱਚ ਅਰਥਚਾਰੇ ਨੂੰ ਵਧੇਰੇ ਕੁਸ਼ਲ ਅਤੇ ਉਤਪਾਦਕ ਬਣਾਉਣ ਦੇ ਨਾਲ-ਨਾਲ ਇਕ ਆਰਥਿਕ ਭਾਰਤ ਦੀ ਉਸਾਰੀ ਦੀ ਕਲਪਨਾ ਦੇ ਉਦੇਸ਼ ਨਾਲ 1 ਜੁਲਾਈ ਨੂੰ ਦੇਸ਼ ਵਿੱਚ ਜੀ ਐੱਸ ਟੀ ਲਾਗੂ ਕੀਤਾ ਗਿਆ ਹੈ। ਨੀਤੀ ਆਯੋਗ ਸੰਚਾਲਨ ਕਮੇਟੀ ਦੀ ਤੀਜੀ ਬੈਠਕ ਵਿੱਚ ਪ੍ਰਧਾਨ ਮੰਤਰੀ ਨੇ ਆਪਣੇ ਉਦਘਾਟਨੀ ਭਾਸ਼ਨ ਵਿੱਚ ਕਿਹਾ ਕਿ ਵਸਤੂ ਅਤੇ ਸੇਵਾ ਕਰ ਉਤੇ ਸਹਿਮਤੀ ਭਾਰਤੀ ਸੰਘੀ ਢਾਂਚੇ ਦੀ ਤਾਕਤ ਅਤੇ ਵਚਨਬੱਧਤਾ ਨੂੰ ਦਰਸਾਉਂਦੀ ਹੈ ਅਤੇ ਇਕ ਦੇਸ਼ ਦੀ ਇਕ ਭਾਵਨਾ, ਇਕ ਸੋਚ ਨੂੰ ਵੀ ਦਰਸਾਉਂਦੀ ਹੈ।

ਜੀ ਐੱਸ ਟੀ ਲਿਆਉਣ ਦੀ ਪ੍ਰਕਿਰਿਆ ਕਈ ਪੜਾਵਾਂ ਵਿੱਚ ਰਹੀ ਪਰ ਇੰਨੇ ਵੱਡੇ ਕਰ ਸੁਧਾਰ ਨੂੰ ਅਮਲੀ ਜਾਮਾ ਪਵਾਉਣ ਵਿੱਚ ਕੁਝ ਰਾਜਨੀਤਕ ਅੜਚਨਾ ਵੀ ਆਈਆਂ। ਕਰ ਪ੍ਰਣਾਲੀ ਦੇ ਲਈ ਕੁੱਝ ਸੰਵਿਧਾਨਕ ਸੋਧਾਂ ਬਿਲ ਵੀ ਲਿਆਂਦੇ ਗਏ। ਸਾਲ 2011 ਵਿੱਚ 115ਵਾਂ ਕਾਨੂੰਨ ਲੋਕਸਭਾ ਵਿੱਚ ਲਿਆਂਦਾ ਗਿਆ ਪਰ ਉਸ ਸਮੇਂ ਤੱਕ ਕੁਝ ਖ਼ਾਸ ਕਦਮ ਨਹੀਂ ਉਠਾ ਸਕੇ। ਇਸ ਤੋਂ ਬਾਅਦ ਮਾਰਚ 2014 ਵਿੱਚ ਬਿਲ ਨੂੰ ਮੁੜ ਲਿਆਂਦਾ ਗਿਆ। ਬਿਲ ਉਤੇ ਸੰਸਦ ਵਿੱਚ ਕਾਫ਼ੀ ਵਿਚਾਰ ਵਟਾਂਦਰਾ ਕੀਤਾ ਗਿਆ ਪਰ ਸਮੇਂ ਦੀ ਮੰਗ ਕੁਝ ਹੋਰ ਸੀ ਉਸ ਸਮੇਂ ਲੋਕਸਭਾ ਭੰਗ ਹੋ ਗਈ ਸੀ ਇਹ ਬਿਲ ਵੀ ਵਿੱਚ ਹੀ ਰਹਿ ਗਿਆ। ਦਸੰਬਰ 2014 ਵਿੱਚ ਮੁੜ ਵਸਤੂ ਅਤੇ ਸੇਵਾ ਕਰ ਉਤੇ 122ਵਾਂ ਬਿਲ ਲਿਆਂਦਾ ਗਿਆ ਅਤੇ ਵਿਚਾਰ ਚਰਚਾ ਤੋਂ ਬਾਅਦ ਮਈ 2015 ਵਿੱਚ ਲੋਕਸਭਾ ਵਿੱਚ ਪਾਸ ਵੀ ਹੋ ਗਿਆ। ਸੰਵਿਧਾਨ ਦੇ ਭਾਗ 20 ਵਿੱਚ ਅਨੁਛੇਦ 268 ਸੰਵਿਧਾਨਕ ਸੋਧ ਦੀ ਸ਼ਕਤੀ ਸੰਸਦ ਨੂੰ ਪ੍ਰਦਾਨ ਕਰਦਾ ਹੈ ਜਿਸ ਵਿੱਚ ਬਿਲ ਨੂੰ ਸੰਸਦ ਦੇ ਦੋਹਾਂ ਸਦਨਾਂ ਤੋਂ ਪਾਸ ਕਰਨਾ ਜ਼ਰੂਰੀ ਹੈ। ਇਸ ਲਈ ਵਿਸ਼ੇਸ਼ ਬਹੁਮਤ ਦੀ ਲੋੜ ਹੁੰਦੀ ਹੈ ਜਿਸ ਵਿੱਚ ਸਦਨ ਵਿੱਚ ਕੁੱਲ ਮੈਂਬਰ ਗਿਣਤੀ ਦੇ ਅਧਾਰ ਉਤੇ ਹਾਜ਼ਰ ਮੈਂਬਰਾਂ ਦੇ ਦੋ ਤਿਹਾਈ ਮਤਾਂ ਦੁਆਰਾ ਹੋਣਾ ਚਾਹੀਦਾ ਹੈ। ਇਸ ਦੇ ਨਾਲ ਹੀ ਬਿਲ ਦੋਹਾਂ ਸਦਨਾਂ ਹੇਠਲੇ ਅਤੇ ਉਪਰਲੇ ਸਦਨ ਵਿੱਚ ਵੱਖ-ਵੱਖ ਪਾਸ ਹੋਣਾ ਜ਼ਰੂਰੀ ਹੈ। ਇਸ ਅਧਾਰ ਉਤੇ ਵਸਤੂ ਅਤੇ ਸੇਵਾ ਕਰ ਬਿਲ ਨੂੰ ਰਾਜ ਸਭਾ ਵਿੱਚ ਵੀ ਪਾਸ ਹੋਣਾ ਸੀ।

ਧਿਆਨ ਦੇਣ ਯੋਗ ਹੈ ਕਿ ਭਾਰਤੀ ਸੰਘੀ ਪ੍ਰਬੰਧ ਵਿੱਚ ਰਾਜ ਸਭਾ ਨੂੰ ਕੁਝ ਮਾਮਲਿਆਂ ਵਿੱਚ

ਸ਼ਕਤੀਸ਼ਾਲੀ ਮੰਨਿਆ ਜਾਂਦਾ ਹੈ, ਸੰਵਿਧਾਨਕ ਸੋਧ ਇਕ ਅਜਿਹੀ ਹੀ ਪ੍ਰਕਿਰਿਆ ਹੈ। ਇਸੇ ਸੰਦਰਭ ਵਿੱਚ ਵਸਤੂ ਅਤੇ ਸੇਵਾ ਕਰ ਬਿਲ ਨੂੰ ਅੱਗੇ ਉੱਚ ਸਦਨ ਵਿੱਚ ਭੇਜਿਆ ਗਿਆ, ਜਿਥੇ ਰਾਜਸਭਾ ਵਿੱਚ ਕੁਝ ਸੋਧਾਂ ਦਾ ਸੁਝਾਅ ਦਿੱਤਾ ਗਿਆ ਅਤੇ 3 ਅਗਸਤ 2016 ਨੂੰ ਬਿਲ ਪਾਸ ਤਾਂ ਹੋਇਆ ਪਰ ਸੋਧਾਂ ਦੇ ਨਾਲ। ਰਾਜਸਭਾ ਹਾਲੇ ਤੱਕ 203 ਮਾਮਲਿਆਂ ਵਿੱਚ ਅੜੀ ਰਹੀ ਜਿਸ ਵਿੱਚ ਸੋਧਾਂ ਨੂੰ ਸ਼ਾਮਲ ਕਰਨ ਦੇ ਬਾਅਦ ਹੀ ਪਾਸ ਕੀਤਾ ਹੈ ਉਸ ਵਿੱਚੋਂ ਇਕ ਜੀ ਐੱਸ ਟੀ ਦਾ ਮੁੱਦਾ ਰਿਹਾ। ਦੱਸ ਦਈਏ ਕਿ ਇਸ ਤੋਂ ਪਹਿਲਾਂ ਪੰਚਾਇਤੀ ਰਾਜ ਬਿਲ ਉਤੇ ਕੁਝ ਸੁਝਾਵਾਂ ਨੂੰ ਸ਼ਾਮਲ ਕਰਨ ਦੇ ਲਈ ਰਾਜਸਭਾ ਅੜ ਗਈ ਸੀ ਅਤੇ ਸਰਕਾਰ ਨੂੰ ਇਸ ਵਿੱਚ ਦਿੱਤੇ ਗਏ ਸੁਝਾਵਾਂ ਨੂੰ ਸ਼ਾਮਲ ਕਰਦਿਆਂ ਲਾਗੂ ਕਰਨਾ ਪਿਆ। 8 ਅਸਗਤ 2016 ਨੂੰ ਉਹ ਦਿਨ ਆ ਗਿਆ ਜਦੋਂ ਵਸਤੂ ਅਤੇ ਸੇਵਾ ਕਰ ਬਿਲ ਨੂੰ ਸੰਸਦ ਦੇ ਹੇਠਲੇ ਸਦਨ ਵਿੱਚ ਅੰਤਮ ਰੂਪ ਨਾਲ ਪਾਸ ਕਰ ਦਿੱਤਾ ਗਿਆ। ਬਹੁਤ ਅਟਕਲਾਂ ਤੋਂ ਬਾਅਦ 101ਵੇਂ ਸਵਿਧਾਨਕ ਸੋਧ ਕਾਨੂੰਨ ਦਾ ਇਹ ਰੂਪ ਰਾਸ਼ਟਰਪਤੀ ਦੀ ਮਨਜ਼ੂਰੀ ਤੋਂ ਬਾਅਦ ਪ੍ਰਾਪਤ ਹੋਇਆ। ਸਫ਼ਰ ਇਥੇ ਹੀ ਖਤਮ ਨਹੀਂ ਹੋਇਆ ਇਸ ਨੂੰ ਲਾਗੂ ਕਰਨ ਤੋਂ ਪਹਿਲਾਂ ਸਰਕਾਰ ਨੇ ਨੋਟੀਫਿਕੇਸ਼ਨ ਜਾਰੀ ਕਰਨਾ ਸੀ ਜਿਸ ਦੇ ਲਈ ਕੇਂਦਰ ਸਰਕਾਰ ਨੇ 12 ਦਸੰਬਰ 2016 ਨੂੰ ਧਾਰਾ ਨੰਬਰ 12 ਲਾਗੂ ਕੀਤਾ ਜਿਸ ਦੇ ਅਧੀਨ ਜੀ ਐੱਸ ਟੀ ਕਾਉਂਸਲ ਦਾ ਗਠਨ ਕੀਤਾ ਗਿਆ। 1 ਜੁਲਾਈ 2017 ਨੂੰ ਜੀ ਐੱਸ ਟੀ ਲਾਗੂ ਕਰ ਦਿੱਤਾ ਗਿਆ। ਭਾਰਤੀ ਅਰਥਚਾਰੇ ਵਿੱਚ ਇੰਨਾ ਵੱਡਾ ਸੁਧਾਰ ਲਿਆਉਣ ਦੇ ਪਿਛੇ ਕਈ ਮਕਸਦ ਸਨ। ਕਰ ਲਗਾਉਣ ਦੀ ਜਿਹੜੀ ਪ੍ਰਕਿਰਿਆ ਰਹੀ ਸੀ ਉਹ ਬਹੁਤ ਕਠਿਨ ਸੀ ਅਤੇ ਇਸ ਨੂੰ ਧਿਆਨ ਵਿੱਚ ਰਖਦਿਆਂ ਇਹ ਯਕੀਨੀ ਬਣਾਇਆ ਗਿਆ ਕਿ ਕਰ ਪ੍ਰਬੰਧ ਦੀਆਂ ਕਠਿਨਾਈਆਂ ਨੂੰ ਸਮਾਪਤ ਕੀਤਾ ਜਾਣਾ ਚਾਹੀਦਾ ਹੈ। ਭਾਰਤੀ ਅਰਥਚਾਰੇ ਵਿੱਚ ਕਰ ਦੀ ਅਜਿਹੀ ਵਿਵਸਥਾ ਦੀ ਲੋੜ ਸੀ ਜੋ ਆਉਣ ਵਾਲੇ ਸਮੇਂ ਵਿੱਚ ਵਪਾਰ ਅਤੇ ਕਾਰੋਬਾਰ ਨੂੰ ਵੱਧ ਤੋਂ ਵੱਧ ਫ਼ਾਇਦਾ ਪਹੁੰਚਾ ਸਕੇ। ਵਪਾਰ ਵਿੱਚ ਮੁਕਾਬਲੇਬਾਜ਼ੀ ਨੂੰ ਵਧਾਵੇ ਅਤੇ ਇਸ ਦੇ ਨਾਲ ਹੀ ਉਸ ਦੀ ਲਾਗਤ ਨੂੰ ਪ੍ਰਭਾਵੀ ਅਤੇ ਤੁਲਨਾਤਮਕ ਬਣਾਵੇ।

ਜੀ ਐੱਸ ਟੀ ਨੂੰ ਸਹਿਕਾਰੀ ਸੰਘਵਾਦ ਦਾ ਸਭ ਤੋਂ ਚੰਗਾ ਉਦਾਹਰਣ ਦੱਸਿਆ ਜਾ ਰਿਹਾ ਹੈ ਜੇਕਰ ਜ਼ਮੀਨੀ ਪੱਧਰ ਉਤੇ ਦੇਖਿਆ ਜਾਵੇ ਤਾਂ ਇਸ ਦੀ ਸਾਰਥਕਤਾ ਸਿੱਧ ਵੀ ਹੁੰਦੀ ਹੈ। ਭਾਰਤੀ ਸੰਘੀ ਪ੍ਰਬੰਧ ਵਿੱਚ ਜਿਸ ਤਰ੍ਹਾਂ ਸ਼ਕਤੀਆਂ ਦੀ ਵੰਡ ਕੇਂਦਰ ਅਤੇ ਰਾਜਾਂ ਵਿਚਕਾਰ ਕੀਤੀ ਗਈ ਹੈ, ਉਸ ਨਾਲ ਇਹ ਸਮਝਿਆ ਜਾ ਸਕਦਾ ਹੈ ਕਿ ਭਾਰਤ ਦਾ ਸੰਘੀ ਪ੍ਰਬੰਧ ਆਪਣੇ ਆਪ ਵਿੱਚ ਇਕ ਮਿਸਾਲ ਹੈ। ਮਜ਼ਬੂਤ ਕੇਂਦਰ ਦੇ ਨਾਲ-ਨਾਲ ਰਾਜਾਂ ਨੂੰ ਵੀ ਘੱਟ ਨਹੀਂ ਆਂਕਿਆ ਜਾ ਸਕਦਾ ਹੈ। ਇਸੇ ਸੰਦਰਭ ਵਿੱਚ ਕੇ.ਸੀ. ਵਾਹੇਅਰ ਨੇ ਇਥੋਂ ਤੱਕ ਕਿਹਾ ਕਿ ਭਾਰਤੀ ਸੰਵਿਧਾਨ ਅਰਧ ਸੰਘੀ ਹੈ। ਗਰੇਨਵਿਲ ਆਸਟਿਨ ਕਹਿੰਦੇ ਹਨ ਕਿ ਇਹ ਸਹਿਕਾਰੀ ਸੰਘ ਪ੍ਰਬੰਧ ਹੈ। ਇਹੀ ਨਹੀਂ ਭੀਮ ਰਾਓ ਅੰਬੇਡਕਰ ਜੀ ਨੇ ਸੰਘੀ ਪ੍ਰਬੰਧ ਨੂੰ ਸਪੱਸ਼ਟ ਕੀਤਾ ਹੈ ਕਿ ਸੰਘਤਾ ਦਾ ਬੁਨਿਆਦੀ ਸਿਧਾਂਤ ਹੀ ਇਹ ਹੈ ਕਿ ਅਜਿਹਾ ਕੋਈ ਵੀ ਨਿਯਮ ਜਾਂ ਕਾਨੂੰਨ ਨਹੀਂ ਬਣਾਇਆ ਜਾ ਸਕਦਾ ਜਿਸ ਨਾਲ ਕੇਂਦਰ ਅਤੇ ਰਾਜਾਂ ਵਿੱਚ ਮਤਭੇਦ ਦੇ ਹਾਲਾਤ ਪੈਦਾ ਹੋਣ। ਮੌਜੂਦਾ ਹੁਣ ਤੱਕ ਜੀ ਐੱਸ ਟੀ ਦਾ ਮੁੱਦਾ ਲਈਏ ਤਾਂ 1 ਜੁਲਾਈ ਤੋਂ ਪਹਿਲਾਂ ਕੇਂਦਰ ਅਤੇ ਰਾਜਾਂ ਵਿੱਚ ਕਰ ਪ੍ਰਣਾਲੀ ਨੂੰ ਲੈ ਕੇ ਕਿਤੇ-ਕਿਤੇ ਅੜਚਨਾਂ ਪੈਦਾ ਹੁੰਦੀਆਂ ਰਹੀਆਂ ਹਨ ਅਤੇ ਕਰ ਦੀਆਂ ਕਠਿਨਾਈਆਂ ਨੂੰ ਲੈ ਕੇ ਪਰੇਸ਼ਾਨੀਆਂ ਦਾ ਵੀ ਸਾਹਮਣਾ ਕਰਨਾ ਪਿਆ। ਰਾਜਾਂ ਨਾਲ ਇਸੇ ਅੜਚਨ ਨੂੰ ਦੂਰ ਕਰਨ ਅਤੇ ਕਰ ਪ੍ਰਣਾਲੀ ਨੂੰ ਸੁਖਾਲਾ ਬਣਾਉਣ ਦੇ ਲਈ ਦੇਸ਼ ਵਿੱਚ ਜੀ ਐੱਸ ਟੀ ਲਾਗੂ ਕੀਤਾ ਗਿਆ। ਇਕ ਦੇਸ਼ ਇਕ ਕਰ ਦਾ ਨਾਅਰਾ ਦਿੱਤਾ ਗਿਆ ਜਿਸ ਨਾਲ ਦੇਸ਼ ਸੰਗਠਤ ਹੋ ਕੇ ਤਰੱਕੀ ਦੀ ਰਾਹ ਉਤੇ ਵਧੇ।

ਕੇਂਦਰ ਅਤੇ ਰਾਜਾਂ ਦੀਆਂ ਇਕਾਈਆਂ ਦੇ ਵਿਚਕਾਰ ਤਾਲਮੇਲ ਸਥਾਪਤ ਕਰਨ ਦੇ ਟੀਚੇ ਨਾਲ ਸਹਿਕਾਰੀ ਸੰਘਵਾਦ ਉਤੇ ਜ਼ੋਰ ਦਿੱਤਾ ਜਾ ਰਿਹਾ ਹੈ ਕਿਉਂਕਿ ਭਾਰਤ ਵਿੱਚ 29 ਰਾਜ ਅਤੇ 7 ਕੇਂਦਰ ਸ਼ਾਸਤ ਪ੍ਰਦੇਸ਼ ਹਨ ਜਿਨ੍ਹਾਂ ਵਿੱਚੋਂ ਲਗਭਗ ਅੱਧੇ ਤੋਂ ਵੱਧ ਰਾਜਾਂ ਵਿੱਚ ਭਾਜਪਾ ਸਮਰਥਕ ਸਰਕਾਰਾਂ ਹਨ ਅਤੇ ਹੋਰਨਾਂ ਰਾਜਾਂ ਵਿੱਚ ਵਿਰੋਧੀ ਦਲਾਂ ਦੁਆਰਾ ਸਮਰਥਤ ਸਰਕਾਰਾਂ ਹਨ। ਇਥੇ ਇਹ ਗੱਲ ਧਿਆਨ ਦੇਣ ਯੋਗ ਹੈ ਕਿ ਜੀ ਐੱਸ ਟੀ ਨੂੰ ਪੂਰੇ ਦੇਸ਼ ਵਿੱਚ ਲਾਗੂ ਕਰਨ ਅਤੇ ਉਸ ਨੂੰ ਸਫਲ ਬਣਾਉਣ ਦੇ ਲਈ ਸੰਘ ਦੀਆਂ ਸਾਰੀਆਂ ਇਕਾਈਆਂ ਵਲੋਂ ਇਸ ਨੂੰ ਲਾਗੂ ਕਰਨ ਦੀ ਲੋੜ ਹੈ। ਇਸ ਦੇ ਕਾਰਨ ਸਹਿਕਾਰੀ ਸੰਘਵਾਦ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਉਦਾਹਰਣ ਦੇ ਤੌਰ ਤੇ ਦਿੱਲੀ ਅਤੇ ਪੱਛਮੀ ਬੰਗਾਲ ਵਿੱਚ ਵਿਰੋਧੀ ਦਲਾਂ ਵਾਲੀ ਸਰਕਾਰ ਹੈ ਅਤੇ ਉਨ੍ਹਾਂ ਦਾ ਸਹਿਯੋਗ ਪਾਉਣ ਲਈ ਸਹਿਕਾਰੀ ਸੰਘਵਾਦ ਸ਼ਬਦਾਵਲੀ ਦਾ ਵਿਸ਼ਲੇਸ਼ਣ ਕੀਤਾ ਜਾ ਰਿਹਾ ਹੈ। ਯਾਦ ਹੋਵੇਗਾ ਕਿ ਭਾਰਤੀ ਸੰਘੀ ਸ਼ਾਸਕ ਪ੍ਰਬੰਧ ਵਿੱਚ ਕਰ ਬਟਵਾਰੇ ਨੂੰ ਲੈ ਕੇ ਕੁਝ ਪਰੇਸ਼ਾਨੀਆਂ ਰਾਜਾਂ ਨਾਲ ਹੋ ਰਹੀਆਂ ਹਨ।

ਜੀ ਐੱਸ ਟੀ ਆਉਣ ਤੋਂ ਬਾਅਦ ਕੁਝ ਅਨੁਛੇਦ ਜੋ ਸੰਵਿਧਾਨ ਵਿੱਚ ਦਰਸਾਏ ਗਏ ਹਨ ਉਨ੍ਹਾਂ ਵਿੱਚ ਸੋਧ ਕੀਤੀ ਗਈ ਹੈ ਅਤੇ ਕੁਝ ਜੋੜੇ ਵੀ ਗਏ ਹਨ।

## ਨਵੇਂ ਪ੍ਰਬੰਧਾਂ ਦੀਆਂ ਬਰੀਕੀਆਂ

- ਅਨੁਛੇਦ 246 ਦੇ ਅਧੀਨ ਇਹ ਪ੍ਰਬੰਧ ਕੀਤਾ ਗਿਆ ਹੈ ਕਿ ਸੰਸਦ ਨੂੰ ਸੀ ਜੀ ਐੱਸ ਟੀ ਅਤੇ ਆਈ ਜੀ ਐੱਸ ਟੀ ਲਗਾਉਣ ਦਾ ਅਧਿਕਾਰ ਹੋਵੇਗਾ ਅਤੇ ਰਾਜਾਂ ਨੂੰ ਐੱਸ ਜੀ ਐੱਸ ਟੀ ਲਗਾਉਣ ਦਾ ਅਧਿਕਾਰ ਹੋਵੇਗਾ।

- ਅਨੁਛੇਦ 248 ਇਹ ਦੱਸਦਾ ਹੈ ਕਿ ਕਿਹੜੇ ਵਿਧਾਨ ਮੰਡਲ ਕੋਲ ਕਿਹੜੇ ਅਧਿਕਾਰ ਹੋਣਗੇ। ਅਨੁਛੇਦ 246-248 ਤਿੰਨਾਂ ਸੂਚੀਆਂ ਨਾਲ ਸੰਬੰਧਤ ਹੈ ਸੰਘ ਸੂਚੀ, ਰਾਜ ਸੂਚੀ ਅਤੇ ਸਮਵਰਤੀ ਸੂਚੀ।

- ਅਨੁਛੇਦ 269 - ਇਸ ਦੇ ਅਧੀਨ ਜੋ ਪਹਿਲਾਂ ਕੰਮ ਹੁੰਦਾ ਸੀ ਕੇਂਦਰੀ ਵਿਕਰੀ ਕਰ ਅਰਥਾਤ (ਆਈ ਜੀ ਐੱਸ ਟੀ)। ਪਹਿਲਾਂ ਜਿਹੜਾ ਅੰਤਰਰਾਸ਼ਟਰੀ ਲੈਣ-ਦੇਣ ਹੁੰਦਾ ਸੀ ਉਸ ਉਤੇ ਕਰ ਕੇਂਦਰ ਲੈਂਦਾ ਸੀ ਪਰ ਰਾਜਾਂ ਵਿੱਚ ਵੰਡ ਦਿੱਤਾ ਜਾਂਦਾ ਸੀ।

- ਅਨੁਛੇਦ 296 ਵਿੱਚ ਹੁਣ ਇਕ ਨਵਾਂ ਅਨੁਛੇਦ 269 (ਏ) ਆਈ ਜੀ ਐੱਸ ਟੀ ਦਾ ਪ੍ਰਾਵਧਾਨ ਕੀਤਾ ਗਿਆ ਹੈ। ਇਹ ਅੰਤਰਰਾਸ਼ਟਰੀ ਲੈਣ-ਦੇਣ ਉਤੇ ਕਰ ਲਗਦਾ ਹੈ। ਹੁਣ ਜੇਕਰ ਵਸਤੂ ਦੀ ਬਾਹਰ ਤੋਂ ਦਰਾਮਦ ਹੋਵੇਗੀ ਉਥੇ ਵੀ ਆਈ ਜੀ ਐੱਸ ਟੀ ਲਗੇਗਾ ਅਰਥਾਤ ਸੀਮਾ ਕਰ ਦੇ ਨਾਲ ਆਈ ਜੀ ਐੱਸ ਟੀ ਵੀ ਲਗੇਗਾ। ਪਹਿਲੀ ਜੁਲਾਈ ਦੇ ਬਾਅਦ ਤੋਂ ਜੋ ਵੀ ਮਾਲ ਦਰਾਮਦ ਹੋਵੇਗਾ ਅਤੇ ਉਹ ਮਾਲ ਜਿਸ ਰਾਜ

ਵਿੱਚ ਵਰਤਿਆ ਜਾਵੇਗਾ ਉਸ ਰਾਜ ਨੂੰ ਉਸ ਦੀ ਦਰਾਮਦ ਉਤੇ ਆਈ ਜੀ ਐੱਸ ਟੀ ਦਾ ਅੱਧਾ ਹਿੱਸਾ ਵੀ ਮਿਲੇਗਾ, ਇਸ ਤਰ੍ਹਾਂ ਪਹਿਲੀ ਵਾਰ ਰਾਜਾਂ ਨੂੰ ਦਰਾਮਦ ਕਰ ਵਿੱਚ ਕੁੱਝ ਹਿੱਸਾ ਮਿਲੇਗਾ।

- ਵਿਸ਼ੇਸ਼ ਆਰਥਿਕ ਖੇਤਰ (ਸੇਜ਼) ਉਤੇ ਵੀ ਆਈ ਜੀ ਐੱਸ ਟੀ ਲਗੇਗਾ।
- ਅਨੁਛੇਦ 268 (ਏ) ਪਹਿਲਾਂ ਸੇਵਾ ਕਰ ਦਾ ਪ੍ਰਬੰਧ ਕਰਦਾ ਸੀ। ਹੁਣ ਇਹ ਅਨੁਛੇਦ ਸੰਵਿਧਾਨ ਵਿੱਚੋਂ ਸਮਾਪਤ ਕਰ ਦਿੱਤਾ ਗਿਆ ਹੈ।
- ਅਨੁਛੇਦ 270 ਦੇ ਅਧੀਨ ਜੋ ਕਰ ਕੇਂਦਰ ਲਗਾਉਂਦਾ ਅਤੇ ਵਸੂਲਦਾ ਸੀ ਉਸ ਦੇ ਬਾਅਦ ਰਾਜਾਂ ਵਿੱਚ ਵੰਡ ਦਿੱਤਾ ਜਾਂਦਾ ਸੀ। ਹੁਣ ਨਾਲ ਹੀ ਜੀ ਐੱਸ ਟੀ ਤੋਂ ਜੋ ਮਾਲੀਆ ਇਕੱਠਾ ਹੋਣਾ ਹੈ ਉਸ ਵਿੱਚ ਅਰਥਾਤ ਸੀ ਜੀ ਐੱਸ ਟੀ ਅਤੇ ਆਈ ਜੀ ਐੱਸ ਟੀ ਵਿੱਚ ਕੇਂਦਰ ਦਾ ਜੋ ਅੱਧਾ ਹਿੱਸਾ ਹੈ ਉਹ ਕਰ ਵੀ ਮੂਲ ਦਾ ਹਿੱਸਾ ਬਣੇਗਾ ਅਤੇ ਵਿੱਤ ਅਯੋਗ ਦੀ ਰਾਏ ਦੇ ਅਨੁਸਾਰ ਕੇਂਦਰ ਅਤੇ ਰਾਜਾਂ ਵਿੱਚ ਵੰਡੇਗਾ।

ਅਨੁਛੇਦ 271 ਵਿੱਚ 2 ਗੱਲਾਂ ਸ਼ਾਮਲ ਹਨ ਸਰਚਾਰਜ ਅਤੇ ਉਪ-ਕਰ ਜਿਸ ਨਾਲ ਸੰਬੰਧਤ ਕੇਂਦਰ ਸਰਕਾਰ ਦੇ ਕੋਲ ਵਿਸ਼ੇਸ਼ ਉਪਾਅ ਸਨ। ਦੇਸ਼ ਦਾ ਕਰ ਖਜ਼ਾਨਾ ਘੱਟ ਹੋਣ ਉਤੇ ਅਨੁਛੇਦ 269 ਅਤੇ 270 ਵਿੱਚ ਜੋ ਕਰ ਦਾ ਪ੍ਰਬੰਧ ਸੀ ਉਨ੍ਹਾਂ ਉਤੇ ਸਰਚਾਰਜ ਜਾਂ ਉਪ-ਕਰ ਲਗਾ ਸਕਦੀ ਸੀ, ਜਿਸ ਵਿੱਚ ਜੋ ਵੀ ਕਰ ਕੇਂਦਰ ਲਗਾਉਂਦਾ ਸੀ ਉਸ ਦਾ ਸਾਰਾ ਪੈਸਾ ਕੇਂਦਰ ਨੂੰ ਮਿਲਦਾ ਸੀ ਅਤੇ ਰਾਜ ਨੂੰ ਕੋਈ ਪੈਸਾ ਨਹੀਂ ਮਿਲਦਾ ਸੀ ਪਰ ਹੁਣ ਇਸ ਉਤੇ ਜੋ ਵੀ ਕਰ ਪ੍ਰਾਪਤ ਹੋਵੇਗਾ ਉਹ ਮਾਲੀ ਕਮਿਸ਼ਨ ਦੇ ਸੁਝਾਅ ਦੇ ਅਨੁਸਾਰ ਰਾਜਾਂ ਅਤੇ ਕੇਂਦਰ ਵਿੱਚ ਵੰਡ ਦਿੱਤਾ ਜਾਵੇਗਾ।

ਕੇਂਦਰ ਸਰਕਾਰ ਦੇ ਜੋ ਕਰ ਹਨ ਉਸ ਉਤੇ ਕੇਂਦਰ ਸਰਚਾਰਜ ਵੀ ਲਗਾ ਸਕਦੀ ਹੈ ਅਤੇ ਉਪ-ਕਰ ਵੀ। ਜੀ ਐੱਸ ਟੀ ਦੇ ਮਾਮਲੇ ਵਿੱਚ ਹੁਣ ਇਕ ਵਿਸ਼ੇਸ਼ ਉਪ-ਕਰ ਲਗੇਗਾ ਅਤੇ ਜੀ ਐੱਸ ਟੀ ਦਾ ਜੋ ਉਪ-ਕਰ ਹੈ ਉਸ ਦੀ ਵੰਡ ਜੀ ਐੱਸ ਟੀ ਕਾਉਂਸਲ ਦੇ ਨਿਰਦੇਸ਼ਾਂ ਉਤੇ ਕੇਂਦਰ ਅਤੇ ਰਾਜਾਂ ਵਿੱਚ ਹੋਵੇਗੀ ਅਤੇ ਹੁਣ ਸਿਰਫ ਇਕ ਅਜਿਹਾ ਉਪ-ਕਰ ਹੈ ਜਿਸ ਨੂੰ ਜੀ ਐੱਸ ਟੀ ਉਪ-ਕਰ ਕਹਿੰਦੇ ਹਨ ਉਹ ਕੇਂਦਰ ਅਤੇ ਰਾਜਾਂ ਵਿੱਚਕਾਰ ਵੰਡਿਆ ਜਾਵੇਗਾ। ਹੁਣ ਜੀ ਐੱਸ ਟੀ ਉਪ-ਕਰ ਦਾ ਸਾਰਾ ਪੈਸਾ ਰਾਜ ਦੇ ਨੁਕਸਾਨ ਪੂਰਤੀ ਫ਼ੰਡ ਵਿੱਚ ਜਾਵੇਗਾ ਕਿਉਂਕਿ ਜੀ ਐੱਸ ਟੀ ਲਗਣ ਉਤੇ ਰਾਜ ਨੂੰ ਜੋ ਘਾਟਾ ਹੋਵੇਗਾ ਅਤੇ ਉਸ ਦੀ ਭਰਪਾਈ ਕਰਨ ਦੇ ਲਈ ਕੇਂਦਰ ਨੇ ਪੰਜ ਸਾਲ ਦੀ ਗਰੰਟੀ ਦਿੱਤੀ ਹੈ। ਮਹਿੰਗੀਆਂ ਵਸਤਾਂ ਉਤੇ 15 ਪ੍ਰਤਿਸ਼ਤ ਸਰਚਾਰਜ ਹੈ (28 ਪ੍ਰਤਿਸ਼ਤ ਕਰ ਹੈ ਅਤੇ ਇਸ ਤੋਂ ਬਾਅਦ ਸਰਚਾਰਜ ਲਗਾ ਹੈ) ਨਾਲ ਹੀ ਸਵੱਛ ਊਰਜਾ ਉਪ-ਕਰ ਦਾ ਪੈਸਾ ਵੀ ਹੁਣ ਰਾਜ ਨੂੰ ਜਾਵੇਗਾ।

ਇਸ ਤਰ੍ਹਾਂ ਸਹਿਕਾਰੀ ਸੰਘਵਾਦ ਦੇ ਅਧੀਨ ਕੇਂਦਰ ਅਤੇ ਰਾਜ ਦੋਨੋਂ ਇਕ ਸਮਾਨਤਾ ਹਾਸਲ ਕਰਨ ਦੇ ਲਈ ਆਪਣੀਆਂ ਸ਼ਕਤੀਆਂ ਨੂੰ ਸਾਂਝਾ ਕਰਨ ਅਤੇ ਅਪ੍ਰੱਤਖ ਕਰਾਂ ਵਿੱਚ ਤਾਲਮੇਲ ਨੂੰ ਦੂਰ ਕਰਨ ਦੇ ਲਈ ਸਹਿਮਤ ਹੋਏ ਹਨ। ਇਸ ਦੇ ਨਾਲ ਪੁਰਾਣੇ ਕਰ ਪ੍ਰਬੰਧ ਨਾਲ ਜੋ ਊਣਤਾਈਆਂ ਪੈਦਾ ਹੁੰਦੀਆਂ ਸਨ ਜਿਵੇਂ ਅੰਤਰਰਾਸ਼ਟਰੀ ਲੈਣ-ਦੇਣ ਵਿੱਚ ਰਾਜਾਂ ਵਿੱਚ ਗ਼ੈਰ ਵੇਟੇਬਲ ਸੀ ਐੱਸ ਟੀ (ਕੇਂਦਰੀ ਵਿਕਰੀ ਕਰ) ਅਤੇ ਵੱਖ-ਵੱਖ ਅਗਾਊਂ ਕਰ ਕ੍ਰੈਡਿਟ ਲੜੀ ਦੇ ਨਾਲ ਕਰਾਂ ਦੇ ਕੈਸ਼ਕੋਡ ਕਰ ਦੇ ਕਾਰਨ ਦੇਸ਼ ਦੇ ਅੰਦਰ ਅਨੇਕ ਕਰ ਖੇਤਰ ਸ਼ਾਮਲ ਸਨ। ਜੀ ਐੱਸ ਟੀ ਆਉਣ ਤੋਂ ਬਾਅਦ ਉਸੇ ਕਰ ਦੀ ਦਰ ਇਕ ਮੁੱਖ ਵਸਤੂ ਦੀ ਪੂਰਤੀ ਅਤੇ ਕੇਂਦਰ ਅਤੇ ਰਾਜ ਦੋਨਾਂ ਵਲੋਂ ਬਰਾਬਰ ਲਗਾਈ ਜਾਵੇਗੀ। ਨਤੀਜੇ ਵਜੋਂ ਕਰ ਵਿੱਚ ਇਕ ਸਮਾਨਤਾ ਆਵੇਗੀ। ਉਦਾਹਰਣ ਦੇ ਤੌਰ ਤੇ ਅਸੀਂ ਕੋਈ ਵਸਤੂ ਗੁਜਰਾਤ ਤੋਂ ਖਰੀਦੀ, ਰਾਜਸਥਾਨ ਵਿੱਚ ਬਣਾਈ ਅਤੇ ਪੰਜਾਬ ਵਿੱਚ ਵੇਚ ਦਿੱਤੀ ਤਾਂ ਹੁਣ ਸਾਨੂੰ ਇਨਪੁਟ ਉਤੇ ਇਕ ਹੀ ਵਾਰ ਕਰ ਦਾ ਭੁਗਤਾਨ ਕਰਨਾ ਪਵੇਗਾ। ਜੀ ਐੱਸ ਟੀ ਕੇਂਦਰ ਅਤੇ ਰਾਜ ਸਰਕਾਰਾਂ ਵਲੋਂ ਸੁਤੰਤਰ ਤੌਰ ਤੇ ਲਗਾਏ ਜਾਂਦੇ ਕਈ ਮੌਜੂਦਾ ਅਪ੍ਰੱਤਖ ਕਰਾਂ ਨੂੰ ਸਮੋ ਲਵੇਗਾ। ਇਨ੍ਹਾਂ ਵਿੱਚ ਕੇਂਦਰੀ ਉਤਪਾਦ ਕਰ, ਸੇਵਾ ਕਰ, ਵੈਟ, ਖਰੀਦ ਕਰ, ਕੇਂਦਰੀ ਵਿਕਰੀ ਕਰ, ਆਮਦ ਕਰ, ਵਿਲਾਸਤਾ ਕਰ ਆਦਿ ਸ਼ਾਮਲ ਹਨ। ਇਨ੍ਹਾਂ ਸਭ ਦੇ ਨਾਲ ਇਹ ਅਨੁਮਾਨ ਵੀ ਲਗਾਇਆ ਜਾ ਰਿਹਾ ਹੈ ਕਿ ਭਾਰਤ ਦੇ ਕੁੱਲ ਘਰੇਲੂ ਉਤਪਾਦਨ ਵਿੱਚ ਵਾਧਾ ਹੋਵੇਗਾ, ਅਰਥਚਾਰੇ ਵਿੱਚ ਪਾਰਦਰਸ਼ਤਾ ਆਵੇਗੀ ਅਤੇ ਭ੍ਰਿਸ਼ਟਾਚਾਰ ਦਾ ਖਾਤਮਾ ਹੋਵੇਗਾ। ਅਰਥਚਾਰਾ ਗਤੀਸ਼ੀਲ ਹੋ ਜਾਵੇਗਾ ਅਤੇ ਸਕਾਰਾਤਮਕ ਬਦਲਾਅ ਵੀ ਆਵੇਗਾ। ਆਰਥਿਕ ਕਾਰਜ ਵਿਭਾਗ ਦੇ ਸਾਬਕਾ ਸਕੱਤਰ ਸ਼ਕਤੀਕਾਂਤ ਦਾਸ ਦਾ ਕਹਿਣਾ ਹੈ ਕਿ ਭਾਰਤੀ ਅਰਥਚਾਰਾ ਅਗਲੇ 10-30 ਸਾਲਾਂ ਵਿੱਚ ਵੱਧ ਤੋਂ ਵੱਧ ਵਾਧਾ ਹਾਸਲ ਕਰੇਗਾ। ਇਸ ਤਰ੍ਹਾਂ ਭਾਰਤ ਦੀ ਅਰਥਵਿਵਸਥਾ ਨੂੰ ਆਧੁਨਿਕ ਅਤੇ ਮੁਕਾਬਲੇਬਾਜ਼ੀ ਵਾਲੀ ਬਣਾਉਣ ਵਿੱਚ ਜੀ ਐੱਸ ਟੀ ਦੀ ਮੁੱਖ ਭੂਮਿਕਾ ਹੋਵੇਗੀ।

ਨਿਚੋੜ ਦੇ ਤੌਰ ਤੇ ਸਹਿਕਾਰੀ ਸੰਘਵਾਦ ਦੀ ਭਾਵਨਾ ਨਾਲ ਕਰ ਪ੍ਰਣਾਲੀ ਵਿੱਚ ਜਿਹੜੀਆਂ ਸ਼ਕਤੀਆਂ ਦੀ ਵੰਡ ਕੀਤੀ ਗਈ ਹੈ ਉਸ ਦੀਆਂ ਅੜਚਨਾਂ ਨੂੰ ਸਮਾਪਤ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਦੇ ਲਈ ਸੰਵਿਧਾਨ ਵਿੱਚ ਹੀ ਉਸੇ ਦੇ ਅਨੁਸਾਰ ਕੁਝ ਅਨੁਛੇਦਾਂ ਵਿੱਚ ਸੋਧ ਕੀਤੀ ਗਈ ਹੈ। ਆਮ ਹਿਤਾਂ ਨੂੰ ਇਕ ਮੰਚ ਉਤੇ ਲਿਆਉਣ ਦੇ ਲਈ ਜੋ ਕਰ ਪ੍ਰਬੰਧ ਵਿੱਚ ਬੁਨਿਆਦੀ ਮੁੜ ਪ੍ਰਬੰਧ ਕੀਤਾ ਗਿਆ ਹੈ ਉਸ ਤੋਂ ਇਹੀ ਉਜਾਗਰ ਹੁੰਦਾ ਹੈ ਕਿ ਇਸ ਨਾਲ ਸਹਿਕਾਰੀ ਸੰਘੀ ਪ੍ਰਣਾਲੀ ਨੂੰ ਬਲ ਮਿਲਿਆ ਹੈ। ਜੀ ਐੱਸ ਟੀ ਨੂੰ ਸਫਲ ਬਣਾਉਣ ਦੇ ਲਈ ਸੰਘ ਦੀਆਂ ਸਾਰੀਆਂ ਇਕਾਈਆਂ ਵਿੱਚ ਉਲਟ ਵਿਚਾਰਧਾਰਾ ਹੋਣ ਦੇ ਬਾਵਜੂਦ ਉਸ ਮੁੱਦੇ ਉਤੇ ਸਹਿਯੋਗ ਕਰਨ ਦੀ ਲੋੜ ਹੈ ਕਿਉਂਕਿ ਜਦੋਂ ਤੱਕ ਸੰਘ ਦੀਆਂ ਸਾਰੀਆਂ ਇਕਾਈਆਂ ਪਰਸਪਰ ਮਿਲ ਕੇ ਸਹਿਯੋਗ ਨਹੀਂ ਕਰਨਗੀਆਂ ਉਦੋਂ ਤੱਕ ਜੀ ਐੱਸ ਟੀ ਦੇ ਉਦੇਸ਼ ਨੂੰ ਪ੍ਰਾਪਤ ਕਰਨਾ ਸਰਲ ਨਹੀਂ ਹੋਵੇਗਾ। ਭਾਰਤੀ ਅਰਥਚਾਰੇ ਨੂੰ ਵਿਸ਼ਵ ਮੰਚ ਉਤੇ ਸ਼ਕਤੀਸ਼ਾਲੀ ਬਣਾਉਣ ਦੇ ਲਈ ਸਾਰੀਆਂ ਇਕਾਈਆਂ ਨੂੰ ਇਕ ਹੀ ਛਤਰੀ ਹੇਠ ਆ ਕੇ ਸਹਿਯੋਗ ਕਰਨਾ ਹੋਵੇਗਾ। ਇਸ ਦੇ ਨਾਲ ਇਹ ਵੀ ਕਹਿਣਾ ਗਲਤ ਨਹੀਂ ਹੋਵੇਗਾ ਕਿ ਜੀ ਐੱਸ ਟੀ ਸਹਿਕਾਰੀ ਸੰਘਵਾਦ ਦੀ ਇਕ ਵਧੀਆ ਉਦਾਹਰਣ ਹੈ ਕਿਉਂਕਿ ਇਸ ਨੂੰ ਲਾਗੂ ਕਰਨ ਨਾਲ ਰਾਜਾਂ ਨੂੰ ਕੁਝ ਹੱਦ ਤੱਕ ਹੀ ਸਹੀ ਅਤੇ ਸ਼ਕਤੀ ਮਿਲੀ ਹੈ। ਇਸ ਦੇ ਰਾਹੀਂ ਕੇਂਦਰ ਅਤੇ ਰਾਜਾਂ ਦੇ ਵਿਚਕਾਰ ਅੜਚਨਾਂ ਨੂੰ ਸਮਾਪਤ ਕਰਨ ਦਾ ਸਫਲ ਯਤਨ ਕੀਤਾ ਗਿਆ ਹੈ ਅਤੇ ਸਹਿਕਾਰੀ ਸੰਘਵਾਦ ਦੀ ਸਾਰਥਕਤਾ ਨੂੰ ਦਰਸਾਇਆ ਗਿਆ ਹੈ।

*(ਲੇਖਿਕਾ ਸੁਤੰਤਰ ਪੱਤਰਕਾਰ ਹੈ। ਦਿੱਲੀ ਵਿਸ਼ਵਵਿਦਿਆਲੇ ਵਿੱਚ ਮਹਿਮਾਨ ਅਧਿਆਪਕ ਹੈ। ਸਮਾਇਕ ਵਿਸ਼ਿਆਂ ਉਤੇ ਪਤਰ-ਪੱਤਰਕਾਵਾਂ ਵਿੱਚ ਨਿਯਮਤ ਲਿਖਦੀ ਹੈ।)*

*e-mail : khushbu.jnu@gmail.com*

# ਜੀ ਐੱਸ ਟੀ : ਵਿਕਾਸ ਕਰਨ ਵਾਲਾ ਪ੍ਰਮੁੱਖ ਸਾਧਨ

ਪ੍ਰਕਾਸ਼ ਚਾਵਲਾ

ਸੰਸਦ ਦੇ ਸ਼ਾਨਦਾਰ ਸੈਂਟਰਲ ਹਾਲ ਵਿੱਚ ਮਾਲ ਅਤੇ ਸੇਵਾ ਟੈਕਸ – ਜੀ ਐੱਸ ਟੀ ਦੀ ਸ਼ੁਰੂਆਤ ਕਰਨ ਲਈ ਰਾਸ਼ਟਰਪਤੀ ਸ਼੍ਰੀ ਪ੍ਰਣਬ ਮੁਖਰਜੀ ਅਤੇ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੁਆਰਾ ਚਲਾਈ ਗਈ ਇਕ ਛੋਟੀ ਅਤੇ ਮਜ਼ੇਦਾਰ ਵੀਡੀਓ ਨੇ ਦੇਸ਼ ਦੇ ਹੁਣ ਤੱਕ ਦੇ ਸਭ ਤੋਂ ਮਹੱਤਵਪੂਰਨ ਕਰ ਸੁਧਾਰ ਪਿੱਛੇ ਸਪੱਸ਼ਟ ਉਦੇਸ਼ ਨੂੰ ਉਜਾਗਰ ਕਰਕੇ ਲੋਕਾਂ ਨੂੰ ਪ੍ਰਭਾਵਤ ਕਰ ਲਿਆ। ਹੁਣ ਤੱਕ ਅਰਥਸ਼ਾਸਤਰੀ ਅਤੇ ਟਿੱਪਣੀਕਾਰ ਦੱਸਦੇ ਆ ਰਹੇ ਸਨ ਕਿ ਕਿਵੇਂ ਜੀ ਐੱਸ ਟੀ ਦੇਸ਼ ਦੇ ਕੁੱਲ ਘਰੇਲੂ ਉਤਪਾਦ ਨੂੰ ਹੁਲਾਰਾ ਦੇਵੇਗਾ ਅਤੇ ਵਪਾਰ ਤੇ ਉਦਯੋਗ ਖੇਤਰ ਨੂੰ ਸੁਖਾਵਾਂ ਜੀਵਨ ਪ੍ਰਦਾਨ ਕਰੇਗਾ ਪਰ ਇਸ ਦੇ ਉਲਟ ਜੀ ਐੱਸ ਟੀ ਦੀ ਸ਼ੁਰੂਆਤ ਮੌਕੇ ਦਿਖਾਈ ਗਈ ਫ਼ਿਲਮ ਨੇ ਆਧੁਨਿਕ ਟੈਕਸੇਸ਼ਨ ਜੋ ਕਿ ਦੇਸ਼ ਦੇ ਲੋਕਾਂ, ਖ਼ਾਸ ਕਰਕੇ ਆਰਥਿਕ ਤੌਰ ਤੇ ਪਛੜੇ ਲੋਕਾਂ ਉਤੇ ਕੇਂਦਰਿਤ ਹੈ, ਦਾ ਬਹੁਤ ਹੀ ਵਿਸ਼ਾਲ ਪੱਖ ਉਜਾਗਰ ਕੀਤਾ।

ਸ਼ੁਰੂਆਤ ਤੋਂ ਪਹਿਲਾਂ 30 ਜੂਨ ਦੀ ਅੱਧੀ ਰਾਤ ਵੇਲੇ ਆਪਣੇ ਪ੍ਰੇਰਣਾਮਈ ਭਾਸ਼ਣ ਵਿੱਚ ਪ੍ਰਧਾਨ ਮੰਤਰੀ ਨੇ ਜੀ ਐੱਸ ਟੀ ਨੂੰ ਗਰੀਬ, ਵਿਸ਼ੇਸ਼ ਕਰਕੇ ਪੂਰਬੀ ਉੱਤਰ ਪ੍ਰਦੇਸ਼, ਹੋਰ ਪੂਰਬੀ ਰਾਜਾਂ ਅਤੇ ਉੱਤਰ ਪੂਰਬ ਦੇ ਲੋਕਾਂ ਲਈ ਜ਼ਿੰਦਗੀ ਬਦਲਣ ਵਾਲਾ ਸਾਧਨ ਕਰਾਰ ਦਿੱਤਾ। ਉਨ੍ਹਾਂ ਨੂੰ ਭਾਵੇਂ ਬਹੁਤ ਹੀ ਉੱਤਮ ਕੁਦਰਤੀ ਵਸੀਲਿਆਂ ਨਾਲ ਨਿਵਾਜਿਆ ਗਿਆ ਹੈ ਪਰ ਉਹ ਆਪਣੇ ਵਿਕਾਸ ਲਈ ਇਨ੍ਹਾਂ ਵਸੀਲਿਆਂ ਦਾ ਭਰਪੂਰ ਇਸਤੇਮਾਲ ਨਹੀਂ ਕਰ ਸਕੇ।

ਇਸ ਦੇ ਮੱਦੇਨਜ਼ਰ ਕੋਈ ਪੁੱਛ ਸਕਦਾ ਹੈ ਕਿ ਜੀ ਐੱਸ ਟੀ ਦੇਸ਼ ਦੇ ਗਰੀਬ ਨੂੰ ਕਿਸ ਤਰ੍ਹਾਂ ਨਾਲ ਵੱਡੇ ਲਾਭ ਦੇਣ ਜਾ ਰਿਹਾ ਹੈ, ਜਾਂ ਇਹ ਉਹੀ ਪੁਰਾਣਾ ਬੂੰਦ-ਬੂੰਦ ਟਪਕਾਉਣ ਵਾਲਾ ਸਿਧਾਂਤ ਤਾਂ ਨਹੀਂ ਜੋ ਵਪਾਰ ਅਤੇ ਉਦਯੋਗ ਵਲੋਂ ਲਾਗੂ ਕਰਾਇਆ ਜਾਣਾ ਹੈ। ਕੁੱਝ ਹੱਦ ਤੱਕ ਅਜਿਹਾ ਹੋ ਸਕਦਾ ਹੈ ਪਰ ਜੀ ਐੱਸ ਟੀ ਦੀ ਮੁੱਖ ਵਿਸ਼ੇਸ਼ਤਾ ਹੀ ਪ੍ਰਧਾਨ ਮੰਤਰੀ ਨੇ ਬਹੁਤ ਹੀ ਵਿਲੱਖਣ ਸਰੋਤਿਆਂ ਦੇ ਸਾਹਮਣੇ ਜੋ ਕੁੱਝ ਕਿਹਾ ਉਸ ਦੇ ਅਹਿਸਾਸ ਨੂੰ ਯਕੀਨੀ ਬਣਾਏਗੀ। ਦੇਸ਼ ਦੀ ਪੁਖਤਾ ਰਾਜਨੀਤੀ ਅਤੇ ਸਹਿਕਾਰੀ ਸੰਘਵਾਦ ਨੇ ਅੰਤ ਇਕ ਪ੍ਰਣਾਲੀ ਪ੍ਰਦਾਨ ਕੀਤੀ ਹੈ ਜੋ ਲੋਕ-ਕੇਂਦਰਿਤ ਹੈ ਅਤੇ ਇਸ ਦਾ ਨਿਰਮਾਤਾ-ਕੇਂਦਰਿਤ ਹੋਣਾ ਜ਼ਰੂਰੀ ਨਹੀਂ ਹੈ।

ਆਬਕਾਰੀ ਜਾਂ ਹੋਰ ਲਗਾਨਾਂ ਦੇ ਉਲਟ, ਜੀ ਐੱਸ ਟੀ ਜੋ ਕਿ ਸੱਤ ਸੈਂਟਰਲ ਅਤੇ ਅੱਠ ਪ੍ਰਾਂਤਕ ਟੈਕਸਾਂ ਨੂੰ ਸਮੋ ਲੈਂਦਾ ਹੈ, ਸਾਧਨ ਜਾਂ ਨਿਰਮਾਤਾ ਅਧਾਰਤ ਨਹੀਂ ਹੈ ਪਰ ਮੰਜ਼ਿਲ ਜਾਂ ਉਪਭੋਗਤਾ ਕੇਂਦਰਿਤ ਹੈ। ਸਾਦੀ ਅਤੇ ਸਧਾਰਨ ਭਾਸ਼ਾ ਵਿੱਚ ਜਿਨ੍ਹਾਂ ਰਾਜਾਂ ਵਿੱਚ ਉਪਭੋਗਤਾ ਜ਼ਿਆਦਾ ਹਨ, ਉਹ ਜ਼ਿਆਦਾ ਟੈਕਸ ਇਕੱਤਰ ਕਰ ਸਕਣਗੇ ਜੋ ਲੋਕ ਭਲਾਈ ਸਕੀਮਾਂ ਅਤੇ ਪ੍ਰਾਂਤਾਂ ਦੇ ਸਰਬਪੱਖੀ ਆਰਥਿਕ ਵਿਕਾਸ ਵਾਸਤੇ ਖਰਚ ਕੀਤਾ ਜਾਵੇਗਾ। ਯਕੀਨਨ, ਉੱਤਰ ਪ੍ਰਦੇਸ਼, ਬਿਹਾਰ, ਓਡੀਸ਼ਾ, ਪੱਛਮੀ ਬੰਗਾਲ ਅਤੇ ਉੱਤਰ-ਪੂਰਬੀ ਰਾਜ, ਜਿਥੇ ਜ਼ਿਆਦਾ ਨਿਰਮਾਣ ਅਧਾਰ ਨਹੀਂ ਸੀ ਅਤੇ ਮਾਲੀਏ ਪੱਖੋਂ ਨੁਕਸਾਨ ਵਿੱਚ ਸਨ, ਉਥੇ ਜੀ ਐੱਸ ਟੀ ਸ਼ੁਰੂ ਹੋਣ ਤੋਂ ਪੰਜ ਸਾਲ ਤੱਕ ਵਿਕਾਸ ਅਤੇ ਨਿਰਮਾਣ ਕੇਂਦਰਾਂ ਨੂੰ ਮੁਆਵਜ਼ਾ ਦੇ ਕੇ ਫਾਇਦਾ ਪਹੁੰਚਾਇਆ ਜਾਵੇਗਾ। ਜ਼ਿਆਦਾ ਉਪਭੋਗਤਾ ਮਤਲਬ ਰਾਜ ਵਿੱਚ ਅਧਿਕ ਟੈਕਸ ਉਗਰਾਹੀ, ਹਾਲਾਂਕਿ ਉਪਭੋਗਤਾ ਦਾ ਆਰਥਿਕ ਤੌਰ ਤੇ ਸਸ਼ਕਤ ਹੋਣਾ ਜ਼ਰੂਰੀ ਹੈ।

ਜੋ ਰਾਜ, ਨਿਰਮਾਣ ਖੇਤਰ ਵਿੱਚ ਮਹਾਰਾਸ਼ਟਰ, ਗੁਜਰਾਤ, ਤਮਿਲਨਾਡੂ ਜਾਂ ਕਰਨਾਟਕ ਆਦਿ ਰਾਜਾਂ ਦੇ ਬਰਾਬਰ ਨਹੀਂ ਹਨ, ਉਥੇ ਵਪਾਰ ਸਦਕਾ ਵਿਕਾਸ ਵਿੱਚ ਗਤੀ ਆਵੇਗੀ। ਇਸ ਤੋਂ ਜੋ ਸਾਧਨ ਉਤਪੰਨ ਹੋਣਗੇ, ਉਨ੍ਹਾਂ ਨੂੰ ਫਿਰ ਵਿਕਾਸ ਉਪਰਾਲਿਆਂ ਵਿੱਚ ਇਸਤੇਮਾਲ ਕੀਤਾ ਜਾਵੇਗਾ। ਵਿਕਾਸ ਦੀ ਅਜਿਹੀ ਗੂੰਜ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਨਿਵੇਸ਼ਕਾਂ ਨੂੰ ਨਿਰਮਾਣ ਅਤੇ ਸੰਬੰਧਿਤ ਸੇਵਾ ਖੇਤਰਾਂ ਵਿੱਚ ਨਿਵੇਸ਼ ਕਰਨ ਲਈ ਆਕਰਸ਼ਿਤ ਕਰੇਗੀ ਜਿਸ ਨਾਲ ਕਰੋੜਾਂ ਲੋਕਾਂ ਲਈ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਦਾ ਰਾਹ ਖੁੱਲ੍ਹੇਗਾ।

ਪ੍ਰਧਾਨ ਮੰਤਰੀ ਨੇ ਸਹੀ ਸੰਦਰਭ ਪੇਸ਼ ਕੀਤਾ, ਜੀ ਐੱਸ ਟੀ ਇਕ ਅਜਿਹੀ ਪ੍ਰਣਾਲੀ ਹੈ ਜੋ ਦੇਸ਼ ਦੇ ਵਪਾਰ ਵਿਚਲੇ ਅਸੰਤੁਲਨ ਦਾ ਖਾਤਮਾ ਕਰਦੀ ਹੈ। ਇਹ ਦੇਸ਼ ਦੇ ਨਿਰਯਾਤ ਨੂੰ ਹੁਲਾਰਾ ਵੀ ਦਿੰਦੀ ਹੈ। ਇਹ ਪ੍ਰਣਾਲੀ ਪਹਿਲਾਂ ਤੋਂ ਵਿਕਸਤ ਰਾਜਾਂ ਨੂੰ ਹੋਰ ਮੌਕੇ ਹੀ ਪ੍ਰਦਾਨ ਨਹੀਂ ਕਰਦੀ ਸਗੋਂ ਪਿਛੜੇ ਰਾਜਾਂ ਨੂੰ ਵਿਕਸਤ ਹੋਣ ਦੇ ਮੌਕੇ ਵੀ ਪ੍ਰਦਾਨ ਕਰਦੀ ਹੈ। ਸਾਡੇ ਰਾਜ, ਕੁਦਰਤੀ ਵਸੀਲਿਆਂ ਪੱਖੋਂ ਬਹੁਤ ਅਮੀਰ ਹਨ – ਬਿਹਾਰ, ਪੂਰਬੀ ਉੱਤਰ ਪ੍ਰਦੇਸ਼, ਪੱਛਮੀ ਬੰਗਾਲ, ਉੱਤਰ-ਪੂਰਬ, ਓਡੀਸ਼ਾ ਨੂੰ ਵੇਖ ਲਵੋ। ਉਹ ਸਾਰੇ ਕੁਦਰਤੀ ਸੰਸਧਾਨਾਂ ਨਾਲ ਭਰਪੂਰ ਹਨ। ਜਦ ਉਨ੍ਹਾਂ ਨੂੰ ਸਿਰਫ ਇਕ ਟੈਕਸ ਸ਼ਾਸਨ ਪ੍ਰਣਾਲੀ ਮਿਲੇਗੀ ਤਾਂ ਮੈਂ ਦੇਖ ਸਕਦਾ ਹਾਂ ਕਿ ਜੋ ਵੀ ਕਮੀ ਹੋਵੇਗੀ ਦੂਰ ਕਰ ਦਿੱਤੀ ਜਾਵੇਗੀ ਅਤੇ ਦੇਸ਼ ਦਾ ਇਹ ਹੁਨਰ ਅੱਗੇ ਚੱਲੇਗਾ। ਭਾਰਤ ਦੇ ਸਾਰੇ ਰਾਜਾਂ ਨੂੰ ਵਿਕਾਸ ਦਾ ਬਰਾਬਰ ਮੌਕਾ ਮਿਲੇਗਾ।

ਇਸ ਦੇ ਇਲਾਵਾ, ਸ਼੍ਰੀ ਮੋਦੀ ਦੇ ਸ਼ਬਦਾਂ ਵਿੱਚ, ਇਕ ਰਾਸ਼ਟਰ-ਇਕ-ਟੈਕਸ, 'ਗੰਗਾ ਨਗਰ

ਤੋਂ ਈਟਾ ਨਗਰ ਤੱਕ ਆਰਥਿਕ ਕਾਰਜ ਪ੍ਰਬੰਧ ਲਈ ਇਮਾਨਦਾਰ ਰਸਤੇ ਨੂੰ ਉਤਸ਼ਾਹਤ ਕਰਦੇ ਹੋਏ ਕਈ ਤਰ੍ਹਾਂ ਨਾਲ ਉਦਯੋਗ, ਵਪਾਰ ਅਤੇ ਆਮ ਆਦਮੀ ਦੇ ਜੀਵਨ ਨੂੰ ਯਕੀਨਨ ਸੁਖਾਵਾਂ ਬਣਾ ਦੇਵੇਗਾ। ਏਹੀ ਕਾਰਨ ਹੈ ਕਿ ਇਸ ਨੂੰ 'ਚੰਗਾ ਅਤੇ ਸਰਲ ਟੈਕਸ' ਕਿਹਾ ਗਿਆ ਹੈ ਜੋ ਇਕ ਨਵਾਂ ਸ਼ਾਸਨ ਸਭਿਆਚਾਰ ਪੇਸ਼ ਕਰੇਗਾ।


ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਦੋਹਾਂ ਨੇ ਜੀ ਐੱਸ ਟੀ ਨੂੰ ਯਥਾਰਥ ਬਣਾਉਣ ਦਾ ਪੂਰਾ ਸਿਲਾ ਵੱਖ-ਵੱਖ ਰਾਜਨੀਤਕ ਦਲਾਂ, ਕੇਂਦਰ ਤੇ ਰਾਜ ਸਰਕਾਰਾਂ ਨੂੰ ਦਿੱਤਾ। ਪ੍ਰਧਾਨ ਮੰਤਰੀ ਨੇ ਕਿਹਾ, "ਇਹ ਕਿਸੇ ਸਰਕਾਰ ਜਾਂ ਦਲ ਦੁਆਰਾ ਪ੍ਰਾਪਤ ਕੀਤੀ ਸਿੱਧੀ ਨਹੀਂ ਹੈ, ਇਹ ਸਾਂਝੀਆਂ ਕੋਸ਼ਿਸ਼ਾਂ ਦਾ ਫਲ ਹੈ।" ਰਾਸ਼ਟਰਪਤੀ, ਜਿਨ੍ਹਾਂ ਨੇ ਇਸ ਤੋਂ ਪਹਿਲੀ ਸਰਕਾਰ ਵਿੱਚ ਵਿੱਤ ਮੰਤਰੀ ਹੁੰਦੇ ਹੋਏ ਜੀ ਐੱਸ ਟੀ ਦੇ ਸਫਰ ਵਿੱਚ ਬਹੁਤ ਹੀ ਮਹੱਤਵਪੂਰਨ ਭੂਮਿਕਾ ਨਿਭਾਈ ਸੀ, ਨੇ ਵੀ ਮੁਨਾਸਬ ਸ਼ਬਦਾਂ ਵਿੱਚ ਕਿਹਾ, "ਟੈਕਸੇਸ਼ਨ ਦਾ ਇਕ ਨਵਾਂ ਯੁੱਗ ... ਰਾਜਾਂ ਅਤੇ ਕੇਂਦਰ ਸਰਕਾਰ ਵਿੱਚਕਾਰ ਇਕ ਵਿਸ਼ਾਲ ਸਹਿਮਤੀ ਦਾ ਨਤੀਜਾ ਹੈ। ਇਹ ਸਹਿਮਤੀ ਬਣਨ ਵਿੱਚ ਕੇਵਲ ਸਮਾਂ ਹੀ ਨਹੀਂ ਯਤਨ ਵੀ ਲੱਗਾ ਹੈ। ਇਹ ਯਤਨ ਵਿਭਿੰਨ ਰਾਜਨੀਤਕ ਦਲਾਂ ਦੇ ਵਿਅਕਤੀਆਂ ਵਲੋਂ ਹੋਇਆ ਜਿਨ੍ਹਾਂ ਨੇ ਆਪਣੇ ਸਾਰੇ ਸੰਕੀਰਣ ਅਤੇ ਵਿਭਿੰਨ ਵਿਚਾਰਾਂ ਨੂੰ ਇਕ ਪਾਸੇ ਰਖਦੇ ਹੋਏ ਰਾਸ਼ਟਰੀ ਹਿਤਾਂ ਨੂੰ ਪਹਿਲ ਦਿੱਤੀ। ਇਹ ਭਾਰਤੀ ਲੋਕਤੰਤਰ ਦੀ ਪਰਿਪੱਕਤਾ ਅਤੇ ਅਕਲਮੰਦੀ ਨੂੰ ਸ਼ਰਧਾਂਜਲੀ ਹੈ।

ਨਵੀਂ ਟੈਕਸ ਪ੍ਰਣਾਲੀ ਦਾ ਪ੍ਰਮੁੱਖ ਫਾਇਦਾ ਇਹ ਹੋਵੇਗਾ ਕਿ ਟੈਕਸ ਦੇ ਉਤੇ ਟੈਕਸ ਲੱਗਣ ਦੇ ਨਤੀਜੇ ਵਜੋਂ ਜੋ ਲੜੀ ਬਣ ਜਾਂਦੀ ਸੀ ਉਸ ਦਾ ਪ੍ਰਭਾਵ ਹੁਣ ਖਤਮ ਹੋ ਜਾਵੇਗਾ। ਇਕ ਸ਼ਕਤੀਸ਼ਾਲੀ ਆਈ ਟੀ ਮੂਲ ਢਾਂਚੇ ਰਾਹੀਂ ਆਦਾਨ ਜਮ੍ਹਾਂ ਪ੍ਰਣਾਲੀ ਸੁਨਿਸ਼ਚਿਤ ਕਰਦੀ ਹੈ ਕਿ ਇਹ ਅੱਗੇ ਤੱਕ ਵਿਚਰ ਕੇ ਟੈਕਸ ਦੇਣਦਾਰੀਆਂ ਦੇ ਅਨੁਕੂਲ ਵਿਵਸਥਤ ਹੋ ਗਿਆ ਹੈ। ਇਹ ਸਿਰਫ ਉਪਭੋਗਤਾ ਦੀ ਸਹਾਇਤਾ ਕਰੇਗਾ। ਉੱਘੇ ਟੈਕਸ ਮਾਹਰ ਸ੍ਰੀ ਬ੍ਰਿਜ ਭੂਸ਼ਣ ਨੇ ਕਿਹਾ "ਵਸਤੂਆਂ ਅਤੇ ਸੇਵਾਵਾਂ ਦੀਆਂ ਕੀਮਤਾਂ ਘਟਣਗੀਆਂ। ਪਹਿਲਾਂ ਵਾਲੇ ਸਿਸਟਮ ਵਿੱਚ ਆਬਕਾਰੀ, ਸੇਵਾ ਟੈਕਸ, ਵੈਟ ਅਤੇ ਹੋਰ ਅਸਿੱਧੇ ਟੈਕਸ ਆਖਰੀ ਵਿਕਰੇਤਾ ਤੱਕ ਨਹੀਂ ਪਹੁੰਚਦੇ ਸਨ। ਪਰ ਜੀ ਐੱਸ ਟੀ ਵਿੱਚ ਜਮ੍ਹਾਂ ਪੈਸਾ ਕੀਮਤ ਕੜੀ ਦੇ ਆਖਰੀ ਪੱਧਰ ਉਤੇ ਪੂਰਤੀਕਰਤਾ ਤੱਕ ਜਾਂਦਾ ਹੈ ਜੋ ਫਿਰ ਉਪਭੋਗਤਾਵਾਂ ਤੱਕ ਤਬਦੀਲ ਹੁੰਦਾ ਜਾਂਦਾ ਹੈ।"

ਵਿੱਤ ਮੰਤਰੀ ਸ੍ਰੀ ਅਰੁਣ ਜੇਟਲੀ ਵੀ ਉਦਯੋਗ ਨੂੰ ਇਸ ਗੱਲ ਉਤੇ ਜ਼ੋਰ ਰਹੇ ਰਹੇ ਹਨ ਕਿ ਜੀ ਐੱਸ ਟੀ ਲਾਗੂ ਹੋਣ ਤੋਂ ਬਾਅਦ ਹੋਣ ਵਾਲੇ ਲਾਭਾਂ ਨੂੰ ਅੰਤ ਤੱਕ ਜਾਣ ਦਿੱਤਾ ਜਾਵੇ। ਉਨ੍ਹਾਂ ਆਸ ਜ਼ਾਹਿਰ ਕੀਤੀ ਕਿ ਆਮ ਆਦਮੀ ਤੱਕ ਫਾਇਦੇ ਪਹੁੰਚਣ ਨੂੰ ਯਕੀਨੀ ਬਣਾਉਣ ਵਾਸਤੇ ਸਰਕਾਰ ਨੂੰ ਮੁਨਾਫਾਖੋਰ ਵਿਰੋਧੀ ਵਿਭਾਗ ਰਾਹੀਂ ਆਪਣੀਆਂ ਸ਼ਕਤੀਆਂ ਦਾ ਇਸਤੇਮਾਲ ਨਹੀਂ ਕਰਨਾ ਪਵੇਗਾ।

ਇਥੋਂ ਤੱਕ ਕਿ ਰਾਸ਼ਟਰਪਤੀ ਸ੍ਰੀ ਮੁਖਰਜੀ ਨੇ ਵੀ ਕਿਹਾ ਕਿ ਸ਼ੁਰੂਆਤੀ ਪੱਧਰ ਉਤੇ ਵਿਘਨ ਪੈ ਸਕਦੇ ਹਨ ਪਰ ਇਹ ਉਸਾਰੂ ਵਿਘਨ ਹੁੰਦੇ ਹਨ। ਇਕ ਵਾਰ ਅਸੀਂ ਮੁਢਲੀਆਂ ਮੁਸ਼ਕਿਲਾਂ ਨੂੰ ਅਤੇ ਵਿਵਸਥਤ ਹੋ ਕੇ ਸ਼ੁਰੂਆਤੀ ਦੌਰ ਨੂੰ ਪਾਰ ਕਰ ਲਿਆ ਤਾਂ ਜੀ ਐੱਸ ਟੀ ਲੋਕ-ਹਿਤੈਸ਼ੀ, ਲੋਕਾਂ ਦੀ ਕਾਇਆ ਪਲਟ ਦੇਣ ਯੋਗ ਹੋਵੇਗਾ।

*(ਲੇਖਕ ਸੀਨੀਅਰ ਪੱਤਰਕਾਰ ਅਤੇ ਟਿੱਪਣੀਕਾਰ ਹੈ। ਉਹ ਜ਼ਿਆਦਾ ਰਾਜਨੀਤਕ, ਆਰਥਿਕਤਾ ਅਤੇ ਅੰਤਰਰਾਸ਼ਟਰੀ ਆਰਥਿਕ ਮੁੱਦਿਆਂ ਉਤੇ ਲਿਖਦਾ ਹੈ)*

ਬਜਟ ਸੁਧਾਰ

ਲੋਕ ਭਲਾਈ ਲਈ ਫ਼ੰਡਾਂ ਦੀ ਬਿਹਤਰ ਉਪਯੋਗਤਾ ਵਾਸਤੇ

ਬਜਟ ਪੇਸ਼ਕਾਰੀ ਦੀ ਤਾਰੀਖ ਅੱਗੇ ਵਧਾ ਕੇ 1 ਫ਼ਰਵਰੀ ਕੀਤੀ

- ਨਵੇਂ ਬਜਟ ਨੂੰ ਲਾਗੂ ਕਰਨ ਦੀ ਪ੍ਰਕਿਰਿਆ 1 ਜੂਨ ਦੀ ਥਾਂ 1 ਅਪ੍ਰੈਲ ਤੋਂ ਸ਼ੁਰੂ ਹੋ ਗਈ ਹੈ।
- ਬਜਟ ਲਈ ਰੱਖੇ ਫ਼ੰਡਾਂ ਦੀ ਉਪਯੋਗਤਾ ਲਈ ਉੱਚਿਤ ਸਮਾਂ ਉਪਲਬਧ ਹੈ।

**ਰੇਲਵੇ ਬਜਟ ਦਾ ਆਮ ਬਜਟ ਨਾਲ ਰਲੇਵਾਂ**

- ਰੇਲਵੇ ਨੂੰ ਸਰਕਾਰ ਦੀ ਵਿੱਤੀ ਨੀਤੀ ਦਾ ਅਟੁੱਟ ਹਿੱਸਾ ਬਣਾਉਣ ਲਈ


ਯੋਜਨਾ ਤੇ ਗ਼ੈਰ ਯੋਜਨਾ ਵਰਗੀਕਰਨ ਹਟਾਇਆ

- ਮੰਤਰਾਲਿਆਂ ਵਿੱਚ ਸੁਖਾਲਾ ਵਿਤਰਣ ਅਤੇ ਸੁਚੱਜੀ ਵਰਤੋਂ

ਯੋਜਨਾ ਕਮਿਸ਼ਨ ਦੀ ਥਾਂ ਨੀਤੀ ਆਯੋਗ

- ਨਵੇਂ ਭਾਰਤ ਦੀਆਂ ਜ਼ਰੂਰਤਾਂ ਅਤੇ ਤਾਂਘ ਦੀ ਪੂਰਤੀ ਲਈ ਨੀਤੀ-ਆਯੋਗ ਨੇ ਯੋਜਨਾ ਕਮਿਸ਼ਨ ਦੀ ਥਾਂ ਲਈ।
- ਪ੍ਰਸ਼ਾਸਕੀ ਬੋਰਡ ਵਿੱਚ ਸਾਰੇ ਰਾਜਾਂ ਦੇ ਮੁੱਖ ਮੰਤਰੀ ਸ਼ਾਮਲ, ਸਹਿਕਾਰੀ ਸੰਘਵਾਦ ਨੂੰ ਹੁਲਾਰਾ ਮਿਲਿਆ।

ਜੀ.ਐੱਸ.ਟੀ. ਇਕ ਰਾਸ਼ਟਰ ਇਕ ਟੈਕਸ



- ਜੀ ਐੱਸ ਟੀ ਜੋ ਪਿਛਲੇ ਕਈ ਸਾਲਾਂ ਤੋਂ ਆਮ ਸਹਿਮਤੀ ਦੀ ਘਾਟ ਕਾਰਨ ਲਟਕ ਰਿਹਾ ਸੀ, ਹੁਣ ਹਕੀਕਤ ਦਾ ਰੂਪ ਧਾਰ ਚੁੱਕਾ ਹੈ।
- ਸਹਿਕਾਰੀ ਸੰਘਵਾਦ ਲਈ ਸਰਕਾਰ ਦੀ ਪ੍ਰਤੀਬੱਧਤਾ ਦੀ ਇਕ ਸਪੱਸ਼ਟ ਮਿਸਾਲ।
- ਜੀ ਐੱਸ ਟੀ ਨਾਲ ਟੈਕਸ ਪ੍ਰਕਿਰਿਆ ਸਰਲ ਹੋ ਜਾਵੇਗੀ।
- ਜੀ ਐੱਸ ਟੀ ਖਪਤਕਾਰਾਂ, ਉਤਪਾਦਕਾਂ ਤੇ ਵਪਾਰੀਆਂ ਲਈ ਲਾਹੇਵੰਦ ਸਿੱਧ ਹੋਵੇਗਾ।

**"ਬੈਂਕਾਂ ਦਾ ਰਲੇਵਾਂ - ਪੰਜ ਸਹਾਇਕ ਬੈਂਕ ਅਤੇ ਭਾਰਤੀ ਮਹਿਲਾ ਬੈਂਕ ਦਾ ਸਟੇਟ ਬੈਂਕ ਆਫ ਇੰਡੀਆ ਨਾਲ ਰਲੇਵਾਂ"**

- ਗ਼ੈਰ ਸਰਗਰਮ ਸੰਪਤੀਆਂ ਉੱਤੇ ਸਖ਼ਤ ਕਾਰਵਾਈ - ਬੈਂਕਿੰਗ ਰੈਗੂਲੇਸ਼ਨ (ਸੋਧ) ਆਡੀਨੈਂਸ 2017
- ਡਿਫਾਲਟਰਾਂ 'ਤੇ ਦਿਵਾਲੀਆ ਕਾਨੂੰਨ ਤਹਿਤ ਕਰਨ ਲਈ ਹੁਕਮ ਜਾਰੀ ਕਰਨ ਦਾ ਅਧਿਕਾਰ ਭਾਰਤੀ ਰਿਜ਼ਰਵ ਬੈਂਕ ਨੂੰ ਦਿੱਤਾ।

ਗ਼ੈਰ ਜ਼ਰੂਰੀ ਅਤੇ ਪੁਰਾਣੇ ਕਾਨੂੰਨਾਂ ਦਾ ਖ਼ਾਤਮਾ

- 1824 ਕਾਨੂੰਨਾਂ ਨੂੰ ਖ਼ਤਮ ਕਰਨ ਲਈ ਸ਼ਨਾਖ਼ਤ, ਹੁਣ ਤੱਕ 1175 ਕਾਨੂੰਨ ਖ਼ਤਮ ਕੀਤੇ ਗਏ
- 105 ਹੋਰ ਕਾਨੂੰਨ ਖ਼ਤਮ ਕਰਨ ਦੇ ਲਈ ਇਕ ਹੋਰ ਬਿਲ ਲੋਕ ਸਭਾ 'ਚ ਪੇਸ਼ ਕੀਤਾ।

ਦੇਸ਼ ਦੀ ਆਨ ਬਾਨ ਸ਼ਾਨ ਦੀ ਰਾਖੀ

- ਇਕ ਇਤਿਹਾਸਕ ਕਦਮ ਚੁੱਕਦਿਆਂ, ਭਾਰਤੀ ਥਲ ਸੈਨਾ ਮਕਬੂਜ਼ਾ ਕਸ਼ਮੀਰ ਵਿੱਚ ਕਈ ਦਹਿਸ਼ਤਗਰਦ ਟਿਕਾਣਿਆਂ ਉਤੇ ਸਰਜੀਕਲ ਹਮਲੇ ਕੀਤੇ ਸਨ। ਭਾਰਤ ਆਪਣੀ ਕੂਟਨੀਤੀ ਸਦਕਾ ਇਸ ਕਦਮ ਲਈ ਵਿਸ਼ਵ ਪੱਧਰ 'ਤੇ ਹਮਾਇਤ ਲੈਣ ਵਿੱਚ ਸਫਲ ਰਿਹਾ।
- ਸਰਹੱਦ ਪਾਰ ਮਿਆਂਮਾਰ 'ਚ ਦਹਿਸ਼ਤਗਰਦਾਂ ਵਿਰੁੱਧ ਕਾਰਵਾਈ ਕੀਤੀ ਗਈ।
- ਇਕ ਵੱਡੀ ਕੂਟਨੀਤਕ ਜਿੱਤ ਵਜੋਂ, ਭਾਰਤ ਮਿਸਾਇਲ ਤਕਨੀਕ ਨਿਯੰਤ੍ਰਣ ਪ੍ਰਣਾਲੀ ਵਿੱਚ ਸ਼ਾਮਲ ਹੋਣ ਵਾਲਾ ਇਸ ਖੇਤਰ ਦਾ ਪਹਿਲਾ ਦੇਸ਼ ਬਣਿਆ।




ਤੁਹਾਡੇ ਵਿਚਾਰ ਪ੍ਰਧਾਨ ਮੰਤਰੀ ਕਰ ਸਕਦੇ ਹਨ ਪੂਰੇ ਦੇਸ਼ ਦੇ ਨਾਲ ਸਾਂਝੇ **'ਮਨ ਕੀ ਬਾਤ'** ਲਈ ਆਪਣੇ ਵਿਚਾਰ ਅਤੇ ਸੁਝਾਅ ਦਿਓ ... **1922** 'ਤੇ ਇਕ ਮਿਸਡ ਕਾਲ ਦਿਓ

ਸਤਯਮੇਵ ਜੈਯੰਤੇ
**ਭਾਰਤ ਸਰਕਾਰ**

'ਫ਼ੈਸਲਾਕੁੰਨ ਤੇ ਦਲੇਰ"
"ਸਰਕਾਰ"

"ਸਾਥ ਹੈ ਵਿਸ਼ਵਾਸ ਹੈ...ਹੋ ਰਿਹਾ ਵਿਕਾਸ ਹੈ"



# ਕੰਪੋਜ਼ੀਸ਼ਨ ਯੋਜਨਾ

ਜਿਨ੍ਹਾਂ ਛੋਟੇ ਉੱਦਮੀਆਂ ਅਤੇ ਵਪਾਰੀਆਂ ਨੂੰ ਜੀ ਐੱਸ ਟੀ ਮੁਸ਼ਕਿਲ ਪ੍ਰਣਾਲੀ ਲਗਦੀ ਹੈ ਉਨ੍ਹਾਂ ਲਈ ਸਰਕਾਰ ਕੰਪੋਜ਼ੀਸ਼ਨ ਯੋਜਨਾ ਲਿਆਈ ਹੈ। ਕੰਪੋਜ਼ੀਸ਼ਨ ਯੋਜਨਾ ਵਿੱਚ ਸਭ ਤੋਂ ਵੱਡੀ ਅਸਾਨੀ ਇਹ ਹੈ ਕਿ ਇਸ ਨੂੰ ਚੁਣਨ ਵਾਲੇ ਕਰਦਾਤਾ ਯਾਨੀ ਕਾਰੋਬਾਰੀ ਨੂੰ ਹਰ ਮਹੀਨੇ ਤਿੰਨ ਰਿਟਰਨਾਂ ਦਾਖਿਲ ਕਰਨ ਦੀ ਬਜਾਏ ਤਿੰਨ ਮਹੀਨਿਆਂ ਦੀ ਸੰਖੇਪ ਰਿਟਰਨ ਹੀ ਦਾਖਲ ਕਰਨੀ ਹੋਵੇਗੀ। ਇਨ੍ਹਾਂ ਕਾਰੋਬਾਰੀਆਂ ਨੂੰ ਆਮ ਕਾਰੋਬਾਰੀਆਂ ਦੀ ਤਰ੍ਹਾਂ ਤਿੰਨ ਨਹੀਂ ਸਗੋਂ ਸਿਰਫ਼ ਇਕ ਹੀ ਰਿਟਰਨ ਭਰਨੀ ਹੈ ਅਤੇ ਸਾਲ ਵਿੱਚ ਇਕ ਹੀ ਰਿਟਰਨ ਅਲਗ ਭਰਨੀ ਹੋਵੇਗੀ। ਪਰ ਇਸ ਨੂੰ ਸਿਰਫ ਵਸਤੂ ਯਾਨੀ ਵਸਤੂ ਦਾ ਕਾਰੋਬਾਰ ਕਰਨ ਵਾਲੇ ਹੀ ਚੁਣ ਸਕਦੇ ਹਨ। ਸੇਵਾ ਦਾ ਵਪਾਰ ਕਰਨ ਵਾਲਿਆਂ ਨੂੰ ਇਸ ਯੋਜਨਾ ਤੋਂ ਬਾਹਰ ਰਖਿਆ ਗਿਆ ਹੈ। ਇਸ ਨੂੰ ਸਿਰਫ ਉਹੀ ਚੁਣ ਸਕਦੇ ਹਨ ਜਿਨ੍ਹਾਂ ਦਾ ਸਾਲਾਨਾ ਕਾਰੋਬਾਰ 75 ਲੱਖ ਰੁਪਏ ਤੋਂ ਘੱਟ ਹੈ।

ਇਸ ਯੋਜਨਾ ਦੇ ਅਧੀਨ ਕਰ ਦੀਆਂ ਦਰਾਂ ਵੀ ਕਾਫ਼ੀ ਸਰਲ ਰਖੀਆਂ ਗਈਆਂ ਹਨ। ਕਿਸੇ ਵੀ ਵਸਤੂ ਨਿਰਮਾਤਾ ਨੂੰ ਇਸ ਦੇ ਅਧੀਨ 2 ਪ੍ਰਤਿਸ਼ਤ ਕਰ ਦੇਣਾ ਹੋਵੇਗਾ, ਰੇਸਤੋਰਾਂ ਕਾਰੋਬਾਰੀਆਂ ਨੂੰ 5 ਪ੍ਰਤਿਸ਼ਤ ਅਤੇ ਹੋਰ ਵਸਤੂਆਂ ਦੀ ਪੂਰਤੀ ਕਰਨ ਵਾਲਿਆਂ ਨੂੰ ਇਕ ਪ੍ਰਤਿਸ਼ਤ ਕਰ ਦੇਣਾ ਹੋਵੇਗਾ। ਜੀ ਐੱਸ ਟੀ ਦੇ ਅਧੀਨ ਕਿਸੇ ਵੀ ਕਰਦਾਤਾ ਨੂੰ ਵਸਤੂ ਦੀ ਖਰੀਦ, ਵਿਕਰੀ ਅਤੇ ਬਚੇ ਹੋਏ ਵਸਤੂ ਦਾ ਪੂਰਾ ਬਿਓਰਾ ਰਖਣਾ ਪੈਂਦਾ ਹੈ। ਪਰ ਕੰਪੋਜ਼ੀਸ਼ਨ ਯੋਜਨਾ ਵਿੱਚ ਸ਼ਾਮਲ ਕਰਦਾਤਾਵਾਂ ਨੂੰ ਇਸ ਤੋਂ ਵੀ ਮੁਕਤੀ ਮਿਲੀ ਹੋਈ ਹੈ। ਕੰਪੋਜ਼ੀਸ਼ਨ ਯੋਜਨਾ ਵਿੱਚ ਪੰਜੀਕਰਨ ਕਰਵਾਉਣ ਵਾਲੇ ਉਸ ਕਰ ਦੀ ਵਾਪਸੀ ਦਾ ਦਾਅਵਾ ਨਹੀਂ ਕਰ ਸਕਦੇ, ਜੋ ਉਨ੍ਹਾਂ ਨੂੰ ਵਸਤੂ ਦੇਣ ਵਾਲੇ ਕਾਰੋਬਾਰੀ ਨੇ ਉਸ ਵਸਤੂ ਉਤੇ ਚੁਕਾਇਆ ਹੋਵੇਗਾ।

ਇਸੇ ਤਰ੍ਹਾਂ ਇਨ੍ਹਾਂ ਕਾਰੋਬਾਰੀਆਂ ਤੋਂ ਵਸਤੂ ਖਰੀਦਣ ਵਾਲੇ ਖਰੀਦਦਾਰ ਵੀ ਸਮਾਨ ਉਤੇ ਕਰ ਵਾਪਸੀ ਯਾਨੀ ਅਗੇਤਾ ਕਰ ਕ੍ਰੈਡਿਟ ਦਾ ਦਾਅਵਾ ਨਹੀਂ ਕਰ ਸਕਦੇ। ਕੰਪੋਜ਼ੀਸ਼ਨ ਯੋਜਨਾ ਦਾ ਲਾਭ ਉਨ੍ਹਾਂ ਕਾਰੋਬਾਰੀਆਂ ਜਾਂ ਉੱਦਮੀਆਂ ਨੂੰ ਹੀ ਮਿਲ ਸਕਦਾ ਹੈ ਜਿਨ੍ਹਾਂ ਦਾ ਕਾਰੋਬਾਰ ਕਿਸੇ ਇਕ ਰਾਜ ਦੀ ਹੱਦ ਅੰਦਰ ਹੀ ਹੁੰਦਾ ਹੈ। ਇਸ ਦਾ ਮਤਲਬ ਇਹ ਹੈ ਕਿ ਜੇਕਰ ਕਾਰੋਬਾਰੀ ਆਪਣਾ ਕੱਚਾ ਮਾਲ ਕਿਸੇ ਦੂਜੇ ਰਾਜ ਤੋਂ ਮੰਗਵਾਉਂਦਾ ਹੈ ਜਾਂ ਤਿਆਰ ਵਸਤੂ ਕਿਸੇ ਦੂਜੇ ਰਾਜ ਵਿੱਚ ਭੇਜਦਾ ਹੈ ਤਾਂ ਉਹ ਇਸ ਯੋਜਨਾ ਵਿੱਚ ਸ਼ਾਮਲ ਨਹੀਂ ਹੋ ਸਕਦਾ।

**ਧੋਖੇ ਨਾਲ ਕੰਪੋਜ਼ੀਸ਼ਨ ਯੋਜਨਾ ਵਿੱਚ ਦਾਖਲ ਹੋਣਾ ਵੀ ਅਸਾਨ ਨਹੀਂ ਹੋਵੇਗਾ ਕਿਉਂਕਿ ਸਰਕਾਰ ਨੇ ਇਸ ਦੇ ਲਈ ਸਖਤ ਸਜ਼ਾ ਦਾ ਪ੍ਰਬੰਧ ਕੀਤਾ ਹੈ। ਜੇਕਰ ਕਰ ਵਿਭਾਗ ਨੂੰ ਲਗਦਾ ਹੈ ਕਿ ਇਸ ਯੋਜਨਾ ਵਿੱਚ ਸ਼ਾਮਲ ਹੋਣ ਦੇ ਲਈ ਜਾਣ ਬੁਝ ਕੇ ਕਾਰੋਬਾਰ ਘੱਟ ਦਿਖਾਇਆ ਗਿਆ ਹੈ ਤਾਂ ਉਸ ਕਾਰੋਬਾਰੀ ਤੋਂ ਉਨਾ ਟੈਕਸ ਇਕ-ਮੁਸ਼ਤ ਵਸੂਲ ਕੀਤਾ ਜਾਵੇਗਾ, ਜਿੰਨਾ ਇਸ ਯੋਜਨਾ ਤੋਂ ਬਾਹਰ ਰਹਿਣ ਉਤੇ ਉਸ ਨੂੰ ਦੇਣਾ ਪੈਂਦਾ। ਇੰਨਾ ਹੀ ਨਹੀਂ ਇਸ ਕਰ ਦੇ ਬਰਾਬਰ ਦੀ ਹੀ ਰਕਮ ਉਸ ਨੂੰ ਬਤੌਰ ਜੁਰਮਾਨਾ ਵੀ ਦੇਣੀ ਪਵੇਗੀ। ਇਸ ਦਾ ਮਤਲਬ ਹੈ ਕਿ ਜੇਕਰ ਕਿਸੇ ਕਾਰੋਬਾਰੀ ਉਤੇ ਆਮ ਹਾਲਾਤ ਵਿੱਚ 5 ਲੱਖ ਰੁਪਏ ਕਰ ਬਣਦਾ ਹੈ ਤਾਂ ਫ਼ਰਜੀਬਾੜੇ ਦੀ ਸੂਰਤ 'ਚ ਜੁਰਮਾਨੇ ਸਮੇਤ ਉਸ ਨੂੰ ਕੁੱਲ 10 ਲੱਖ ਰੁਪਏ ਭਰਨੇ ਪੈਣਗੇ।**

ਜੇਕਰ ਕਿਸੇ ਕਾਰੋਬਾਰੀ ਦਾ ਸਾਲਾਨਾ ਕਾਰੋਬਾਰ ਅੱਗੇ ਚੱਲ ਕੇ ਕੰਪੋਜ਼ੀਸ਼ਨ ਯੋਜਨਾ ਦੀ ਹੱਦ ਤੋਂ ਵੱਧ ਯਾਨੀ 75 ਲੱਖ ਰੁਪਏ ਤੋਂ ਵੱਧ ਹੋ ਜਾਂਦਾ ਹੈ ਤਾਂ ਉਸ ਨੂੰ ਆਮ ਜੀ ਐੱਸ ਟੀ ਪ੍ਰਣਾਲੀ ਵਿੱਚ ਜਾਣਾ ਪਵੇਗਾ। ਇਨ੍ਹਾਂ ਹਾਲਾਤ ਵਿੱਚ ਉਹ ਉਸੇ ਦਿਨ ਤੋਂ ਆਪਣੇ ਕੋਲ ਮੌਜੂਦ ਵਸਤੂ ਉਤੇ ਅਗਾਊਂ ਕਰ ਕ੍ਰੈਡਿਟ ਦਾ ਦਾਅਵਾ ਕਰ ਸਕਦਾ ਹੈ।

**ਲਾਭ** : ਕੰਪੋਜ਼ੀਸ਼ਨ ਯੋਜਨਾ ਵਾਕਈ ਛੋਟੇ ਕਾਰੋਬਾਰੀਆਂ ਦੇ ਲਈ ਖ਼ਾਸੀ ਫ਼ਾਇਦੇਮੰਦ ਹੈ। ਇਸ ਦੇ ਪ੍ਰਮੁੱਖ ਲਾਭ ਇਸ ਤਰ੍ਹਾਂ ਹਨ :

***ਘੱਟ ਕਾਗਜ਼ੀ ਝੰਜਟ :*** ਕਿਉਂਕਿ ਕਾਰੋਬਾਰੀ ਨੇ ਤਿੰਨ ਮਹੀਨਿਆਂ ਵਿੱਚ ਇਕ ਵਾਰ ਹੀ ਰਿਟਰਨ ਦਾਖਲ ਕਰਨੀ ਹੁੰਦੀ ਹੈ ਇਸ ਲਈ ਉਸ ਨੂੰ ਢੇਰ ਸਾਰੇ ਦਸਤਾਵੇਜ਼ ਆਪਣੇ ਕੋਲ ਰੱਖਣ ਦੀ ਲੋੜ ਨਹੀਂ ਹੁੰਦੀ। ਅਜਿਹੇ ਵਿੱਚ ਉਹ ਆਪਣੇ ਕਾਰੋਬਾਰ ਉਤੇ ਵਧੇਰੇ ਧਿਆਨ ਦੇ ਸਕਦਾ ਹੈ।

***ਘੱਟ ਕਰ ਦੇਣਦਾਰੀ :*** ਕਰ ਦੀ ਦਰ ਸਿਰਫ਼ 1, 2 ਅਤੇ 5 ਪ੍ਰਤਿਸ਼ਤ ਹੋਣ ਦੇ ਕਾਰਨ ਦੇਣਦਾਰੀ ਜ਼ਾਹਰ ਤੌਰ ਤੇ ਘੱਟ ਹੋ ਜਾਂਦੀ ਹੈ।

***ਵਧੇਰੇ ਕਾਰਜਸ਼ੀਲ ਪੂੰਜੀ :*** ਕੰਪੋਜ਼ੀਸ਼ਨ ਯੋਜਨਾ ਦੇ ਅਧੀਨ ਪੰਜੀਕਰਨ ਦਾ ਬਹੁਤ ਵੱਡਾ ਫ਼ਾਇਦਾ ਇਹ ਹੈ ਕਿ ਕਾਰੋਬਾਰੀ ਦੇ ਹੱਥ ਵਿੱਚ ਜ਼ਿਆਦਾ ਰਕਮ ਰਹਿੰਦੀ ਹੈ। ਕਿਉਂਕਿ ਆਮ ਕਰ ਦੇ ਮੁਕਾਬਲੇ ਘੱਟ ਕਰ ਭਰਨਾ ਪੈਂਦਾ ਹੈ। ਇਸ ਲਈ ਕਾਰੋਬਾਰੀ ਵਰਤੋਂ ਲਈ ਵੱਧ ਰਕਮ ਹੱਥ ਵਿੱਚ ਰਹਿੰਦੀ ਹੈ। ਆਮ ਕਾਰੋਬਾਰੀ ਨੂੰ ਵੱਧ ਕਰ ਦੇਣਾ ਪਵੇਗਾ ਤੇ ਇਨਪੁਟ ਕ੍ਰੈਡਿਟ ਉਸ ਨੂੰ ਉਦੋਂ ਹੀ ਮਿਲੇਗਾ ਜਦੋਂ ਉਹ ਰਿਟਰਨ ਦਾਖਲ ਕਰੇਗਾ।

ਇਸ ਤਰ੍ਹਾਂ ਉਸ ਦੀ ਕਾਰਜਸ਼ੀਲ ਪੂੰਜੀ ਦਾ ਵੱਡਾ ਹਿੱਸਾ ਹਰ ਸਮੇਂ ਅਗਾਊਂ ਕਰ ਦੇ ਰੂਪ ਵਿੱਚ ਫਸਿਆ ਰਹੇਗਾ। ਪਰ ਕੰਪੋਜ਼ੀਸ਼ਨ ਕਾਰੋਬਾਰੀ ਨੂੰ ਇਸ ਦੀ ਚਿੰਤਾ ਨਹੀਂ ਹੋਵੇਗਾ ਕਿਉਂਕਿ ਉਸ ਨੂੰ ਬਹੁਤ ਘੱਟ ਕਰ ਚੁਕਾਉਣਾ ਪਵੇਗਾ।

***ਮੁਕਾਬਲੇਬਾਜ਼ੀ ਦੀ ਸਮਰੱਥਾ :*** ਕਾਰੋਬਾਰੀ ਦੇ ਕੰਪੋਜ਼ੀਸ਼ਨ ਯੋਜਨਾ ਵਿੱਚ ਆਉਣ ਨਾਲ ਉਸ ਦੀ ਮੁਕਾਬਲੇਬਾਜ਼ੀ ਦੀ ਸਮਰੱਥਾ ਘੱਟ ਨਹੀਂ ਹੁੰਦੀ। ਉਸ ਨੂੰ ਆਮ ਕਾਰੋਬਾਰੀ ਤੋਂ ਵੱਧ ਮਾਰਜਿਨ ਮਿਲਦਾ ਹੈ, ਇਸ ਲਈ ਪੂੰਜੀ ਹੁੰਦਿਆਂ ਹੋਇਆਂ ਵੀ ਉਹ ਵੱਡੇ ਕਾਰੋਬਾਰੀ ਨਾਲ ਮੁਕਾਬਲਾ ਕਰ ਸਕਦਾ ਹੈ।

***ਨੁਕਸਾਨ :*** ਅਜਿਹਾ ਹੀ ਨਹੀਂ ਹੈ ਕਿ ਇਹ ਯੋਜਨਾ ਕਾਰੋਬਾਰੀਆਂ ਦੇ ਲਈ ਪੂਰੀ ਤਰ੍ਹਾਂ ਫ਼ਾਇਦੇਮੰਦ ਹੈ। ਕੁਝ ਵਪਾਰੀਆਂ ਲਈ ਇਹ ਨੁਕਸਾਨਦੇਹ ਵੀ ਹੋ ਸਕਦੀ ਹੈ :

*ਬਾਕੀ ਸਫ਼ਾ 53 ਉੱਤੇ*

# ਰਾਸ਼ਟਰੀ ਮੁਨਾਫਾਖ਼ੋਰੀ ਵਿਰੋਧੀ ਅਥਾਰਿਟੀ

ਹੁਣੇ ਜਿਹੇ ਹੀ ਵਸਤਾਂ ਅਤੇ ਸੇਵਾਵਾਂ ਕਰ ਕਾਨੂੰਨ – ਜੀ ਐੱਸ ਟੀ ਲਾਗੂ ਹੋਇਆ ਹੈ, ਉਸ ਦੀ ਇਕ ਪ੍ਰਮੁੱਖ ਵਿਸ਼ੇਸ਼ਤਾ ਮੁਨਾਫਾਖ਼ੋਰੀ ਵਿਰੋਧੀ ਕਦਮਾਂ ਨੂੰ ਲਾਗੂ ਕਰਨਾ ਹੈ। ਇਹ ਕਦਮ ਲੋਕਾਂ ਨੂੰ ਜੀ ਐੱਸ ਟੀ ਰਾਹੀਂ ਲੋੜ ਤੋਂ ਵੱਧ ਮੁਨਾਫਾ ਕਮਾਉਣ ਤੋਂ ਰੋਕਣ ਵਿੱਚ ਮਦਦ ਕਰੇਗਾ। ਕਿਉਂਕਿ ਜੀ ਐੱਸ ਟੀ ਤੋਂ, ਇਨਪੁਟ ਟੈਕਸ ਕ੍ਰੈਡਿਟ ਨਾਲ, ਅਸਲ ਵਿੱਚ ਕੀਮਤਾਂ ਘੱਟ ਕਰਨ ਦੀ ਆਸ ਕੀਤੀ ਜਾਂਦੀ ਹੈ, ਇਸ ਲਈ ਇਕ ਰਾਸ਼ਟਰੀ ਮੁਨਾਫਾਖ਼ੋਰੀ ਵਿਰੋਧੀ ਅਥਾਰਿਟੀ (ਐੱਨ ਏ ਏ) ਕਾਇਮ ਕੀਤੀ ਜਾ ਰਹੀ ਹੈ ਜੋ ਇਹ ਯਕੀਨੀ ਬਣਾਵੇਗੀ ਕਿ ਲਾਗਤਾਂ ਵਿੱਚ ਕਮੀ ਨਾਲ ਜੋ ਮੁਨਾਫਾ ਹੁੰਦਾ ਹੈ, ਉਹ ਖਪਤਕਾਰ ਤੱਕ ਪਹੁੰਚੇ। ਇਸ ਤੋਂ ਇਲਾਵਾ ਜੋ ਲੋਕ ਬਹੁਤ ਹੀ ਜ਼ਿਆਦਾ ਕੀਮਤਾਂ ਵਸੂਲਦੇ ਹਨ ਅਤੇ ਇਸ ਲਈ ਜੀ ਐੱਸ ਟੀ ਦਾ ਹਵਾਲਾ ਦਿੰਦੇ ਹਨ, ਇਹ ਸੰਸਥਾ ਉਨ੍ਹਾਂ ਉਤੇ ਕਾਬੂ ਪਾਵੇਗੀ।

ਮੁਨਾਫਾਖ਼ੋਰੀ ਵਿਰੋਧੀ ਨਿਯਮ, 2017 ਵਿੱਚ ਵਿਸਤਾਰ ਨਾਲ ਦੱਸਿਆ ਗਿਆ ਹੈ ਕਿ ਐੱਨ ਏ ਏ ਦੇ ਮੈਂਬਰਾਂ ਅਤੇ ਹੋਰ ਕਮੇਟੀਆਂ ਦੇ ਮੈਂਬਰਾਂ, ਜੋ ਕਿ ਸ਼ਿਕਾਇਤਾਂ ਦੀ ਜਾਂਚ ਵਿੱਚ ਐੱਨ ਏ ਏ ਦੀ ਮਦਦ ਕਰਨਗੀਆਂ, ਦੀ ਚੋਣ ਕੀਤੀ ਜਾਣੀ ਹੈ। ਇਸ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਜਾਂਚ ਲਈ ਕਿਹੜਾ ਢੰਗ ਅਪਣਾਇਆ ਜਾਣਾ ਹੈ ਅਤੇ ਅਥਾਰਿਟੀ ਨੂੰ ਕੀ ਅਧਿਕਾਰ ਦਿੱਤੇ ਜਾਣੇ ਹਨ।

ਨਿਯਮਾਂ ਅਨੁਸਾਰ, ਅਥਾਰਿਟੀ ਦਾ ਤਿੰਨ ਪੜਾਵੀ ਢਾਂਚਾ ਹੋਵੇਗਾ, ਜਿਸ ਵਿੱਚ ਮੁਨਾਫਾਖ਼ੋਰੀ ਵਿਰੁੱਧ ਇਕ ਸਟੈਂਡਿੰਗ ਕਮੇਟੀ ਹੋਵੇਗੀ, ਸੂਬਾ ਪੱਧਰ ਦੀਆਂ ਜਾਂਚ ਕਮੇਟੀਆਂ ਹੋਣਗੀਆਂ ਅਤੇ ਇਕ ਰਾਸ਼ਟਰੀ ਮੁਨਾਫਾਬਾਜ਼ੀ ਰੋਕੂ ਅਥਾਰਿਟੀ ਹੋਵੇਗੀ।

ਇਕ ਵਾਰੀ ਕਿਸੇ ਰਜਿਸਟਰਡ ਫਰਮ, ਜਿਸ ਨੇ ਨਾਜਾਇਜ਼ ਤੌਰ ਤੇ ਮੁਨਾਫਾ ਕਮਾਇਆ ਹੋਵੇਗਾ, ਦੀ ਪਛਾਣ ਹੋ ਜਾਵੇਗੀ ਤਾਂ ਉਸ ਨੂੰ ਇਕ ਤਾਂ ਜੋ ਕੀਮਤ ਵਿੱਚ ਭਾਰੀ ਵਾਧਾ ਕੀਤਾ ਹੋਵੇਗਾ ਤਾਂ ਉਸ ਨੂੰ ਇਸ ਕੀਤੇ ਅਥਾਹ ਵਾਧੇ ਨੂੰ ਘਟਾਉਣ ਲਈ ਕਿਹਾ ਜਾ ਸਕਦਾ ਹੈ ਅਤੇ ਦੂਜਾ ਜੀ ਐੱਸ ਟੀ ਕਾਰਨ ਜੇ ਲਾਗਤ ਵਿੱਚ ਹੋਈ ਕਮੀ ਦਾ ਲਾਭ ਖਪਤਕਾਰਾਂ ਤੱਕ ਨਹੀਂ ਪਹੁੰਚਾਇਆ ਗਿਆ ਹੋਵੇਗਾ, ਤਾਂ ਉਸ ਨੂੰ ਕੀਮਤ ਵਿੱਚ ਵਾਧੇ ਦੇ ਬਰਾਬਰ ਰਕਮ ਉਸ ਤਰੀਕ ਤੋਂ, ਜਦ ਕਿ ਗਾਹਕ ਨੇ ਉਹ ਖਰੀਦੀ ਹੋਵੇਗੀ, 18 ਪ੍ਰਤਿਸ਼ਤ ਵਿਆਜ ਸਮੇਤ ਵਾਪਸ ਮੋੜਨੀ ਪਵੇਗੀ। ਅਥਾਰਿਟੀ ਮੁਨਾਫਾਖ਼ੋਰੀ ਨੂੰ ਜੁਰਮਾਨਾ ਕਰ ਸਕਦੀ ਹੈ ਜਾਂ ਉਸ ਦੀ ਰਜਿਸਟਰੇਸ਼ਨ ਰੱਦ ਕਰ ਸਕਦੀ ਹੈ।

ਜੇ ਅਸੀਂ ਕੁੱਝ ਅਜਿਹੇ ਦੇਸ਼ਾਂ, ਜਿਵੇਂ ਕਿ ਸਿੰਗਾਪੁਰ ਅਤੇ ਆਸਟ੍ਰੇਲੀਆ, ਜਿਨ੍ਹਾਂ ਨੇ ਜੀ ਐੱਸ ਟੀ ਲਾਗੂ ਕੀਤਾ ਹੋਇਆ ਹੈ, ਦੇ ਤਜਰਬੇ ਵੱਲ ਵੇਖੀਏ ਤਾਂ ਪਤਾ ਲਗੇਗਾ ਕਿ ਉਥੇ ਜੀ ਐੱਸ ਟੀ ਲਾਗੂ ਹੋਣ ਤੋਂ ਬਾਅਦ ਕਰੰਸੀ ਦੇ ਪਸਾਰ ਵਿੱਚ ਵਾਧਾ ਹੋਇਆ ਹੈ। ਮਲੇਸ਼ੀਆ ਵਿੱਚ ਵੀ ਕਰੰਸੀ ਦਾ ਪਸਾਰ ਵਧਿਆ ਹੈ ਪਰ ਉਸ ਨੇ ਮੁਨਾਫਾਖ਼ੋਰੀ ਵਿਰੋਧੀ ਕਾਨੂੰਨ ਨੂੰ ਸਖਤੀ ਨਾਲ ਲਾਗੂ ਕਰਕੇ ਇਸ ਉੱਤੇ ਕਾਬੂ ਪਾਇਆ।

ਇਕ ਫਾਰਮੂਲਾ ਤਿਆਰ ਕੀਤਾ ਗਿਆ ਜਿਸ ਵਿੱਚ ਕਿ ਜੀ ਐੱਸ ਟੀ ਲਾਗੂ ਹੋਣ ਤੋਂ ਪਹਿਲਾਂ ਦੇ ਸਮੁੱਚੇ ਮੁਨਾਫੇ ਦੀ ਜੀ ਐੱਸ ਟੀ ਲਾਗੂ ਹੋਣ ਤੋਂ ਬਾਅਦ ਦੇ ਮੁਨਾਫੇ ਨਾਲ ਤੁਲਨਾ ਕੀਤੀ ਗਈ ਕਿ ਕਿਤੇ ਬਾਅਦ ਦਾ ਮੁਨਾਫਾ ਘਟਿਆ ਤਾਂ ਨਹੀਂ। ਮੁਨਾਫੇ ਦਾ ਹਿਸਾਬ ਸਪਲਾਇਰ ਦੀ ਲਾਗਤ, ਵਪਾਰ ਨੂੰ ਵਧਾਉਣ ਲਈ ਆਈ ਲਾਗਤ, ਮਾਰਕੀਟ ਦੇ ਹਾਲਾਤ ਅਤੇ ਹੋਰ ਸੰਬੰਧਤ ਮੁੱਦਿਆਂ ਨੂੰ ਧਿਆਨ ਵਿੱਚ ਰੱਖ ਕੇ ਲਗਾਇਆ ਗਿਆ।

ਜੇ ਇਕ ਸੁਪਰ ਮਾਰਕੀਟ ਖਾਣ ਪੀਣ ਦਾ ਸਮਾਨ ਇਹ ਕਹਿ ਕੇ ਵੱਧ ਭਾਅ ਉਤੇ ਵੇਚਦੀ ਹੈ ਕਿ ਇਹ ਜੀ ਐੱਸ ਟੀ ਲਾਗੂ ਹੋਣ ਕਾਰਨ ਵਧਿਆ ਹੈ ਤਾਂ ਕੋਈ ਵੀ ਵਿਅਕਤੀ ਰਾਸ਼ਟਰੀ ਮੁਨਾਫਾਬਾਜ਼ੀ ਵਿਰੋਧੀ ਅਥਾਰਿਟੀ (ਐੱਨ ਏ ਏ) ਕੋਲ ਸ਼ਿਕਾਇਤ ਦਰਜ ਕਰਵਾ ਸਕਦਾ ਹੈ। ਇਸੇ ਤਰ੍ਹਾਂ ਜੇ ਸਾਬਣ ਦੀ ਕੀਮਤ ਘੱਟ ਹੋਈ ਹੈ ਪਰ ਦੁਕਾਨਦਾਰ ਪੁਰਾਣੇ ਭਾਅ ਉਤੇ ਹੀ ਵੇਚ ਰਿਹਾ ਹੈ ਤਾਂ ਇਸ ਸੰਬੰਧ ਵਿੱਚ ਐੱਨ ਏ ਏ ਕੋਲ ਸ਼ਿਕਾਇਤ ਦਰਜ ਕਰਵਾਈ ਜਾ ਸਕਦੀ ਹੈ। ਅਥਾਰਿਟੀ ਇਹ ਯਕੀਨੀ ਬਣਾਵੇਗੀ ਕਿ ਜੀ ਐੱਸ ਟੀ ਹੇਠ ਟੈਕਸ ਘਟਣ ਦਾ ਲਾਭ ਲੋਕਾਂ ਤੱਕ ਪਹੁੰਚੇ। ਅਥਾਰਿਟੀ ਕੋਲ ਇਹ ਵੀ ਅਧਿਕਾਰ ਹੋਵੇਗਾ ਕਿ ਕਿਸੇ ਕੰਪਨੀ ਨੂੰ ਕੀਮਤ ਘੱਟ ਕਰਨ ਲਈ ਮਜਬੂਰ ਕਰ ਸਕਦੀ ਹੈ ਅਤੇ ਰਕਮ ਗਾਹਕਾਂ ਨੂੰ ਵਾਪਸ ਕਰ ਸਕਦੀ ਹੈ ਜਾਂ ਖਪਤਕਾਰ ਭਲਾਈ ਫੰਡ ਵਿੱਚ ਜਮ੍ਹਾਂ ਕਰਵਾ ਸਕਦੀ ਹੈ। ਨਵੀਂ ਅਥਾਰਿਟੀ ਕੋਲ ਇਹ ਅਧਿਕਾਰ ਵੀ ਹੋਵੇਗਾ ਕਿ ਜੇ ਕਿਸੇ ਕੰਪਨੀ ਵਿਰੁੱਧ ਸ਼ਿਕਾਇਤ ਮਿਲੀ ਹੋਵੇ ਤਾਂ ਉਸ ਕੰਪਨੀ ਦੇ ਨੁਮਾਇੰਦੇ ਨੂੰ ਪੇਸ਼ ਹੋਣ ਲਈ ਕਹਿ ਸਕਦੀ ਹੈ ਤੇ ਉਸ ਵਿਰੁੱਧ ਹੋਰ ਸਰਕਾਰੀ ਵਿੰਗਾਂ ਜਿਵੇਂ ਕਿ ਡਾਇਰੈਕਟੋਰੇਟ ਆਫ ਡਾਟਾ ਅਨੈਟਿਕਸ ਜਾਂ ਡਾਇਰੈਕਟੋਰੇਟ ਜਨਰਲ ਆਫ ਜੀ ਐੱਸ ਟੀ ਤੋਂ ਜਾਂਚ ਸ਼ੁਰੂ ਕਰਵਾ ਸਕਦੀ ਹੈ। ਇਸ ਦੇ ਹੁਕਮਾਂ ਵਿਰੁੱਧ ਸਿਰਫ ਹਾਈ ਕੋਰਟ ਵਿੱਚ ਹੀ ਅਪੀਲ ਹੋ ਸਕੇਗੀ। ❑❑

*ਸਫ਼ਾ 52 ਦਾ ਬਾਕੀ*

***ਛੋਟਾ ਦਾਇਰਾ :*** ਇਸ ਯੋਜਨਾ ਦੇ ਅਧੀਨ ਆਉਣ ਵਾਲੇ ਕਾਰੋਬਾਰੀ ਆਪਣੇ ਰਾਜ ਤੋਂ ਬਾਹਰ ਵਪਾਰ ਨਹੀਂ ਕਰ ਸਕਦੇ। ਨਾ ਤਾਂ ਉਹ ਬਾਹਰ ਤੋਂ ਮਾਲ ਮੰਗਵਾ ਸਕਦੇ ਹਨ ਅਤੇ ਨਾ ਹੀ ਉਥੇ ਮਾਲ ਭੇਜ ਸਕਦੇ ਹਨ। ਇਸ ਤਰ੍ਹਾਂ ਉਨ੍ਹਾਂ ਦਾ ਦਾਇਰਾ ਸੀਮਤ ਹੋ ਜਾਵੇਗਾ।

***ਅਗਾਊਂ ਕਰ ਕ੍ਰੈਡਿਟ ਨਹੀਂ :*** ਆਮ ਕਾਰੋਬਾਰੀ ਖਰੀਦੇ ਗਏ ਮਾਲ ਉਤੇ ਚੁਕਾਏ ਗਏ ਕਰ ਨੂੰ ਵਾਪਸ ਮੰਗ ਸਕਦਾ ਹੈ ਯਾਨੀ ਅਗਾਊਂ ਕਰ ਕ੍ਰੈਡਿਟ ਲੈ ਸਕਦਾ ਹੈ ਪਰ ਕੰਪੋਜ਼ੀਸ਼ਨ ਯੋਜਨਾ ਵਾਲੇ ਕਾਰੋਬਾਰੀਆਂ ਨੂੰ ਇਹ ਸਹੂਲਤ ਨਹੀਂ ਮਿਲਦੀ ਹੈ। ❑❑


PUBLICATIONS DIVISION
website: publicationsdivision.nic.in
Some Prestigious Titles Now Available Online
India 2016 (also available as eBook)
Bharat 2016 (also available as eBook)
Legends of Indian Silver Screen (also available as eBook)
Abode Under The Dome
Winged Wonders of Rashtrapati Bhavan
Right of The Line : The President's Bodyguard
Indra Dhanush
The Presidential Retreats of India
Rashtrapati Bhawan
Belief In The Ballot (also available as eBook)
Gandhi : Jeevan Aur Darshan (hindi)
1857 The Uprising
Sardar Patel-Sachitra Jeevni(hindi) (also available as eBook)
Sardar Patel - A Pictorial Biography (also available as eBook)
Basohli Painting
Kangra Painting
Indian Women : Contemporary Essays
Bharat Ki Ekta Ka Nirman (hindi) (also available as eBook)
Yuva Sanyasi (hindi)
Gazetteer of India Vol.2
The Geet Govinda of Shri Jaydev
Who's Who of Indian Martyrs (Vol-I)
Who's Who of Indian Martyrs (Vol-II)
Saga of Valour
Some Aspects of Indian Culture
Art & Science of Playing Tabla (also available as eBook)
Indian Classical Dance
Celebration of Life : Indian Folk Dance
Nataraja
Bengali Theatre: 200 Years (also available as eBook)
Bihari Satsai (hindi)
Bihari Satsai - A Commentary
Eye In Art
Looking Again At Indian Art
The Life of Krishna In Indian Art
Pahari Painting of Nala Damayanti Theme
Ajanta Ka Vaibhav (hindi)
Bharatiya Kala - Udhbhav Aur Vikas (hindi)
Bharatiya Chitrakala Main Sangeet Tatva (hindi)
South Indian Paintings
Garhwal Chitrakala (hindi)
A Moment In Time
Samay, Cinema Aur Itihas (hindi)
Indian Cinema Through The Century
Bharatiya Cinema Ka Safarnama (hindi)
A History of Socialism
Lamps of India
Bharat Ke Durg (hindi)
Wood Carving of Gujarat
Lawns And Gardens
Paryavaran Sanrakshan : Chunotiyan Aur Samadhan (hindi)
eBooks
Lokmanya Bal Gangadhar Tilak
The Gospel of Buddha
Introduction To Indian Music
Sardar Vallabhbhai Patel
Sardar Vallabhbhai Patel (Adhunik Bharat Ke Nirmata Series)
Lauh Purush Sardar Patel
Aise They Bapu
Mahatama Gandhi -A Pictorial Biography
Gandhi In Champaran
Mahatma Gandhi And One World
Printed Books available at flipkart.com
eBooks at kobo.com